# ਚਿਰਾਗ

ਜਨਵਰੀ-ਮਾਰਚ 1999

**January -March 1999**

ਸੰਪਾਦਕ: ਹਰਭਜਨ ਸਿੰਘ ਹੁੰਦਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਚਿਰਾਗ ਦਾ ਇਹ ਅੰਕ ਹਰਪ੍ਰੀਤ ਸਿੰਘ ਹੁੰਦਲ ਤੋਂ ਪ੍ਰਾਪਤ ਹੋਇਆ।

# ਚਿਰਾਗ



ਮੁੱਲ : ਦਸ ਰੁਪਏ -27- ਜਨਵਰੀ-ਮਾਰਚ, 1999

# ਚਿਰਾਗ਼ (ਤਿਮਾਹੀ)

ਜਨਵਰੀ-ਮਾਰਚ, 1999

**ਸੰਪਾਦਕ** : ਹਰਭਜਨ ਸਿੰਘ ਹੁੰਦਲ

**ਪ੍ਰਤੀਨਿਧ** : ਅਵਤਾਰ ਸਾਦਕ (ਯੂ.ਕੇ.).
ਮਾਨ ਸਿੰਘ ਭਾਰਗਵ (ਜੰਮੂ)

**ਸੰਪਾਦਕੀ ਮੰਡਲ** : ਡਾ. ਕਰਮਜੀਤ ਸਿੰਘ
ਸੁਰਜੀਤ ਗਿੱਲ, ਸੂਫ਼ੀ ਅਮਰਜੀਤ


- **ਸੰਪਾਦਕੀ ਟਿਪਣੀਆਂ** :
- **ਇਸ ਵਾਰ ਦਾ ਵਿਸ਼ੇਸ਼ ਕਵੀ** : ਹਿੰਦੀ ਕਵੀ ਨਾਗਾਰਜਨ ਦੀਆਂ ਦਸ ਕਵਿਤਾਵਾਂ ।
- **ਕਹਾਣੀ** : ਧਰਮਪਾਲ ਸਾਹਿਲ, ਫਰਾਂਜ਼ ਕਾਫਕਾ, ਜਸਵੀਰ ਕਲਸੀ, ਸੁਲੱਖਣ ਮੀਤ
- **ਵਾਘਿਓਂ ਪਾਰ** : ਕਹਾਣੀ (ਅਹਿਮਦ ਰਸ਼ੀਦ ਭੱਟੀ) ਕਹਾਣੀ ਬਾਰੇ ਇਕ ਗੱਲ (ਅਫ਼ਜ਼ਲ ਤੌਸੀਫ਼) ਗ਼ਜ਼ਲਾਂ (ਫ਼ਖ਼ਰ ਜ਼ਮਾਂ, ਬਾਬਾ ਮੁਹੰਮਦ ਤੁਫ਼ੈਲ ਅਕਬਰ, ਮੁਨੀਰ ਸ਼ਾਦ, ਜਾਵੇਦ ਰਾਏ, ਬਾਬਾ ਨਜ਼ਮੀਂ, ਨਾਦਰ ਜਾਜ਼ਵੀ (ਮਜ਼ਹਰ ਤਿਰਮਜ਼ੀ ਦੀਆਂ ਚਾਰ ਨਜ਼ਮਾਂ ।
- **ਗ਼ਜ਼ਲਾਂ** : ਮੱਖਣ ਕੁਹਾੜ, ਸੁਰਿੰਦਰ ਸੋਹਲ, ਐਸ. ਤਰਸੇਮ, ਸੁਲੱਖਣ ਸਰਹੱਦੀ, ਰਾਮਿੰਦਰ ਸਿੰਘ ਬੇਰੀ, ਜਗਰੂਪ ਵਿਸ਼ਵਾਸ਼, ਬਚਨ ਸਿੰਘ ਮੌਜ, ਭਜਨ ਆਦਿ ।
- **ਨਜ਼ਮਾਂ** : ਨਵਤੇਜ ਭਾਰਤੀ. ਹਰਭਜਨ ਸਿੰਘ ਹੁੰਦਲ, ਪ੍ਰੇਮ ਸਾਹਿਲ (ਤਿੰਨ ਨਜ਼ਮਾਂ) ।
- **ਨਵੇਂ ਚਿਹਰੇ** : ਜੈਪਾਲ, ਗੁਰਦਿਆਲ ਪੱਲਾ, ਨੂਰ ਸੰਤੋਖ ਪੁਰੀ, ਮਨਦੀਪ ਪੰਧੇਰ, ਗੁਰਬਖ਼ਸ਼ ਭੰਡਾਲ, ਨਵਰੀਤ, ਹਰਮਿੰਦਰ ਮਾਲੜੀ ।
- **ਵਿਚਾਰ ਚਰਚਾ** : ਕਾਵਿ-ਕਲ' (ਹਰਭਜਨ ਸਿੰਘ ਹੁੰਦਲ) ਰਿਗ ਵੇਦ (ਕਾ. ਨਮੂਦਰੀਪਾਦ) ਉੱਤਰ-ਆਧੁਨਿਕਤਾ ਦੇ ਅੰਤਰ ਵਿਰੋਧ (ਰਾਜਾ ਰਾਮ ਭਾਦੂ)
- **ਪੁਸਤਕ ਪੜਚੋਲ** : ਧਾਰਾਂ ਵਾਲਾ ਪੁਲ (ਡਾ: ਸੁਰਿੰਦਰ ਸਾਂਤ) ਮੱਛਰ ਗੰਜ, ਯੋਧੇ (ਸੁਰਜੀਤ ਗਿਲ) ਸੁਪਨਿਆਂ ਦੀ ਜੂਹ ਕੈਨੇਡਾ (ਹਰਬੰਸ ਚਾਹਲ।
- **ਖਿਆਲ ਆਪੋ ਆਪਣਾ** : ਬਹਾਦਰ ਸਾਬੀ, ਨੂਰ ਸੰਤੋਖ ਪੁਰੀ, ਕਸ਼ਮੀਰ ਨੀਰ, ਕੇ. ਐਲ ਗਰਗ, ਲਾਲ ਸਿੰਘ, ਕੇਵਲ ਸਿੰਘ ਪ੍ਰਵਾਨਾ ।
- **ਵਿਸ਼ਵ ਕਵਿਤਾ** : ਮੈਨੂੰ ਉਡੀਕੀਂ (ਕਨਸਤੈਨਤਿਨ ਸਿਮੋਨਵ)


ਪ੍ਰਕਾਸ਼ਨ ਮਿਤੀ : 15 ਫਰਵਰੀ, 1999

**Postal Address :**
Harbhajan Singh Hundal,
V. Fatu Chak,
P.O. Dhilwan,
Distt. Kapurthala-144804
(Pb.) India.

**ਚੰਦਿਆਂ ਦਾ ਵੇਰਵਾ :**

| | | |
|---|---|---|
| ਦੇਸ਼ ਵਾਰਸ਼ਿਕ | : | 40 ਰੁਪਏ |
| ਇਕ ਪਰਚਾ | : | 10 ਰੁਪਏ |
| ਸੰਸਥਾਵਾਂ (ਵਾਰਸ਼ਿਕ) | : | 50 ਰੁਪਏ |
| **ਬਦੇਸ਼, ਯੂ ਕੇ.** | : | 5 ਪੌਂਡ |
| ਵਾਰਸ਼ਿਕ (ਹੋਰ ਦੇਸ਼) | : | 300 ਰੁਪਏ |

ਚਿਰਾਗ਼ ਡਾਇਰੈਕਟਰ ਸਿਖਿਆ ਵਿਭਾਗ (ਸ) ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/1—96 ਐਡੀਟਰ (ਪੰ) ਮਿਤੀ 3-9-1996 ਦੇ ਅਨੁਸਾਰ ਹਾਈ/ਹਾਇਰ ਸੈਕੰਡਰੀ ਸਕੂਲਾਂ ਲਈ ਪ੍ਰਵਾਨ ਹੈ ।



## 1. ਸਭਿਆਚਾਰ ਦੇ ਨਾਮ ਉਪਰ ਗੁੰਡਾਗਰਦੀ ਦਾ ਵਿਰੋਧ ਜ਼ਰੂਰੀ

ਅਸੀਂ ਅਜਿਹੇ ਸਮਿਆਂ ਵਿਚ ਵਿਚਰ ਰਹੇ ਹਾਂ ਜਿੱਥੇ ਧਾਰਮਿਕ ਕੱਟੜਤਾ ਵੱਧ ਰਹੀ ਹੈ। ਧਰਮ ਤੇ ਰਾਜਨੀਤੀ ਨੂੰ ਰਲਗੱਡ ਕੀਤਾ ਜਾ ਰਿਹਾ ਹੈ। ਅਜਿਹੀ ਰਲਗੱਡ ਰਾਜਨੀਤੀ ਨਾਲ ਮੁਜਰਮਾਂ ਦਾ ਤਾਲਮੇਲ ਹੋਇਆ ਹੋਵੇ ਤਾਂ ਸੱਚਮੁਚ ਸਥਿਤੀ ਖ਼ਤਰਨਾਕ ਬਣ ਜਾਂਦੀ ਹੈ। ਇਹ ਮੌਕਾ ਮੇਲ ਹੀ ਸਮਝੋ ਕਿ ਸੰਪ੍ਰਦਾਇਕ ਤਾਕਤਾਂ ਪੂਰੀ ਬਹੁਸੰਮਤੀ ਨਾਲ ਕੇਂਦਰ ਵਿਚ ਸਥਾਪਿਤ ਨਹੀਂ। ਜੇ ਹੁੰਦੀਆਂ ਤਾਂ ਜੋ ਕੁਝ ਹੁਣ ਦੇਖਣ ਨੂੰ ਮਿਲ ਰਿਹਾ ਹੈ, ਉਸਦਾ ਭਿਆਨਕ ਰੂਪ ਕੀ ਹੋ ਸਕਦਾ ਸੀ ਉਸਦੀ ਕਲਪਨਾ ਕੀਤੀ ਜਾ ਸਕਦੀ ਹੈ। ਸਾਡਾ ਸਰੋਕਾਰ ਇਨ੍ਹਾਂ ਤਾਕਤਾਂ ਵਲੋਂ ਸਾਹਿਤ-ਸਭਿਆਚਾਰ ਉਪਰ ਕੀਤੇ ਫਾਸ਼ੀ ਹਮਲਿਆਂ ਨਾਲ ਹੈ। ਜਦੋਂ ਦੀਆਂ ਇਹ ਤਾਕਤਾਂ (ਬੀ. ਜੇ. ਪੀ.) ਸੱਤਾ ਵਿਚ ਆਈਆਂ ਹਨ, ਉਦੋਂ ਤੋਂ ਹੀ ਇਨ੍ਹਾਂ ਦੀ ਆਰ. ਐਸ. ਐਸ. ਨੇ ਆਪਣੀਆਂ ਸ਼ਾਖਾਵਾਂ ਬਜਰੰਗ ਦਲ, ਵੀ. ਐਚ. ਪੀ, ਹਿੰਦੂ ਜਾਗਰਣ ਮੰਚ ਆਦਿ ਨੂੰ ਬੇਹੱਦ ਸਕ੍ਰਿਆ ਕਰ ਦਿੱਤਾ ਹੈ। ਬੀ. ਜੇ. ਪੀ. ਬਹੁ-ਸੰਮਤੀ ਵਿਚ ਨਾ ਹੋਣ ਕਾਰਨ ਦੂਸਰੀਆਂ ਸਹਿਯੋਗੀ ਪਾਰਟੀਆਂ ਦੇ ਰਹਿਮੋ-ਕਰਮ ਤੇ ਫੂਕ-ਫੂਕ ਕੇ ਕਦਮ ਚੁੱਕ ਰਹੀ ਹੈ ਪਰ ਨਾਲ ਹੀ ਆਪਣੀਆਂ ਸਹਿਯੋਗੀ ਜਥੇਬੰਦੀਆਂ ਨੂੰ ਸ਼ਹਿ ਵੀ ਦੇ ਰਹੀ ਹੈ ਅਤੇ ਉਨ੍ਹਾਂ ਦੀ ਗੁੰਡਾਗਰਦੀ ਨੂੰ ਸਹਿਣ ਹੀ ਨਹੀਂ ਕਰ ਰਹੀ ਸਗੋਂ ਉਨ੍ਹਾਂ ਨੂੰ ਬਚਾ ਵੀ ਰਹੀ ਹੈ। ਜਿਨ੍ਹਾਂ ਸੂਬਿਆਂ ਵਿਚ ਇਨ੍ਹਾਂ ਦੀ ਸਰਕਾਰ ਹੈ ਉਥੇ ਤਾਂ ਘੱਟ ਗਿਣਤੀਆਂ ਉਪਰ ਹਮਲੇ ਹੋਏ ਹਨ। ਘੱਟ ਗਿਣਤੀਆਂ ਨੂੰ ਧਰਮ-ਪਰਿਵਰਤਨ ਦੇ ਨਾਂ ਤੇ ਸੂਬਾ ਛੱਡਣ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ। ਇਤਿਹਾਸ ਨੂੰ ਤੋੜਿਆ ਮਰੋੜਿਆ ਜਾ ਰਿਹਾ ਹੈ ਅਤੇ ਸੰਪ੍ਰਦਾਇਕ ਦ੍ਰਿਸ਼ਟੀ ਅਨੁਸਾਰ ਦੁਬਾਰਾ ਲਿਖਕੇ ਪਾਠ ਪੁਸਤਕਾਂ ਵਿਚ ਸ਼ਾਮਿਲ ਕੀਤਾ ਜਾ ਰਿਹਾ ਹੈ। ਮੌਕਾ ਪਾ ਕੇ ਬਾਲ ਠਾਕਰੇ ਜਿਹੇ ਅਤਿਵਾਦੀ ਰੁਝਾਨਾਂ ਵਾਲੇ ਲੋਕ ਵੀ ਆਪਣੇ ਫੁਰਮਾਨ ਜਾਰੀ ਕਰ ਰਹੇ ਹਨ। ਉਸਨੂੰ ਪਤਾ ਹੈ ਕਿ ਬੀ. ਜੇ. ਪੀ. ਮਹਾਂਰਾਸ਼ਟਰ ਵਿਚ ਉਸਤੋਂ ਨਿਖੇੜ ਨਹੀਂ ਸਕਦੀ।

ਇਨ੍ਹਾਂ ਪ੍ਰਸਥਿਤੀਆਂ ਵਿਚ ਐਮ. ਐਫ. ਹੁਸੈਨ ਦੀਆਂ ਕਲਾ ਕਿਰਤਾਂ ਨੂੰ ਤਬਾਹ ਕੀਤਾ ਗਿਆ ਹੈ। ਗੁਲਾਮ ਅਲੀ ਦੀ ਮਹਿਫਲ ਨੂੰ ਬੰਬਈ ਵਿਚ ਭੰਗ ਕੀਤਾ ਗਿਆ ਤੇ ਉਸਨੇ ਛੁਪ ਕੇ ਜਾਨ ਬਚਾਈ। ਦੀਪਾ ਮਹਿਤਾ ਦੀ ਫਿਲਮ 'ਫਾਇਰ' ਉਪਰ ਹਮਲੇ ਅਜੇ ਵੀ ਜਾਰੀ ਹਨ। ਪਾਕਿਸਤਾਨੀ ਕ੍ਰਿਕਟ ਟੀਮ ਨੂੰ ਭਾਰਤ ਵਿਚ ਨਾ ਖੇਡਣ ਦੇਣ ਲਈ ਸ਼ਿਵ ਸੈਨਾ ਵਲੋਂ ਗੁੰਡਾਗਰਦੀ ਆਖਿਰ ਤਕ ਜਾਰੀ ਰਹੀ। ਇਨ੍ਹਾਂ ਸਾਰੀਆਂ ਘਟਨਾਵਾਂ ਪਿੱਛੇ ਬੜੀਆਂ ਥੋਥੀਆਂ ਦਲੀਲਾਂ ਦਿੱਤੀਆਂ ਜਾ ਰਹੀਆਂ ਹਨ। ਹੁਸੈਨ ਦੀ ਕਈ ਦਹਾਕਿਆਂ ਪੁਰਾਣੀ ਸਰਸਵਤੀ ਦੀ ਪੇਂਟਿੰਗ ਨੂੰ ਆਧਾਰ ਬਣਾ ਕੇ ਭਾਰਤੀ ਦੇਵੀ ਦੇ ਅਪਮਾਨ ਨੂੰ ਬਹਾਨਾ ਬਣਾਇਆ ਗਿਆ ਹੈ। ਭਾਵੇਂ ਅਜਿਹੀਆਂ ਸਗੋਂ ਇਸਤੋਂ ਵੀ ਯਥਾਰਥਕ ਨਗਨ ਦੇਵੀਆਂ ਦੇ ਬੁੱਤ ਸਾਡੇ ਮੰਦਰਾਂ ਵਿਚ ਰੱਖੇ ਮਿਲਦੇ ਹਨ। ਅਸਲ ਵਿਚ ਸਭਿਆਚਾਰ ਦੇ ਵਿਗਾੜ ਦੀ ਦਲੀਲ ਵਿਚ ਘੱਟ ਗਿਣਤੀ ਮੁਸਲਮਾਨਾਂ ਦਾ ਵਿਰੋਧ ਛੁਪਿਆ ਹੋਇਆ ਹੈ।

ਪਾਕਿਸਤਾਨ ਨਾਲ ਗਵਾਂਢੀਆਂ ਵਾਲਾ ਵਿਹਾਰ ਰਾਜਨੀਤਕ ਪੱਧਰ ਉਪਰ ਹੀ ਸੰਭਵ ਹੈ। ਕੂਟਨੀਤਕ ਰਿਸ਼ਤਿਆਂ ਦੀ ਮੰਗ ਹੈ ਕਿ ਗਲਬਾਤ ਜਾਰੀ ਰੱਖੀ ਜਾਵੇ ਅਤੇ ਸੁਖਾਵੇਂ ਸੰਬੰਧ ਬਣਾਉਣ ਦੇ ਯਤਨਾਂ ਦੇ ਨਾਲ ਨਾਲ ਪਾਕਿਸਤਾਨ ਨੂੰ ਜੰਮੂ ਕਸ਼ਮੀਰ ਵਿਚ ਗਤੀਵਿਧੀਆਂ ਤੋਂ ਰੋਕਿਆ ਵੀ ਜਾਵੇ। ਪਰੰਤੂ ਇੱਥੇ ਮੁੱਦਾ ਇਹ ਨਾ ਹੋ ਕੇ 'ਹਿੰਦੂਤਵ ਵਾਦੀ' ਏਜੰਡੇ ਨੂੰ ਅਗਾਂਹ ਤੋਰਨ ਦਾ ਹੈ ਜਿਸ ਵਿਚ ਘਟ ਗਿਣਤੀਆਂ ਉਪਰ ਤੇ ਸਭਿਆਚਾਰ ਵਿਚ ਉਨ੍ਹਾਂ ਦੀ ਹਿੱਸੇਦਾਰੀ ਨੂੰ ਰੋਕਣਾ ਵੀ ਸ਼ਾਮਿਲ ਹੈ। ਗੁਲਾਮ ਅਲੀ ਦੀ ਮਹਿਫਲ ਨੂੰ ਭੰਗ ਕਰਨ ਪਿੱਛੇ ਇਹ ਮਨਸ਼ਾ ਕੰਮ ਕਰ ਰਹੀ ਦਿਖਾਈ ਦਿੰਦੀ ਹੈ। ਗੁਲਾਮ ਅਲੀ ਵਰਗੇ ਗਾਇਕ ਦਾ ਇਸਤੋਂ ਵੱਡਾ ਅਪਮਾਨ ਹੋਰ ਕੋਈ ਨਹੀਂ ਹੋ ਸਕਦਾ। ਦੀਪਾ ਮਹਿਤਾ ਦੀ ਫਿਲਮ 'ਫਾਇਰ' ਉਪਰ ਹਮਲਾ ਉਪਰੋਕਤ ਰਣਨੀਤੀ ਦਾ ਹੀ ਹਿੱਸਾ ਹੈ ਕਿ ਜੋ ਸਭਿਆਚਾਰ ਦੀ ਪਰਿਭਾਸ਼ਾ ਹਿੰਦੂਤਵ ਵਾਦੀ ਕਰਨਗੇ ਉਸੇ ਨੂੰ ਪ੍ਰਵਾਨ ਕੀਤਾ ਜਾਵੇਗਾ। ਇਸ ਪਿੱਛੇ ਸ਼ਬਾਨਾ ਆਜ਼ਮੀ (ਪ੍ਰਗਤੀਵਾਦੀ ਤੇ ਮੁਸਲਿਮ ਹੋਣ ਕਰਕੇ) ਦੇ ਵਿਰੁੱਧ ਛੁਪਿਆ ਗੁੱਸਾ ਵੀ ਸਾਹਮਣੇ ਆਉਂਦਾ ਹੈ। ਦਲੀਲ ਇਹ ਦਿੱਤੀ ਜਾਂਦੀ ਹੈ ਕਿ ਹਮਜਿਨਸੀ ਸੰਬੰਧ ਭਾਰਤੀ ਸਭਿਆਚਾਰ ਲਈ ਓਪਰੇ ਹਨ।

ਤ ਵਿਅੰਗ ਇਹ ਹੈ ਕਿ ਇਨ੍ਹਾਂ ਦਾ ਜ਼ਿਕਰ ਸੈਂਕੜੇ ਸਾਲ ਪਹਿਲਾਂ ਲਿਖੇ 'ਕਾਮਸੂਤਰ' ਵਿਚ ਵੀ ਮਿਲ ਜਾਂਦਾ ਹੈ। ਪਰ ਅਸਲ ਮੁੱਦਾ ਇਹ ਹੈ ਹੀ ਨਹੀਂ। ਅਸਲ ਮੁੱਦਾ ਇਹ ਹੈ ਕਿ ਇਕ ਔਰਤ ਜੋ ਸਾਧੂ ਬਣਨ ਦੇ ਚਾਹਵਾਨ ਦੀ ਪਤਨੀ ਹੈ, ਉਸਦੀ ਪ੍ਰਵਿਰਤੀ ਦੇ ਖਿਲਾਫ਼ ਕਦਮ ਉਠਾਉਂਦੀ ਹੈ। ਡਰ ਇਥੇ ਲੁਕਿਆ ਹੋਇਆ ਹੈ। ਕ੍ਰਿਕਟ ਉਪਰ ਪਾਬੰਦੀ ਲਾਉਣ ਪਿੱਛੇ ਵੀ ਹਿੰਦੂਤਵ ਵਾਦੀ ਏਜੰਡੇ ਨੂੰ ਅਗਾਹ ਲਿਜਾਉਣ ਦੀ ਲਾਲਸਾ ਹੀ ਸਾਹਮਣੇ ਆਉਂਦੀ ਹੈ।

ਇਸ ਸਾਰੇ ਵਰਤਾਰੇ ਨੂੰ ਪੰਜਾਬੀ ਲੇਖਕ ਤੇ ਸੰਸਕ੍ਰਿਤੀ ਕਰਮੀ ਚੁੱਪ ਚਾਪ ਨਹੀਂ ਦੇਖ ਸਕਦੇ। ਉਨ੍ਹਾਂ ਨੂੰ ਇਸਦੇ ਖਿਲਾਫ ਇਕ ਮੁਹਿੰਮ ਵਿੱਢਣੀ ਚਾਹੀਦੀ ਹੈ ਨਹੀਂ ਤਾਂ ਮੁਸਲਮਾਨ ਘੱਟ ਗਿਣਤੀ ਤੇ ਇਸਾਈ ਘੱਟ ਗਿਣਤੀ ਤੋਂ ਬਾਦ ਦੂਸਰੀਆਂ ਘੱਟ ਗਿਣਤੀਆਂ ਉਪਰ ਹਮਲੇ ਵੀ ਹੋਣਗੇ। ਹੁਣ ਤਾਂ ਅਕਾਲੀ ਭਾਜਪਾ ਸਹਿਯੋਗ ਕਾਰਨ ਇਹ ਪ੍ਰਵਿਰਤੀ ਦੱਬੀ ਹੋਈ ਹੈ ਪਰ ਅੰਦਰੋਂ ਅੰਦਰ ਬਹੁਤ ਕੁਝ ਸੁਲਗ ਰਿਹਾ ਹੈ। ਇਸਤੋਂ ਪਹਿਲਾਂ ਕਿ ਪੰਜਾਬ ਇਸ ਫਾਸ਼ੀਵਾਦੀ ਰੁਝਾਨ ਦੀ ਮਾਰ ਹੇਠ ਆਵੇ, ਡੈਮੋਕ੍ਰੇਟਿਕ ਕਦਰਾਂ ਕੀਮਤਾਂ ਨੂੰ ਬਚਾਉਣ ਲਈ ਸਾਰੇ ਲੇਖਕਾਂ ਤੇ ਸੰਸਕ੍ਰਿਤੀਆਂ ਕਰਮੀਆਂ ਨੂੰ ਅਗਾਂਹ ਆ ਕੇ ਪੰਜਾਬੀਆਂ ਦਾ ਮਾਰਗ ਦਰਸ਼ਨ ਕਰਨਾ ਚਾਹੀਦਾ ਹੈ ਅਤੇ ਭਾਰਤ ਪੱਧਰ ਉਪਰ ਹੋ ਰਹੇ ਫਾਸ਼ੀਵਾਦ ਰੁਝਾਨ ਵਿਰੁਧ ਡਟ ਰਹੀਆਂ ਸ਼ਕਤੀਆਂ ਦਾ ਸਾਥ ਦੇਣਾ ਚਾਹੀਦਾ ਹੈ।

## 2. ਪਿਛਲੇ ਅੰਕ ਦੀ ਗੱਲ

ਪਿਛਲੇ ਅੰਕ ਦੇ ਸੰਪਾਦਕੀ ਵਿਚ ਅਸੀਂ ਸਿਰਜਣਾ ਦੇ ਸੰਪਾਦਿਕ ਵਲੋਂ ਅੰਗਰੇਜ਼ੀ ਦੇ ਪੱਖ ਵਿਚ ਲਏ ਸਟੈਂਡ ਦੀ ਤਿਖੀ ਅਲੋਚਨਾ ਕੀਤੀ ਸੀ। ਪਰੰਤੂ ਯਾਰ ਲੋਕਾਂ ਨੇ ਇਸ ਦੇ ਆਪਣੇ ਹੀ ਅਰਥ ਕੱਢ ਲਏ। ਇਹ ਮਸਲਾ ਕਿਸੇ ਦੇ ਨਿੱਜ ਦਾ ਨਹੀਂ ਹੈ। ਬਲਕਿ ਵਿਚਾਰਧਾਰਾ ਤੇ ਦਰਿਸ਼ਟੀ ਕੋਣ ਦਾ ਹੈ। ਅਸੀਂ ਇਹਨਾਂ ਦੋਨਾਂ ਬਾਰੇ ਨਾਂ ਤਾਂ ਕਿਸੇ ਨੂੰ ਰਿਆਇਤ ਦੇ ਸਕਦੇ ਹਾਂ ਨਾ ਕੋਈ ਸਮਝੌਤਾ ਕਰ ਸਕਦੇ ਹਾਂ। ਵਿਚਾਰਧਾਰਕ ਵਿਵਾਦ ਦਾ ਤਿੱਖੇ ਹੋ ਜਾਣਾ ਸਹਿਬਨ ਹੀ ਗਲ ਹੈ। ਸੰਪਾਦਿਕ ਸਿਰਜਣਾ ਸਾਡਾ ਪਰਮ ਮਿੱਤਰ ਤੇ ਹਮਸਫ਼ਰ ਹੈ। ਉਸ ਦੀ ਕੁਤਾਹੀ ਨੇ ਸ਼ਿਵਲੀ ਦੇ ਫੁੱਲ ਮਾਰਨ ਵਾਂਗ ਵੱਧ ਹੀ ਸੱਟ ਸਾਡੀ ਵਿਚਾਰਧਾਰਾ ਤੇ ਮਾਰੀ ਸੀ, ਅਸੀਂ ਇਸ ਦਾ ਨੋਟਿਸ ਲਏ ਬਿਨਾਂ ਨਹੀਂ ਰਹਿ ਸਕਦੇ ਸੀ। ਬਸ ਐਸੀ ਗਲ ਹੀ ਸੀ।

ਦੂਜੇ ਅਸੀਂ ਸਾਹਿਤਕਾਰਾਂ ਤੇ ਲੇਖਕਾਂ ਨੂੰ ਦਿੱਤੇ ਜਾਂਦੇ ਮਾਣ-ਸਨਮਾਨਾਂ ਦਾ ਵੀ ਜ਼ਾਇਜਾ ਲਿਆ ਸੀ। ਇਸ ਮਸਲੇ ਦਾ ਇਕ ਹੋਰ ਪੱਖ ਵੀ ਹੈ। ਆਮ ਤੌਰ ਤੇ ਮਾਣ ਸਨਮਾਨ ਦਾ ਰੌਲਾ ਤੇ ਪ੍ਰਚਾਰ ਵੱਧ ਹੁੰਦਾ ਹੈ। ਪਰੰਤੂ ਵਿਚੋਂ ਕੁਝ ਨਹੀਂ ਹੁੰਦਾ। ਇਕ ਤਾਜ਼ਾ ਮਿਸਾਲ ਹੁਣੇ ਜਿਹੇ ਸਾਡੇ ਸਾਹਮਣੇ ਆਈ ਹੈ, ਜਿਸ ਦਾ ਸਾਨੂੰ ਨਿਜੀ ਅਨੁਭਵ ਹੈ। ਪਿਛਲੇ ਦਿਨੀਂ ਵੱਡੇ ਸ਼ਹਿਰ ਦੀ ਇਕ ਨਵ ਉਸਰੀ ਸਾਹਿਤਕ ਸੰਸਥਾ ਨੇ ਸਵਰਗੀ ਗੀਤਕਾਰ ਦੇ ਨਾਂ ਉੱਤੇ ਇਕ ਨੌਜਵਾਨ ਤੇ ਬਹੁ ਚਰਚਿਤ ਗੀਤਕਾਰ ਨੂੰ ਸਨਮਾਨ ਦੇਣ ਦਾ ਐਲਾਨ ਕੀਤਾ। ਉਸਨੂੰ ਕਈ ਫੋਨ ਕੀਤੇ। ਸਵਰਗੀ ਗੀਤਕਾਰ ਬਾਰੇ ਪਰਚਲਤ ਗੱਲ ਇਹ ਹੈ ਕਿ ਉਸਨੇ ਗਰੀਬੀ ਤੇ ਭੁੱਖਮਰੀ ਤੋਂ ਤੰਗ ਆ ਕੇ ਖੁਦਕਸ਼ੀ ਕੀਤੀ ਸੀ। ਨੌਜਵਾਨ ਗੀਤਕਾਰ ਅੱਜ ਕੱਲ੍ਹ ਬੇਰੁਜ਼ਗਾਰ ਹੈ। ਉਸਨੂੰ ਆਪਣੇ ਖਰਚੇ ਲਈ ਪੈਸੇ ਪਰਵਾਰ ਤੋਂ ਮੰਗਣੇ ਪੈਂਦੇ ਹਨ। ਉਸ ਨੂੰ ਵੱਡੇ ਸ਼ਹਿਰ ਜਾਣ ਲਈ ਦੋ ਸੌ ਰੁਪਏ ਮਿਲੇ। ਨਾਲ ਹੀ ਫੋਕੇ ਇਨਾਮ ਸਨਮਾਨ ਦੀ ਖਿਲੀ ਉਡਾਈ ਗਈ। ਗੀਤਕਾਰ ਵੱਡੇ ਸ਼ਹਿਰ ਸਨਮਾਨ ਲੈਣ ਲਈ ਪੁੱਜਿਆ। ਸਮਾਗਮ ਵਿਚ ਖ਼ੂਬ ਗਹਿਮਾ ਗਹਿਮੀ ਸੀ। ਸੰਸਥਾ ਵਲੋਂ ਛਾਪੇ ਗਏ ਸੋਵੀਨਾਰ ਨਾਲ ਬਹੁਤ ਸਾਰੇ ਉੱਚੇ ਅਹੁਦਿਆਂ ਵਾਲੇ ਅਫਸਰ ਤੇ ਵਜ਼ੀਰ ਜੁੜੇ ਹੋਏ ਸਨ। ਸੋਵੀਨਾਰ ਲਈ ਇਸ਼ਤਿਹਾਰਾਂ ਰਾਹੀਂ ਚੰਗੇ ਪੈਸੇ ਇਕੱਠੇ ਕੀਤੇ ਗਏ ਸਨ। ਸਟੇਜ ਉਤੇ ਵਜ਼ੀਰ ਨੇ ਇਕੱਤੀ ਹਜ਼ਾਰ ਰੁਪਏ ਦੇਣ ਦਾ ਐਲਾਨ ਕੀਤਾ। ਪਰੰਤੂ ਗੀਤਕਾਰ ਨੂੰ ਕੇਵਲ ਇਕ ਸਸਤੀ ਜਿਹੀ ਲੋਈ ਤੇ ਯਾਦ ਚਿੰਨ੍ਹ ਦਿੱਤਾ ਗਿਆ। ਆਉਣ ਜਾਣ ਲਈ ਕੋਈ ਕਿਰਾਇਆ ਵੀ ਨਹੀਂ ਦਿੱਤਾ ਗਿਆ। ਇਹ ਕਿਹੋ ਜਿਹਾ ਸਨਮਾਨ ਸੀ? ਲਗਦਾ ਇਉਂ ਹੈ ਸੰਸਥਾ ਦੇ ਸੰਚਾਲਿਕ ਸਮਝਦੇ ਹਨ ਕਿ ਭੁੱਖ ਨਾਲ ਮਰੇ ਗੀਤਕਾਰ ਦੇ ਨਾਂ ਤੇ ਕਿਸੇ ਨੂੰ ਪੈਸੇ ਦੇਣੇ ਉਹਦੀ ਸ਼ਹੀਦੀ ਨੂੰ ਕਲੰਕਤ ਕਰਨਾ ਹੋਵੇਗਾ। ਪਰੰਤੂ ਉਹਦੇ ਨਾਂ ਤੇ ਆਪ ਪੈਸੇ ਇਕੱਠੇ ਕਰਨ ਵਿਚ ਕੋਈ ਹਰਜ ਨਹੀਂ ਸਮਝਦੇ। ਪੁਰਾਣੀਆਂ ਹੋਰ ਸਾਹਿਤਕ ਤੇ ਸਭਿਆਚਾਰਕ ਸੰਸਥਾਵਾਂ ਦੇ ਹੁੰਦਿਆਂ ਸ਼ਾਇਦ ਨਵੀਂ



ਸੰਸਥਾ ਕੇਵਲ ਖੜੀ ਹੀ ਇਸੇ ਲਈ ਕੀਤੀ ਜਾਂਦੀ ਹੈ। ਸੰਸਥਾ ਦੇ ਇਸ ਸਨਮਾਨ ਤੋਂ ਪਹਿਲਾਂ ਗੀਤਕਾਰ ਦਾ ਕੱਦ ਜਿੰਨਾ ਉੱਚਾ ਸੀ, ਪਿਛੋਂ ਵੀ ਉਨਾਂ ਹੀ ਰਿਹਾ ਅਤੇ ਜੇਬ ਪਹਿਲਾਂ ਵੀ ਖਾਲੀ ਸੀ। ਤੇ ਪਿਛੋਂ ਵੀ ਖਾਲੀ ਹੀ ਰਹੀ। ਇਹ ਕਿਹੋ ਜਿਹਾ ਸਨਮਾਨ ਸੀ? ਜਿਸ ਤੋਂ ਲੇਖਕ ਦੇ ਪੱਲੇ ਕੁਝ ਨਹੀਂ ਪੈਂਦਾ ਤੇ ਪਰਬੰਧਕਾਂ ਦੇ ਬਹੁਤ ਕੁਝ। ਇਸ ਪੱਖੋਂ ਮਲਕੀਅਤ (ਗੀਤਕਾਰ) ਦਾ ਕਹਿਣਾ ਬਹੁਤ ਢੁਕਵਾਂ ਹੈ ਕਿ ਸਨਮਾਨ ਦੇ ਅਸਲੀ ਅਰਥ ਗੀਤਕਾਰ ਜਾਂ ਲੇਖਕ ਨੂੰ ਕੋਈ ਪੈਸਾ ਨਾ ਦੇਣਾ ਹੁੰਦਾ ਹੈ। ਇਸ ਲਈ ਅਸੀਂ ਕਹਿਣਾ ਚਾਹੁੰਦੇ ਹਾਂ ਕਿ ਸਨਮਾਨ ਦੇਣ ਤੋਂ ਪਹਿਲਾਂ ਲੇਖਕ ਦੀ ਪ੍ਰਤਿਭਾ ਕੱਦ ਤੇ ਜੇਬ ਅਵੱਸ਼ ਵੇਖੀ ਜਾਵੇ। ਫਿਰ ਢੁਕਵਾਂ ਸਨਮਾਨ ਦਿੱਤਾ ਜਾਵੇ। ਫੋਕੇ ਸਨਮਾਨਾਂ ਦਾ ਕੋਈ ਅਰਥ ਨਹੀਂ ਹੈ।

## 3. ਸੰਤੋਖ ਸਿੰਘ ਧੀਰ ਦੀ ਨਾਰਾਜ਼ਗੀ ਤੇ ਕੇਂਦਰੀ ਲੇਖਕ ਸਭਾ

ਸੰਤਖ ਸਿੰਘ ਧੀਰ ਸਾਡੇ ਸਤਿਕਾਰੇ ਸਨਮਾਨੇ ਹੋਏ ਪ੍ਰਗਤੀਸ਼ੀਲ ਕਹਾਣੀਕਾਰ ਤੇ ਕਵੀ ਹਨ। ਉਹ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਦੂਜੀ ਵਾਰ ਚੁਣੇ ਗਏ ਪ੍ਰਧਾਨ ਹਨ। 'ਕੋਈ ਇਕ ਸਵਾਰ' ਤੇ 'ਸਵੇਰ ਹੋਣ ਤੀਕ' ਵਰਗੀਆਂ ਸ਼ਾਹਕਾਰ ਕਹਾਣੀਆਂ ਉਹਨਾਂ ਦੀ ਕਲਮ ਦੀ ਸਿਰਜਣਾ ਹਨ।

ਪਰ ਉਹ ਬਿਰਧ ਹਨ ਤੇ ਬੀਮਾਰ ਵੀ। ਭੱਜ ਨੱਠ ਦਾ ਕੰਮ ਕਰਨੋਂ ਅਸਮੱਰਥ। ਨਾਲ ਹੀ ਵਿਸ਼ੇਸ਼ ਗੱਲ ਇਹ ਵੀ ਕਿ ਉਹ ਨਿੱਕੀ ਗੱਲ ਤੇ ਆਪਣੇ ਸਮਕਾਲੀਆਂ ਤੇ ਸਹਿਯੋਗੀਆਂ ਨਾਲ ਨਾਰਾਜ਼ ਹੋ ਜਾਂਦੇ ਹਨ ਤੇ ਖਾਸ ਗੱਲ ਇਹ ਕਿ ਉਹ ਫੇਰ ਦੇਰ ਤੀਕ ਇਸ ਨਾਰਾਜ਼ਗੀ ਨੂੰ ਭੁੱਲਦੇ ਨਹੀਂ। ਇਸ ਦਾ ਬੋਝ ਆਪਣੇ ਬਿਰਧ ਮਨ ਤੇ ਬੀਮਾਰ ਜਿਸਮ ਤੇ ਚੁੱਕੀ ਫਿਰਦੇ ਹਨ। ਸਿੱਟੇ ਵਜੋਂ ਉਹਨਾਂ ਦੀ ਬੀਮਾਰੀ ਤੇ ਪ੍ਰੇਸ਼ਾਨੀ ਹੋਰ ਵੱਧ ਜਾਂਦੀ ਹੈ।

ਚਿਰਾਗ਼ ਦੀ ਪ੍ਰਕਾਸ਼ਨ ਦੇ ਪਹਿਲੇ ਵਰ੍ਹੇ ਤੋਂ ਉਹ ਸਾਨੂੰ ਆਪਣੀਆਂ ਕਹਾਣੀਆਂ ਭੇਜਦੇ ਰਹੇ ਹਨ, ਪਰ ਸੱਚੀ ਗੱਲ ਇਹ ਸੀ ਕਿ ਹੁਣ ਧੀਰ ਸਾਹਿਬ ਕੋਲੋਂ ਕਹਾਣੀ ਬਣਦੀ ਨਹੀਂ। ਫਿਰ ਵੀ ਸਤਿਕਾਰ ਵਜੋਂ ਤੇ ਉਹਨਾਂ ਦੀ ਨਾਰਾਜ਼ਗੀ ਦੇ ਡਰੋਂ ਅਸੀਂ ਉਹਨਾਂ ਦੀਆਂ ਇਹ ਕਹਾਣੀਆਂ ਛਾਪੀ ਗਏ। 'ਜਮਪੁਰੀ ਵੱਲ ਜਾਂਦਾ ਰਾਹ' (ਚਿਰਾਗ਼ ਅਪਰੈਲ 93) ਉਹਨਾਂ ਦੀ ਕਹਾਣੀ ਦੇ ਵਿਰੋਧ ਵਿਚ ਦੋ ਖ਼ਤ ਚਿਰਾਗ਼ ਦੇ ਅਗਲੇ ਅੰਕ ਵਿਚ ਛਾਪੇ। ਗੁੱਸੇ ਵਿਚ ਆ ਕੇ ਧੀਰ ਸਾਹਿਬ ਨੇ ਅਗਲੇਰੇ ਅੰਕ ਵਿਚ ਇਹਨਾਂ ਖ਼ਤਾਂ ਦੇ ਵਿਰੋਧ ਵਿਚ ਆਪਣਾ ਜਵਾਬ ਲਿਖ ਭੇਜਿਆ ਜਿਹੜਾ ਸੰਪਾਦਕੀ ਮੰਡਲ ਨੇ ਰੋਕ ਲਿਆ। ਧੀਰ ਸਾਹਿਬ ਬੇਹੱਦ ਨਾਰਾਜ਼ ਹੋਏ ਤੇ ਕਹਿਣ ਲੱਗੇ, 'ਮੇਰਾ ਖ਼ਤ ਕਿਉਂ ਨਹੀਂ ਛਾਪਿਆ'। ਅਸੀਂ ਉਹਨਾਂ ਦੀ ਨਾਰਾਜ਼ਗੀ ਨੂੰ ਘਟਾਉਣ ਲਈ ਉਹ ਖ਼ਤ ਛਾਪ ਦਿੱਤਾ। ਪਰ ਉਹ ਨਾਰਾਜ਼ਗੀ ਅੱਜ ਤੀਕ ਵੀ ਘਟੀ ਨਹੀਂ। ਇਸ ਤੋਂ ਬਾਅਦ ਉਹਨਾਂ ਦੀ ਕੋਈ ਰਚਨਾ ਸਾਨੂੰ ਪ੍ਰਾਪਤ ਨਹੀਂ ਹੋਈ। ਨਾਰਾਜ਼ਗੀ ਕਾਇਮ ਹੈ।

ਯਾਦ ਆਉਂਦਾ ਹੈ ਕਿ 1992 ਵਿਚ ਕੇਂਦਰੀ ਪੰਜਾਬੀ ਲੇਖਕ ਸਭਾ ਦੀ ਦਿੱਲੀ ਕਾਨਫਰੰਸ ਸਮੇਂ ਉਹ ਸਭਾ ਦੇ ਜਨਰਲ ਸਕੱਤਰ ਨਾਲ ਕਵੀ ਦਰਬਾਰ ਵਿੱਚ ਸੱਦੇ ਜਾਣ ਵਾਲੇ ਕਵੀਆਂ ਦੀ ਸੂਚੀ ਤੋਂ ਨਾਰਾਜ਼ ਹੋ ਗਏ ਸਨ ਤੇ ਆਪਣੇ ਮੀਤ ਪ੍ਰਧਾਨਗੀ ਦੇ ਆਹੁਦੇ ਤੋਂ ਅਸਤੀਫਾ ਦੇ ਗਏ ਸਨ। ਪਰ ਉਹ ਅਸਤੀਫਾ ਪ੍ਰਵਾਨ ਨਾ ਕੀਤਾ ਗਿਆ ਤੇ ਕੰਮ ਚਲਦਾ ਰਿਹਾ।

ਸਭ ਨੂੰ ਪਤਾ ਹੈ ਕਿ ਕੇ: ਪੰ. ਲੇਖਕ ਸਭਾ ਦੀ ਚੰਡੀਗੜ੍ਹ ਕਾਨਫਰੰਸ ਵਿਚ ਧੀਰ ਸਾਹਿਬ ਨੇ ਸਟੇਜ ਤੋਂ ਐਲਾਨ ਕੀਤਾ ਸੀ ਕਿ ਮੈਂ ਸੱਤ-ਜਨਮਾਂ ਤੀਕ ਪ੍ਰਧਾਨਗੀ ਦੀ ਚੋਣ ਨਹੀਂ ਲੜਾਂਗਾ ਪਰ ਹਾਲਾਤ ਦੀ ਸਿਤਮ-ਜ਼ਰੀਫੀ ਕਿ ਉਹਨਾਂ ਨੂੰ ਮਜ਼ਬੂਰੀ ਵੱਸ ਚੋਣ ਲੜਨੀ ਜਾਂ ਲੜਾਉਣੀ ਪਈ। ਤੇ ਉਹਨਾਂ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ।

ਕਾਰਜ-ਕਰਨੀ ਵਿਚ ਨਾਮਜ਼ਦਗੀਆਂ ਕਰਨ ਲਈ ਕੇਂਦਰੀ ਸਭਾ ਦੀ ਪਹਿਲੀ ਮੀਟਿੰਗ ਵਿਚ ਹੀ ਧੀਰ ਸਾਹਿਬ ਉੱਠ ਕੇ ਖਲੋ ਗਏ ਤੇ ਕਹਿਣ ਲੱਗੇ, 'ਜਿਹੜੇ ਮੈਂਬਰ ਮੈਨੂੰ ਪਿਛਲੇ ਦੋ ਸਾਲ ਮੀਟਿੰਗਾਂ ਵਿਚ ਟੋਕਦੇ ਰਹੇ ਹਨ ਜਾਂ ਮੇਰਾ ਵਿਰੋਧ ਕਰਦੇ ਰਹੇ ਹਨ, ਉਹ ਮੈਂਬਰ ਨਹੀਂ ਬਣਨੇਂ ਚਾਹੀਦੇ।" ਸਿੱਟੇ ਵਜੋਂ ਵਿਰੋਧੀ ਰਾਏ ਰੱਖਣ ਵਾਲਾ ਇਕ ਵੀ ਮੈਂਬਰ ਨਵੀਂ ਕਾਰਜ ਕਰਨੀ ਵਿਚ ਨਹੀਂ ਸੀ ਪਾਇਆ ਗਿਆ। ਕੇਂਦਰੀ ਲੇਖਕ ਸਭਾ ਦੇ ਕੰਮ ਨੂੰ ਰਾਜਸੀ ਤੌਰ ਤੇ ਸਹੀ ਸੇਧ ਵਿਚ ਚਲਾਉਣ ਲਈ ਧੀਰ ਸਾਹਿਬ ਦੇ ਨਾਲ ਰਾਜਸੀ ਕੋਮੀਸਾਰ ਵਜੋਂ ਇੱਕ ਗੈਰ ਲੇਖਕ ਤੇ ਸਿਆਸੀ ਆਗੂ ਅਤੇ ਸੀ. ਪੀ. ਆਈ ਦੇ ਸਟੇਟ ਕਮੇਟੀ

ਮੈਂਬਰ ਸ੍ਰੀ ਗੁਰਨਾਮ ਕੰਵਰ ਨੂੰ ਪੱਕੇ ਤੌਰ ਤੇ ਕਾਰਜ ਕਰਨੀ ਵਿੱਚ ਪਾ ਦਿੱਤਾ ਗਿਆ, ਤਾਂ ਕਿ ਹਰ ਔਖੀ ਘੜੀ ਉਕਤ ਆਗੂ ਧੀਰ ਸਾਹਿਬ ਦੀ ਰਾਜਨੀਤਕ ਅਗਵਾਈ ਕਰਦਾ ਰਹੇ।

ਪਰ ਭਰੋਸੇ-ਯੋਗ ਸੂਤਰਾਂ ਤੋਂ ਪਤਾ ਲੱਗਾ ਹੈ ਕਿ ਧੀਰ ਸਾਹਿਬ ਫਿਰ ਨਾਰਾਜ਼ ਹਨ। ਸਿੱਟੇ ਵਜੋਂ ਉਹ ਹੁਣ ਕੇਂਦਰੀ ਲੇਖਕ ਸਭਾ ਦੀਆਂ ਮੀਟਿੰਗਾਂ ਵਿਚ ਰੋਸ ਵਜੋਂ ਹਾਜ਼ਰ ਨਹੀਂ ਹੁੰਦੇ। ਕੀ ਰੋਸ ਹੋ ਸਕਦਾ ਹੈ, ਉਹਨਾਂ ਨੂੰ ਤੇ ਕੀਹਦੇ ਨਾਲ? ਸੁਣਿਆ ਹੈ ਕਿ ਉਹ ਸਭਾ ਦੇ ਜਨਰਲ ਸਕੱਤਰ ਨਾਲ ਨਾਰਾਜ਼ ਹਨ ਕਿ ਉਹ ਫੈਸਲੇ ਕਰਨ ਵੇਲੇ ਧੀਰ ਸਾਹਿਬ ਦੀ ਪ੍ਰਵਾਹ ਹੀ ਨਹੀਂ ਕਰਦਾ। ਕੇਂਦਰੀ ਸਭਾ ਦੀ ਪ੍ਰਧਾਨਗੀ ਦਾ ਕੰਮ ਪੱਕੇ ਤੌਰ ਤੇ ਡਾ. ਐਸ. ਤਰਸੇਮ ਹੁਰਾਂ ਨੇ ਸੰਭਾਲ ਲਿਆ ਹੈ। ਪੱਜ ਤਾਂ ਇਹ ਮਾਰਿਆ ਜਾ ਰਿਹਾ ਹੈ ਕਿ ਧੀਰ ਸਾਹਿਬ ਬੀਮਾਰ ਹਨ ਤੇ ਉਹਨਾਂ ਦਾ ਪੀ. ਜੀ. ਆਈ ਵਿੱਚ ਇਲਾਜ ਚੱਲ ਰਿਹਾ ਹੈ ਪਰ ਅੰਦਰਲੇ ਸੂਤਰ ਦੱਸਦੇ ਹਨ ਕਿ ਉਹ ਬੀਮਾਰ ਨਹੀਂ, ਨਾਰਾਜ਼ ਹਨ ਤੇ ਨਾਰਾਜ਼ ਆਦਮੀ ਬੀਮਾਰ ਥੋਹੜਾ ਹੁੰਦਾ ਹੈ।

ਦੋਹਾਂ ਸਭਾਵਾਂ ਦੀ ਏਕਤਾ ਦਾ ਮਸਲਾ, ਪਹਿਲੀ ਜਮਾਤ ਤੋਂ ਪੰਜਾਬੀ ਦੇ ਨਾਲ ਅੰਗ੍ਰੇਜ਼ੀ ਦੀ ਪੜ੍ਹਾਈ ਜ਼ਰੂਰੀ ਕਰਨ ਦਾ ਵਿਰੋਧ ਕਰਨ ਲਈ, ਸਰਕਾਰੀ ਦਫਤਰਾਂ ਵਿਚ ਪੰਜਾਬੀ ਦੀ ਵਰਤੋਂ ਨਾ ਕਰਨ ਵਾਲੇ ਅਫ਼ਸਰਾਂ ਨੂੰ ਢੁਕਵੀਂ ਮਹਿਕਮਾਨਾਂ ਸਜ਼ਾ ਦੀ ਧਾਰਾ ਪੰਜਾਬ ਐਕਟ ਵਿਚ ਜੋੜਨ ਬਾਰੇ ਅਤੇ ਕੇਂਦਰੀ ਲੇਖਕ ਸਭਾ ਵਿਚ ਜਾਹਲੀ ਭਾਰਤੀ ਦੇ ਸਕੈਂਡਲ ਨੂੰ ਨਜਿੱਠਣ ਲਈ ਧੀਰ ਸਾਹਿਬ ਦੀ ਅਗਵਾਈ ਦੀ ਅਤੀ ਲੋੜ ਹੈ ਪਰ ਧੀਰ ਸਹਿਬ ਨਾਰਾਜ਼ ਹੋ ਕੇ ਘਰ ਬੈਠ ਗਏ ਹਨ। ਉਹ ਕਦੋਂ ਮੰਨਦੇ ਹਨ, ਕਿਹਾ ਨਹੀਂ ਜਾ ਸਕਦਾ। ਕਿਉਂਕਿ ਸਾਡਾ ਜ਼ਾਤੀ ਤਜਰਬਾ ਹੈ ਕਿ ਜੇ ਧੀਰ ਸਾਹਿਬ ਨਾਰਾਜ਼ ਹੋ ਜਾਣ ਤਾਂ ਥੋਹੜੀ ਕੀਤੇ ਉਹ ਮੰਨਦੇ ਨਹੀਂ ਹੁੰਦੇ।

ਉਹਨਾਂ ਦੀ ਤੰਦਰੁਸਤੀ ਲਈ ਦੁਆ ਕਰਦੇ ਅਸੀਂ ਆਸ ਕਰਦੇ ਹਾਂ ਕਿ ਉਹ ਸਿਰ ਪਈ ਜਾਂ ਸਿਰ ਪਾਈ ਗਈ ਜ਼ੁੰਮੇਵਾਰੀ ਨੂੰ ਨਿਭਾਉਣ ਲਈ ਫਿਰ ਸਰਗਰਮ ਹੋ ਜਾਣਗੇ। ਕੇਂਦਰੀ ਪੰਜਾਬੀ ਲੇਖਕ ਸਭਾ ਦਾ ਏਸੇ ਵਿਚ ਹੀ ਭਲਾ ਹੈ ਤੇ ਉਹਨਾਂ ਮਿੱਤਰਾਂ ਦਾ ਵੀ, ਜਿਹਨਾਂ ਦੇ ਜ਼ੋਰ ਦੇਣ ਉੱਤੇ, ਨਾ ਚਾਹੁੰਦਿਆਂ ਵੀ, ਉਹਨਾਂ ਨੇ ਸਭਾ ਦੀ ਚੋਣ ਲੜਨੀ ਪ੍ਰਵਾਨ ਕੀਤੀ ਸੀ।

—ਅਦਾਰਾ ਚਿਰਾਗ

## ਇਕ ਕਵਿਤਾ/ਨਵਤੇਜ ਭਾਰਤੀ

ਹੇਠ ਝਨਾਂ ਦੇ ਕੰਢੇ ਜੋਗੀ
ਗੱਲਾਂ ਕਰਦੇ ਜੋਗ ਦੀਆਂ
ਰੰਗਪੁਰ ਮੇਰੇ ਅੰਦਰ ਵਸਦਾ
ਕੁੜੀਆਂ ਗੱਲਾਂ ਭੋਗ ਦੀਆਂ
ਤੂੰ ਦਰਵਾਜ਼ਾ ਖੋਲ੍ਹ ਕੇ ਆ ਜਾ
ਚੱਕ ਦੇ ਸਫ਼ਾਂ ਵਿਯੋਗ ਦੀਆਂ
ਕੋਲੋ ਬਹਿਕੇ ਗੱਲਾਂ ਕਰੀਏ
ਦੋ ਘੜੀਆਂ ਸੰਜੋਗ ਦੀਆਂ
ਆਖਰ ਏਥੋਂ ਉੱਡ ਜਾਣਾ ਏ
ਦੋ ਚੁੰਝਾਂ ਭਰ ਚੋਗ ਦੀਆਂ
ਖਾਲੀ ਪੱਤਣ, ਲਾਸਾਂ ਪਈਆਂ
ਲਹਿਰਾਂ ਉੱਤੇ ਸੋਗ ਦੀਆਂ





## ਕੁਝ ਚੋਣਵੀਆਂ ਕਵਿਤਾਵਾਂ/ ਨਾਗਾਰਜੁਨ

### 1. ਮਨ ਕਰਦਾ ਹੈ

ਮਨ ਕਰਦਾ ਹੈ;
ਕੁਝ ਘੰਟਿਆਂ ਤੱਕ ਨੰਗਾ ਹੋ ਕੇ ਸਾਗਰ ਕੰਢੇ ਖੜਾ ਰਹਾਂ ਮੈਂ
ਉਂਜ ਵੀ ਕਪੜਾ ਮਿਲਦਾ ਕਿੱਥੇ?
ਧਨਪਤੀਆਂ ਦੀ ਐਸੀ ਲੀਲਾ!
ਮਨ ਕਰਦਾ ਹੈ
ਨੰਗਾ ਹੋ ਕੇ ਅੱਗ ਲਗਾ ਦਾਂ, ਪਹਿਨ ਰੱਖਿਆ ਹੈ ਉਸ ਸਭ ਨੂੰ ਵੀ
ਫਿਰ ਬਣਾਂ ਦਿੰਗਬਰ ਬੰਮ-ਭੋਲਾ
ਨੰਗਾ ਹੋ ਕੇ ਸਾਗਰ ਤਟ ਤੇ ਵਿਸ਼ਪਾਨ ਕਰਾਂ ਮੈਂ
ਓ ਕਾਲਕੂਟ ਤੂੰ ਹੈ ਦਸ ਕਿੱਥੇ?
ਓ ਹਾਲਾਹਲ ਤੂੰ ਹੈਂ ਦੱਸ ਕਿੱਥੇ
ਅੰਮ੍ਰਿਤ ਦੀ ਤਾਂ ਗੱਲ ਹੀ ਛੱਡੋ
ਵਿਸ਼ ਤੱਕ ਵੀ ਬੂੰਦ ਨਹੀਂ ਮਿਲਦੀ ਹੈ
ਦੇਵ ਹੋਇਆ ਨਿਰਲੱਜ ਸਭ ਕੁਝ ਦਿੱਤਾ ਛੁਪਾ
ਕਹਿੰਦੇ ਜਾਉ, ਉਸਤੋਂ ਮੰਗੋ
ਜੋ ਦੁੱਧ-ਸਾਗਰ ਤੇ ਸ਼ੇਸ਼ਨਾਗ-ਵਿਛੌਣੇ ਉੱਤੇ ਲੈ ਰਹੇ ਨੇ ਨੀਂਦਰ।
ਭੰਡਾਰ ਅਸਾਡਾ ਖਾਲੀ ਹੈ
ਭਗਵਾਨ ਸਭਨਾਂ ਦਾ ਮਾਲੀ ਹੈ
ਲਾਚਾਰੀ ਹੈ, ਕੁਝ ਵੀ ਤੁਹਾਨੂੰ ਦੇ ਨਾ ਸਕੇ।
ਮਨ ਕਰਦਾ ਹੈ
ਮੈਂ ਨੰਗਾ ਹੋ ਕੇ ਚਿਲਾਵਾਂ
ਮੈਂ ਜ਼ੋਰ ਜ਼ੋਰ ਨਾਲ ਚਿਲਾਵਾਂ
ਫੌਤ ਹੋਇਆ ਨਾ ਜੇਕਰ ਸੁਣ ਲਏਗਾ ਵਿਸ਼ਨੂੰ ਮੇਰੀ ਵੀ
ਮਨ ਕਰਦਾ
ਅਗਸਤ (ਰਿਸ਼ੀ) ਦੇ ਵਾਂਗੂੰ, ਸਮੁੰਦਰ ਦੀ ਚੂਲੀ ਮੈਂ ਭਰ ਲਾਂ
ਉਸ ਅਤਲ-ਵਿਤਲ ਵਿਚ ਤਦ ਵੀ ਮੈਨੂੰ
ਮੁਰਦਾ ਭਗਵਾਨ ਦਿਖਾਈ ਦਏ
ਉਸ ਮਹਾਂ-ਮ੍ਰਿਤਕ ਨੂੰ ਲੈ ਆਵਾਂ ਫਿਰ ਇਸ ਕੰਢੇ ਤੇ
ਸਸਕਾਰ ਕਰਾਂ, ਲਕੜੀ ਤਾਂ ਮਹਿੰਗੀ
ਇਸ ਰੇਤਾ ਵਿਚ ਦਫਨਾ ਦੇਵਾਂ
ਨੰਗਾ ਕਰਕੇ
ਨਿਰਲੱਜ ਦੇਵ-ਗਣ! ਲੈ ਲੈਣਾ ਉਸ ਪੀਤਾਂਬਰ
ਅਨਮੋਲ ਰੇਸ਼ਮੀ ਪੀਤਾਂਬਰ!
ਛਿਪ ਛਿਪ ਉਸਨੂੰ ਪਹਿਲੇ ਸੁਰੇਸ਼
ਛਿਪ ਛਿਪ ਉਸਨੂੰ ਪਹਿਨੇ ਕੁਬੇਰ
ਛਿਪ ਛਿਪ ਉਸਨੂੰ ਪਹਿਨੋ ਫਿਰ ਤੁਸੀਂ ਸਾਰੇ ਇਕ ਇਕ ਕਰਕੇ ਵਾਰੀ ਵਾਰੀ
ਮਨ ਕਰਦਾ ਹੈ:
ਨੰਗਾ ਹੋ ਕੇ ਖੜਾ ਰਹਾਂ ਮੈਂ ਸਾਗਰ ਕੰਢੇ

ਘੰਟਿਆਂ ਤਕ ਕੀ, ਜੀਵਨ ਭਰ ਲਈ
ਨੰਗਾ ਹੋ ਕੇ
ਉਂਜ ਵੀ ਕਪੜਾ ਮਿਲਦਾ ਕਿੱਥੇ? (1945)

## 2. ਕਲਪਨਾ ਦੇ ਪੁੱਤਰ ਹੇ ਭਗਵਾਨ

ਕਲਪਨਾ ਦੇ ਪੁੱਤਰ ਹੇ ਭਗਵਾਨ
ਨਹੀਂ ਚਾਹੀਦਾ ਕੋਈ ਵਰਦਾਨ
ਦੇ ਸਕੋ ਤਾਂ ਦੇਵੋ ਮੈਨੂੰ ਕੋਈ ਸਰਾਪ
ਮੈਨੂੰ ਪਿਆਰੀ ਜਲਣ, ਪਿਆਰਾ ਸੰਤਾਪ
ਮੈਨੂੰ ਚਾਹੀਦੀ ਨਾ ਇਹ ਸ਼ਾਂਤੀ
ਚਾਹੀਦੇ ਉਲਝਣ ਸੰਦੇਹ ਅਤੇ ਭ੍ਰਾਂਤੀ
ਦਿਨ ਰਾਤ ਰਹਾਂ ਮੈਂ ਸਦਾ ਬੇਚੈਨ
ਅੱਗ ਬਰਸਾਉਂਦੇ ਰਹਿਣ ਇਹ ਨੈਨ
ਕਰਾਂ ਕੰਮ ਉਦੰਡਤਾ ਦੇ ਮੈਂ
ਭੁੱਲ ਕੇ ਵੀ ਨਾਂ ਲਵਾਂ ਤੇਰਾ ਨਾਂ
ਜੋ ਕੁਝ ਕਰਾਂ ਨਿਡਰ, ਨਿਸੰਗ
ਜਮਦੂਤ ਦਾ ਨਾ ਹੋਵੇ ਆਤੰਕ
ਘੋਰ ਅਪਰਾਧੀ ਵਾਂਗ ਝੁਕਾ ਸੀਸ ਚੁਪਚਾਪ
ਬਾਪ ਦਾਦਿਆਂ ਵਾਂਗ ਨਾਂ ਰਗੜਾਂ ਮੱਥੇ, ਨੱਕ
ਮੰਦਿਰਾਂ ਦੀਆਂ ਦਹਿਲੀਜ਼ਾਂ ਉਪਰ ਫੜ ਕੇ ਕੰਨ
ਹੇ ਸਾਡੀ ਕਲਪਨਾ ਦੇ ਪੁੱਤਰ, ਹੇ ਭਗਵਾਨ
ਯੁੱਗਾਂ ਤੋਂ ਕੀਤੀ ਅਰਾਧਨਾ, ਹੁਣ ਆ ਗਏ ਤੰਗ
ਝਾਲ ਅਤੇ ਮ੍ਰਿਦੰਗ
ਸੰਖ ਕਰਦਾ ਆ ਰਿਹਾ ਸੀ ਯੁੱਗਾਂ ਤੋਂ ਵਿਰਲਾਪ
ਤੁਸੀਂ ਨਾ ਪਿਘਲੇ ਹੋ ਗਈ ਆਵਾਜ਼ ਮੰਦ
ਹੁਣ ਤਕ ਨਾ ਸੁਲਝੇ ਤੇਰੇ ਵਾਲ
ਥੱਕੀਆਂ ਲੱਖਾਂ ਉਂਗਲੀਆਂ ਹੋ ਗਿਆ ਅਤਿਕਾਲ
ਅੰਧੇਰੇ ਵਿਚ ਲੋਕੀਂ ਰਹੇ ਨੇ ਟੋਲ
ਠੋਸ ਹੋ ਜਾਂ ਕਿ ਪੋਲ?
ਹੋ ਗਏ ਨੀਰਸ ਤੇਰੇ ਚਿੰਤਨ ਵਿਚ ਰੁੱਝੇ
ਤਰਕ ਅਤੇ ਅਨੁਮਾਨ
ਹੇ ਸਾਡੀ ਕਲਪਨਾ ਦੇ ਪੁੱਤਰ, ਹੇ ਭਗਵਾਨ।
ਚੱਕਰ ਇਹ ਤਾਂ ਸੌੜਾ ਸੌੜਾ
ਇਸ ਵਿਚ ਲੈ ਨਾ ਹੋਵੇ ਸਾਹ
ਗਲ ਨੂੰ ਫੜ ਕੇ ਬਹਿ ਗਏ ਯਮ-ਨਿਯਮ ਦੇ ਫਾਹ
ਪੁਰਾਣੇ ਆਚਾਰ ਵਿਚਾਰ
ਆਕਾਸ਼ ਵਿਚ ਸਿਤਾਰਿਆਂ ਨੂੰ ਨਾ ਕਰਨ ਦੇ ਰਹੇ
ਪ੍ਰੇਮ ਪ੍ਰਸੰਗ

ਮਹਿਲਾਂ ਨੂੰ ਛੱਡ ਖੋਜਾਂ ਖੁੱਡ ਵਿਚ
ਕਹਿ ਰਿਹਾ ਹੈ ਪੂਰਵਜਾਂ ਦਾ ਮੋਹ



ਜ਼ੋਰ ਦੇ ਕਹਿ ਰਹੇ ਹਨ ਵੇਦ ਅਤੇ ਪੁਰਾਣ
ਮੂਲ ਨੂੰ ਚਿੰਬੜੇ ਰਹੇ ਨਾਦਾਨ
ਬਣਾ ਮੈਂ ਸੱਜਣ ਸੁਸ਼ੀਲ ਨਿਗਰ
ਹਾਰ ਨੂੰ ਸਮਝਾਂ ਕਰਾਂ ਮੈਂ ਜਿੱਤ
ਕਰੋਧ ਦਾ ਅਕਰੋਧ ਨਾਲ ਕਰ ਅੰਤ
ਬਣਾ ਮੈਂ ਆਦਰਸ਼ ਮਾਨਵ ਸੰਤ
ਖ਼ੂਨ ਵਿਚ ਰਹਿ ਜਾਏ ਨਾ ਬਾਕੀ ਗਰਮੀ ਕੋਈ
ਗੁਰੂ ਜਨਾਂ ਦੀ ਵੀ ਇਹੋ ਇੱਛਾ ਰਹੀ
ਸੜ ਗਈ ਹੈ ਆਂਤ
ਪਰ ਦਿਖਾਏ ਜਾ ਰਹੇ ਨੇ ਦੰਦ
ਛੱਡ ਕੇ ਸੰਕੋਚ, ਤੱਤ ਕੇ ਸਭ ਲਾਜ
ਦੇ ਰਿਹਾ ਹੈ ਗਾਲੀਆਂ ਗਲਿਆ-ਸੜਿਆ ਸਮਾਜ
ਬੰਧਨਾਂ ਨੂੰ ਖੋਲ੍ਹ ਕੇ ਮਿਟਾ ਕੇ ਹੋਣੀ ਦਾ ਲੇਖ
ਲਿਆ ਹੈ ਮੁਕਤੀ ਪੰਧ ਨੂੰ ਮੈਂ ਵੇਖ
ਨਦੀ ਕਰ ਲਈ ਪਾਰ, ਉਸਤੋਂ ਬਾਦ
ਬੇੜੀ ਨੂੰ ਲੈਂਦਾ ਚਲਾ, ਕਿਉਂ ਪਿੱਠ ਉਪਰ ਲੱਦ ਕੇ
ਸਾਹਮਣੇ ਹੈ ਫੈਲਿਆ ਸ਼ਤਰੰਜ ਜਿਹਾ ਸੰਸਾਰ
ਸੁਪਨੇ ਵਿਚ ਵੀ ਮੈਂ ਨਾ ਇਸਨੂੰ ਸਮਝਦਾ ਅਸਾਰ
ਇਸੇ 'ਚ ਭਵ, ਇਸੇ 'ਚ ਹੈ ਨਿਰਵਾਣ
ਇਸੇ 'ਚ ਤਨ-ਮਨ, ਇਸੇ 'ਚ ਪ੍ਰਾਣ
ਇਥੇ ਜੜ੍ਹ-ਜੰਗਮ ਸਚੇਤਨ ਤੇ ਅਚੇਤਨ ਜੰਤੂ
ਇਥੇ ਹੀ 'ਹਾਂ' 'ਨਾਂ', 'ਕਿੰਤੂ' ਅਤੇ 'ਪਰੰਤੂ'
ਇਥੇ ਹੈ ਖ਼ੁਸ਼ੀ-ਗ਼ਮੀ, ਚਿੰਤਾ ਕਰੋਧ
ਇਥੇ ਹੈ ਸੰਭਾਵਨਾ ਅਤੇ ਅਨੁਮਾਨ
ਇਥੇ ਹੀ ਸਿਮ੍ਰਤੀ-ਵਿਸਿਮਰਤੀ ਸਭ ਦਾ ਸਥਾਨ
ਛੱਡ ਕੇ ਇਸਨੂੰ ਕਿੱਥੇ ਹੈ ਨਿਸਤਾਰ
ਛੱਡ ਕੇ ਇਸਨੂੰ ਕਿੱਥੇ ਹੋਊ ਉਧਾਰ
ਆਪਣੇ ਪਰਾਏ, ਇਸ਼ਟ ਮਿੱਤਰ ਗਵਾਂਢੀਆਂ ਦੀ ਯਾਦ
ਰਹੇ ਆਉਂਦੀ, ਤੁਸੀਂ ਰਹੋ ਇਉਂ ਹੀ ਵਿਤੰਡਾਵਾਦ (ਡਾਂਗ-ਸੋਟਾ)
ਮੂੰਦ ਅੱਖਾਂ ਸ਼ੂਨ ਦਾ ਹੀ ਕਰਾਂ ਮੈਂ ਤਾਂ ਧਿਆਨ?
ਕਲਪਨਾ ਦੇ ਪੁੱਤਰ ਹੇ ਭਗਵਾਨ। (1946)

## 3. ਮਾਂਜੋ ਤੇ ਹੋਰ ਮਾਂਜੋ

ਨਹੀਂ ਨਹੀਂ ਅਜੇ ਨਹੀਂ
ਅਜੇ ਤਾਂ ਸਿਰਫ ਸ਼ੁਰੂਆਤ ਹੈ
ਆਪਣੇ ਪਦਾਂ ਨੂੰ
ਮਾਂਜੋ ਬਾਰ ਬਾਰ
ਮਾਂਜੋ ਤੇ ਮਾਂਜੋ, ਮਾਂਜਦੇ ਜਾਉ
ਲੈਅ ਕਰੋ ਠੀਕ, ਫਿਰ ਗੁਣਗੁਣਾਉ
ਨਾ ਕਰੋ ਪਰਵਾਹ ਕੀ ਹੈ ਕਹਿਣਾ
ਕਿਵੇਂ ਹੈ ਕਹਿਣਾ, ਇਸ ਤੇ ਧਰੋ ਧਿਆਨ

ਚੁਸਤ ਹੋਵੇ ਸੇਂਟੇਂਸ, ਦਰੁਸਤ ਹੋਣ ਕੜੀਆਂ
ਪੱਕਣ ਇਤਮੀਨਾਨ ਨਾਲ ਗੀਤ ਦੀਆਂ ਵੜੀਆਂ
ਏਨੀ ਵੀ ਕਾਹਲੀ ਹੈ ਕਾਹਦੀ?
ਉਸਤਾਦ ਪੁਰਾਣਾ ਭਾਵੇਂ ਸ਼ਗਿਰਦ ਨਵਾਂ ਹੈ।
ਨੈਤਿਕ ਅਨੈਤਿਕ, ਸਮਾਜਿਕ ਅਸਮਾਜਿਕ
ਭਲਾ ਜਾਂ ਬੁਰਾ ਕੁਝ ਵੀ ਕਿਉਂ ਨਾ ਹੋਵੇ
ਤਲ ਕੇ ਘੋਲਕੇ ਮਠਾਰ ਕੇ ਕਹੋ
ਵਸਤੂ ਹੈ ਭੋਹ. ਰੂਪ ਹੈ ਚਮਤਕਾਰ
ਧੁਨੀ ਅਤੇ ਵਿਅੰਗ ਤੇ ਮਰਦਾ ਹੈ ਸੰਸਾਰ
ਕੱਥ ਤੇ ਉਦੇਸ਼ ਤੇ  ਕੌਣ ਦਿੰਦਾ ਧਿਆਨ
ਤਰਜ਼ ਤੇ ਤਰਨੁੱਮ ਹੈ ਸ਼ਾਇਰੀ ਦੀ ਜਾਨ
ਇਕ ਇਕ ਸ਼ਬਦ ਹੈ ਦੋਧਾਰੂ ਗਾਂ
ਉਸਦਾ ਦੁਰ-ਉਪਯੋਗ ਕਰਨਾ ਨਾ ਹਾਇ
ਹਾਇ ਰੇ ਦੇਵ, ਹਾਇ ਭਗਵਾਨ!
ਸ਼ਬਦ ਨੂੰ ਦਿੱਤਾ ਕਿਉਂ ਅਰਥ ਦਾ ਤੂੰ ਦਾਨ!
ਧੁਨੀ-ਹੀ ਧੁਨੀ ਦਿੰਦਾ, ਦਿੰਦਾ ਸਿਰਫ ਲੈਅ-ਤਾਨ
ਭਾਵਾਂ ਦੀ ਦਲਦਲ ਵਿਚ ਗਦਗਦ ਕਾਵਿ-ਕਲਾ
ਤ੍ਰਾਹ ਤ੍ਰਾਹ ਕਰ ਰਹੀ ਉਧਾਰ ਕਰੋ ਇਸਦਾ।(1949)

## 4. ਬਾਕੀ ਬਚ ਗਿਆ ਅੰਡਾ

ਪੰਜ ਪੁੱਤਰ ਭਾਰਤ ਮਾਤਾ ਦੇ, ਦੁਸ਼ਮਣ ਸੀ ਖੂੰਖਾਰ
ਗੋਲੀ ਖਾ ਕੇ ਇਕ ਮਰ ਗਿਆ ਬਾਕੀ ਰਹਿ ਗਏ ਚਾਰ
ਚਾਰ ਪੁੱਤਰ ਭਾਰਤ ਮਾਤਾ ਦੇ, ਚਾਰੇ ਚਤੁਰ ਪ੍ਰਵੀਣ
ਦੇਸ਼ ਨਿਕਾਲਾ ਮਿਲਿਆ ਇਕ ਨੂੰ, ਬਾਕੀ ਰਹਿ ਗਏ ਤੀਨ
ਤੀਨ ਪੁੱਤਰ ਭਾਰਤ ਮਾਤਾ ਦੇ, ਲੜਨ ਲੱਗ ਪਏ ਉਹ
ਵੱਖ ਹੋ ਗਿਆ ਓਧਰ ਇਕ, ਬਾਕੀ ਬਚ ਗਏ ਦੋ
ਦੋ ਬੇਟੇ ਭਾਰਤ ਮਾਤਾ ਦੇ, ਛੱਡ ਪੁਰਾਣੀ ਟੇਕ
ਚਿੰਬੜ ਗਿਆ ਇਕ ਗੱਦੀ ਨੂੰ ਬਾਕੀ ਰਹਿ ਗਿਆ ਏਕ
ਏਕ ਪੁੱਤਰ ਭਾਰਤ ਮਾਤਾ ਦਾ, ਮੋਢੇ ਤੇ ਹੈ ਝੰਡਾ
ਪੁਲਿਸ ਫੜ ਕੇ ਜੇਲ੍ਹ ਲੈ ਗਈ, ਬਾਕੀ ਬਚ ਗਿਆ ਅੰਡਾ (1950)

## 5. ਅਕਾਲ ਅਤੇ ਉਸ ਤੋਂ ਬਾਦ

ਕਈ ਦਿਨਾਂ ਤੱਕ ਚੁਲ੍ਹਾ ਰੋਇਆ, ਚੱਕੀ ਰਹੀ ਉਦਾਸ
ਕਈ ਦਿਨਾਂ ਤੱਕ ਕਾਣੀ ਕੁਤੀ, ਬੈਠੀ ਉਹਨਾਂ ਪਾਸ
ਦੀਵਾਰਾਂ ਤੇ ਰਹੀ ਦਿਨਾਂ ਤਕ ਛਿਪਕਲੀਆਂ ਦੀ ਗਸ਼ਤ
ਕਈ ਦਿਨਾਂ ਤਕ ਚੂਹਿਆਂ ਦੀ ਵੀ, ਹਾਲਤ ਰਹੀ ਸ਼ਿਕਸ਼ਤ
ਦਾਣੇ ਆਏ ਘਰ ਦੇ ਅੰਦਰ ਕਈ ਦਿਨਾਂ ਦੇ ਬਾਦ
ਧੂੰਆਂ ਧੁਖਿਆ ਵਿਹੜੇ ਉਪਰੋਂ ਕਈ ਦਿਨਾਂ ਦੇ ਬਾਦ
ਚਮਕ ਗਈਆਂ ਸਭ ਘਰ ਦੀਆਂ ਅੱਖਾਂ ਕਈ ਦਿਨਾਂ ਦੇ ਬਾਦ
ਕਾ ਨੇ ਵੀ ਖੰਭ ਆ ਫਟਕਾਏ ਕਈ ਦਿਨਾਂ ਦੇ ਬਾਦ



## 6. ਉਹ ਤੇ ਤੁਸੀਂ

ਉਹ ਲੋਹਾ ਕੁਟ ਰਹੇ ਨੇ
ਤੁਸੀਂ ਮਨ ਪਿੱਟ ਰਹੇ ਹੋ
ਉਹ ਪੱਤਰ ਜੋੜ ਰਹੇ ਨੇ
ਤੁਸੀਂ ਸੁਪਨ ਜੋੜ ਰਹੇ ਹੋ
ਘੁਟਨ ਉਨ੍ਹਾਂ ਦੀ ਘੁਲਗੀ ਵਿਚ ਠਹਾਕਿਆਂ
ਪਰ ਤੁਹਾਡੀ ਘੁਟਨ?
ਚੁਰਾਉਂਦੀ ਹੈ ਉਨੀਂਦਰੀਆਂ ਘੜੀਆਂ
ਉਹ ਨੇ ਹੁਲਾਸ ਵਿਚ
ਆਪਣੀਆਂ ਫਸਲਾਂ ਦੇ ਵਿਚ ਡੁੱਬ ਗਏ
ਤੁਸੀਂ ਹੋ ਹੁਲਾਸ ਵਿਚ
ਗੁਆਚੇ ਹੋ ਚਿਤਕਬਰੀਆਂ ਚਾਨਣੀਆਂ ਵਿਚ
ਉਨ੍ਹਾਂ ਨੂੰ ਦੁੱਖ ਹੈ ਕਿ ਅੰਬ ਦੇ ਬੂਰ ਨੂੰ ਪਾਲ਼ਾ ਮਾਰ ਗਿਆ ਹੈ
ਤੁਹਾਨੂੰ ਦੁੱਖ ਹੈ
ਕਾਵਿ-ਸੰਗ੍ਰਹਿ ਨੂੰ ਦੀਮਕ ਚੱਟ ਗਿਆ ਹੈ (1961)

## 7. ਸ਼ਾਸਨ ਦੀ ਬੰਦੂਕ

ਸੱਚ ਆਪ ਘਾਇਲ ਹੋਇਆ, ਗਈ ਅਹਿੰਸਾ ਦੀ ਚੂਕ
ਇਥੇ ਉਥੇ ਚਲਣ ਲੱਗੀ, ਸ਼ਾਸਨ ਦੀ ਬੰਦੂਕ
ਜਲੇ ਠੂੰਠ ਤੇ ਬੈਠ ਕੇ ਗਈ ਕੋਇਲ ਕੂਕ
ਵਾਲ ਨਾ ਵਿੰਗਾ ਕਰ ਸਕੀ ਸ਼ਾਸਨ ਦੀ ਬੰਦੂਕ (1966)

## 8. ਘਰ ਤੋਂ ਬਾਹਰ ਨਿਕਲੇਗੀਂ ਕਿਵੇਂ ਲਜਵੰਤੀ

ਫਟੇ ਕਪੜੇ, ਘਰ ਤੋਂ ਬਾਹਰ ਨਿਕਲੇਗੀ ਕਿਵੇਂ ਲਜਵੰਤੀ
ਸ਼ਰਮ ਨਾ ਆਉਂਦੀ ਮਨਾ ਰਹੇ ਨੇ ਮਹਿੰਗਾਈ ਦੀ ਰਜਤ ਜਯੰਤੀ
- - - - - - - - - - - - - - - - - - - - - -
ਮੂੰਹ ਅੱਡ ਕੇ ਡੁੱਗੀਆਂ ਨੇ ਸੁਣਿਆ, ਰਾਗ ਬਿਲਾਵਲ ਜੈ-ਜੈਵੰਤੀ
ਸ਼ਰਮ ਨਾ ਆਉਂਦੀ, ਮਨਾ ਰਹੇ ਨੇ ਮਹਿੰਗਾਈ ਦੀ ਰਜਤ ਜੈਯੰਤੀ
ਚਮਚੇ ਤਾਂ ਚੀਖਣ ਚਿਲਾਉਂਦੇ
ਕਰਨ ਆਰਤੀ, ਚੌਰ ਝੁਲਾਉਂਦੇ
ਪੂਛ ਉਠਾ ਕੇ ਨਾਚ ਦਿਖਾਉਂਦੇ
ਚਿਕਣੀ ਵਾਣੀ ਵਿਚ ਗੁਣਗਾਉਂਦੇ
ਸੂਟ ਪਹਿਨ ਕੇ ਹਾਥੀ ਮਚਲੇ
ਕੱਛੂ ਲੇਟੇ ਇੰਪਾਲੇ ਤੇ
ਭੂਸਾ ਮਿਲਾ ਮਿਲਾ ਕੇ ਚੀਨੀ
ਵੇਚ ਰਿਹਾ ਬਣੀਏ ਦਾ ਬੇਟਾ
ਕੰਕਾਲਾਂ ਤੇ ਵਿਛਾਈ ਗਈ
ਖੱਦਰ ਦੀ ਸਤਰੰਗੀ ਚਾਦਰ
ਬੰਦੂਕਾਂ ਹੱਸੀਆਂ ਕਿ ਦੇਖਿਆ
ਚੰਦਨ ਦੇ ਚਰਖੇ ਦਾ ਆਦਰ
ਬੂੰਦ ਬੂੰਦ ਪਾਣੀ ਦੀ ਖਾਤਿਰ

ਫ਼ਸਲਾਂ ਦੇ ਪੁੱਤ ਤਰਸ ਰਹੇ ਨੇ
ਅ..ਦਾਨੀ ਕਰੁਣਾ ਦੇ ਬੱਦਲ
ਮਹਿਲਾਂ ਤੇ ਹੀ ਬਰਸ ਰਹੇ ਨੇ
ਮਹਿਲ ਖੜੇ ਚਿਮਨੀਆਂ ਖੜੀਆਂ
ਲਾਸ਼ਾਂ ਥੱਲੇ ਦੱਬੀਆਂ ਪਈਆਂ
ਭਵਨਾਂ ਦੇ ਸੀਨੇ ਤੇ ਝੂਲਣ
ਬਿਜਲੀ ਦੇ ਸਤਰੰਗੀ ਝੁਮਕੇ
ਸੱਤੂ ਦੀਆਂ ਬੰਨ੍ਹ ਪੋਟਲੀਆਂ
ਬੱਚਿਆਂ ਨੂੰ ਬਿਠਾ ਕੇ ਮੋਢੇ
ਅਚਰਜ ਦੇ ਮਾਰੇ ਮੂੰਹ ਅੱਡ ਕੇ
ਲੋਕ ਇਨ੍ਹਾਂ ਨੂੰ ਦੇਖਣ ਆਏ
ਥੱਲੇ ਨਿਪਟ ਗਰੀਬੀ, ਉਪਰ ਠਾਠ ਬਾਠ ਦੀ ਰਜਤ ਜਯੰਤੀ
ਸ਼ਰਮ ਨਾ ਆਉਂਦੀ ਮਨਾ ਰਹੇ ਨੇ ਮਹਿੰਗਾਈ ਦੀ ਰਜਨ ਜਯੰਤੀ (1972)

## 9. ਪੁਲਿਸ ਅੱਗੇ ਵਧੀ

ਚੰਦਨ ਦਾ ਚਰਖਾ ਨਿਛਾਵਰ ਹੈ ਇਸਪਾਤੀ ਬੁਲੇਟ ਤੇ
ਨਿਛਾਵਰ ਹੈ ਅਗਰਬੱਤੀ ਚਰਟ ਤੇ ਸਿਗਰੇਟ ਤੇ
ਨਫ਼ਾਖੋਰ ਹੱਸਦਾ ਹੈ ਸਰਕਾਰੀ ਰੇਟ ਤੇ
ਫਲਾਈ ਕਰੇ ਦਿਨ ਰਾਤ, ਲੱਤਮਾਰੇ ਪਬਲਿਕ ਤੇ ਪੇਟ ਤੇ
ਪੁਲਿਸ ਅੱਗੇ ਵਧੀ
ਕ੍ਰਾਂਤੀ ਨੂੰ ਸੰਪੂਰਨ ਕਰਾਏਗੀ
ਗੁਮਸੁਮ ਹੈ ਫੌਜ
ਉਹ ਵੀ ਕੀ ਆਜ਼ਾਦੀ ਮਨਾਏਗੀ
ਬੱਝ ਗਈ ਘਿੱਘੀ
ਸਿਰ ਵਿਚ ਦਰਦ ਹੋਇਆ
ਨੰਗੇ ਹੋਏ ਉਨ੍ਹਾਂ ਦੇ ਵਾਅਦੇ
ਨਾਟਕ ਬੇ-ਪਰਦ ਹੋਇਆ
ਮਿਨਿਸਟਰ ਫੂਕਣਗੇ ਅੰਧਾਧੁੰਧ ਰਕਮ
ਸੁਣੇਗੀ ਲੁਕਾਈ ਬਕ-ਬਕ-ਬਕਮ
ਵਤਨ ਚੁਕਾਏਗਾ ਜਹਾਲਤ ਦੀ ਫੀਸ
ਇਨ੍ਹਾਂ ਤੇ ਫੱਬੇਗੀ ਖੱਦਰ ਨਫੀਸ
ਧੰਦਾ ਪਾਲੇਟਿਕਸ ਦਾ ਸਭ ਤੋਂ ਚੋਖਾ ਹੈ
ਬਾਕੀ ਸਭ ਠੱਗੀ ਹੈ, ਬਾਕੀ ਤਾਂ ਧੋਖਾ ਹੈ
ਮੋਢਿਆਂ ਤੇ ਜੋ ਚੜ੍ਹੇ ਉਹ ਹੀ ਅਨੋਖਾ ਹੈ
ਕਬੀਰ ਦਾ ਸ਼ਬਦ ਹੀ ਅਸੀਂ ਘੋਖਿਆ ਹੈ। (1978)

## 10. ਐਟਮ ਬੰਬ

ਕਿਥੇ ਗਿਰਨਗੇ ਐਟਮ ਤੇ ਹਾਈਡਰੋਜਨ ਬੰਬ?
ਨਹੀਂ ਫੌਜ ਤੇ
ਨਹੀਂ ਪੁਲਿਸ ਤੇ
ਨਹੀਂ ਲਾਮ ਤੇ



ਨਹੀਂ ਮੁਹਿੰਮ ਤੇ
ਬੰਬ ਬਰਸਣਗੇ ਲੋਕਾਂ ਦੀ ਆਬਾਦੀ ਤੇ
ਤਾਜ਼ਾ ਤਾਜ਼ਾ ਖ਼ੂਨ ਬਹੇਗਾ
ਉਸ ਪਵਿਤ੍ਰ ਖ਼ੂਨੀ ਧਾਰਾ ਵਿਚ ਨਹਾ ਨਹਾ ਕੇ
ਖਾਜ ਮਿਟਾਣਾ ਚਾਹੁਣਗੇ
ਕਿੱਥੇ ਡਿਗਣਗੇ ਐਟਮ ਤੇ ਹਾਈਡਰੋਜਨ ਬੰਬ?
ਸ਼ਾਂਤ-ਸ਼ਾਂਤ, ਸ਼ਹਿਰਾਂ-ਪਿੰਡਾਂ ਤੇ
ਖੇਤਾਂ-ਖਾਨਾਂ-ਖਲਿਹਾਨਾਂ ਤੇ....
ਸ਼ਿਲਪ ਤੇ ਲਲਿਤ-ਅਮੋਲਕ ਚਮਤਕਾਰਾਂ ਤੇ
ਬੋਧੀ-ਬਿਰਖ ਤੇ ਟਾਹਣਾਂ ਤੇ
ਸੋਮਨਾਥ ਤੇ
ਵਿਸ਼ਵਨਾਥ ਤੇ ਉਜੈਨੀ ਦੇ ਮਹਾਂਕਾਲ ਤੇ
ਕੰਨੜ ਦੇ ਪ੍ਰਤਿਭਾ ਪ੍ਰਕਾਂਡ ਉਸ ਬਾਹੂਬਲੀ ਤੇ
ਸਾਰਨਾਥ ਦੇ ਨਵ ਸਿਰਜੇ ਸੁੰਦਰ ਵਿਹਾਰ ਤੇ
ਅੰਬ-ਜਾਮਣ-ਲੀਚੀ-ਕਟਹਲ ਦੇ ਬਾਗ਼ਾਂ ਤੇ
ਵਰਕਸ਼ਾਪ ਤੇ ਫੈਕਟਰੀਆਂ ਤੇ
ਮੱਠਾਂ ਮਸਜਿਦਾਂ ਗੁਰਦੁਆਰਿਆਂ ਤੇ
ਖਿੜ-ਖਿੜ ਕੇ ਜੰਗਬਾਜ਼ਾਂ ਦੇ ਚੇਲੇ-ਚਾਂਟੇ
ਬਰਸਾਉਣਗੇ ਆਪਣੇ ਹੱਥੀ ਐਟਮ ਬੰਬ
ਸੁਣ ਨਹੀਂ ਰਹੇ ਹੋ ਸਰਵਨਾਸ਼ ਦਾ ਸੰਖ?

-ਪੰਜਾਬੀ ਰੂਪ —ਡਾ ਕਰਮਜੀਤ ਸਿੰਘ

-0-

## ਜਾਚ/ਮਨਦੀਪ ਪੰਧੇਰ

ਜ਼ਿੰਦਗੀ ਦੇ ਕਿਸੇ ਮੋੜ ਤੇ
ਵਾਪਰ ਜਾਂਦਾ ਹੈ
ਹਾਦਸਾ
ਕਦੇ ਹਤਾਹਤ ਕਰਦਾ
ਪਰ ਕਦੇ
ਰਾਸ ਆ ਜਾਂਦਾ ਹੈ
ਹਾਦਸਾ
ਹੁਣ ਮੈਂ ਨਹੀਂ ਘਬਰਾਉਂਦਾ
ਮੈਨੂੰ ਪਚ ਜਾਂਦਾ ਹੈ
ਹਰ ਹਾਦਸਾ
ਹੁਣ ਹਾਦਸਾ, ਹਾਦਸਾ ਨਹੀਂ
ਜ਼ਿੰਦਗੀ ਹੈ ਹਾਦਸਾ
ਬਹੁਤ ਚਿਰ ਕੀਤਾ ਜ਼ਿੰਦਗੀ ਚੋਂ
ਮਨਫ਼ੀ ਇਹ ਹਾਦਸਾ
ਹੁਣ ਨਹੀਂ ਹੁੰਦਾ
ਜ਼ਿੰਦਗੀ ਦੀ ਜਾਚ ਹੈ
ਇਹ ਹਾਦਸਾ।

## ਕਮਜ਼ਾਤ/ ਪ੍ਰੇਮ ਸਾਹਿਲ

ਮੁਸ਼ਕਤਾਂ ਦੇ ਨੂਰ
ਥੱਕੇ-ਥੱਕੇ ਚੂਰ-ਚੂਰ
ਆਲੇ-ਭੋਲੇ ਬੇਕਸੂਰ
ਸੁੱਤੇ ਪਏ ਸੀ ਮਜੂਰ

ਕਿ ਤੂੰ ਪੁੱਜ ਕੇ ਕਰੂਰ
ਉਸ ਉਘਲਾਉਂਦੀ ਰਾਤੇ
ਆਇਆ ਪਹਿਲ ਪਰਭਾਤੇ
ਕੀਤੀ ਗੋਲੀਆਂ ਦੀ ਵਾਛੜ
ਢਾਹਿਆ ਕਹਿਰ ਕਮਜ਼ਾਤੇ

ਹੋਈ ਛਲਣੀ ਅਭਾਗੀ
ਰਾਤ ਤ੍ਰਭਕ ਕੇ ਜਾਗੀ
ਆਈ ਘੇਰਨੀ ਅਪਾਰ
ਉਹ ਤਾਂ ਡਿੱਗੀ ਮੂੰਹ ਦੇ ਭਾਰ

ਉਡੇ ਬੌਂਦਲੇ ਪੰਖੇਰੂ
ਲੱਥੇ ਪੌਣ ਦੇ ਲੰਗਾਰ
ਮਾਰੀ ਵੰਝਲੀ ਨੇ ਚੀਕ
ਹੋਈ ਵੀਣਾ ਤਾਰ-ਤਾਰ

ਕੋਈ ਸੱਟ ਤੇਰੇ ਵੱਜੀ
ਹੈ ਝਰੀਟ ਮੇਰੇ ਲੱਗੀ
ਨਿੱਤ ਖ਼ਬਰਾਂ ਹਜ਼ਾਰ
ਲੈ ਕੇ ਆਉਂਦਾ ਅਖ਼ਬਾਰ।

-0-

## ਗ਼ਜ਼ਲ/ਭਜਨ ਆਦੀ

ਸਿਵਾ ਫਿਰਕੂਪੁਣੇ ਦਾ ਹੁਣ ਇਹ ਠੰਡਾ ਕਰ ਲਿਆ ਜਾਵੇ।
ਘਟਾ ਬਣਕੇ ਅਕਾਸ਼ੋਂ ਇਸ ਤਰ੍ਹਾਂ ਹੁਣ ਬਰਸਿਆ ਜਾਵੇ।

ਬਣੇ ਨਾ ਸ਼ਹਿਰ ਹੁਣ ਮਕਤਲ ਮਿਲੇ ਇਨਸਾਫ਼ ਸਾਨੂੰ ਹੀ;
ਕੁਈ ਨਾ ਬੇਗੁਨਾਂਹ ਈਸਾ ਸਲੀਬੇ ਟੰਗਿਆ ਜਾਵੇ।

ਨਹੀ ਦਸਤੂਰ ਇਹ ਚੰਗਾ ਲਹੂ ਬਦਲੇ ਲਹੂ ਪੀਣਾ;
ਲਹੂ ਪੀਣੇ ਐਸੇ ਦਸਤੂਰ ਨੂੰ ਹੁਣ ਬਦਲਿਆ ਜਾਵੇ।

ਮਿਰਾ ਵੀ ਨਾਮ ਮਕਤੂਲਾਂ ਦੀ ਸੂਚੀ ਵਿੱਚ ਤੁਸੀਂ ਲਿਖਣੈ;
ਤੁਹਾਡੇ ਜ਼ੁਲਮ ਬਾਰੇ ਹੁਣ ਨਾ ਮੈਥੋਂ ਚੁੱਪ ਰਿਹਾ ਜਾਵੇ।

ਕਿਵੇਂ ਵਸਦੇ ਘਰਾਂ ਦੇ ਵਿਚ ਵਿਰਾਨੀ ਛਾ ਗਈ 'ਆਦੀ';
ਜ਼ਰਾ ਇਸ ਦਾ ਵੀ ਕਾਰਣ ਬਾਰੇ ਕੋਨੇ ਲੱਭਿਆ ਜਾਵੇ।





## ਇਨਕਾਰ/ ਧਰਮਪਾਲ ਸਾਹਿਲ

ਇਕ ਦਿਨ ਪਹਿਲੋਂ ਮੀਂਹ ਨਾਲ ਗੜੇ ਪਏ ਸਨ, ਜਿਸ ਨਾਲ ਪੋਹ ਮਹੀਨੇ ਠੰਡ ਆਪਣੇ ਜੋਬਨ ਤੇ ਪੁੱਜ ਗਈ ਸੀ। ਪਰ ਨਾਲ ਹੀ ਕਮਲੋ ਦੇ ਪਿੰਡ ਪਰਤਣ ਦੀ ਖ਼ਬਰ ਨੇ ਕੜਾਕੇ ਦੀ ਲਹੂ ਜਮਾਉਂਦੀ ਠੰਡ ਵਿੱਚ ਵੀ ਪਿੰਡ ਦਾ ਮਾਹੌਲ ਗਰਮਾ ਦਿੱਤਾ ਸੀ। ਘਰ-ਘਰ ਚੁੰਝ ਚਰਚਾ ਛਿੜੀ ਹੋਈ ਸੀ। "ਕਮਲੋ ਦੇਹਰੀ ਤੇ ਪਈ ਤੇ ਆਪਣੇ ਮੁਹੱਲੇ ਲਾਗੇ। ਉਸ ਦਾ ਜਿਸਮ ਥਾਂ-ਥਾਂ ਤੋਂ ਵੱਢਿਆ-ਟੁੱਕਿਆ ਪਿਆ ਹੈ। ਔਖੇ-ਔਖੇ ਸਾਹ ਲੈਂਦੀ ਹੈ। ਹੱਡੀਆਂ ਦਾ ਪਿੰਜਰ ਮਾਤਰ ਹੈ, ਪਛਾਣੀ ਵੀ ਨਹੀਂ ਜਾਂਦੀ। ਘੜੀ ਪਲਾ ਦੀ ਪਰਾਹੁਣੀ ਜਾਪਦੀ ਏ...।

ਦੁਪਹਿਰ ਨੂੰ ਪੰਡਤਾਂ ਦੇ ਖੂਹ ਨੇੜਲੇ ਪਿੱਪਲ ਦੇ ਥੜੇ ਤੇ ਪੰਚਾਇਤ ਬੈਠੀ ਸੀ। ਇਹ ਪਿੱਪਲ ਖੱਡ ਕੰਢੇ ਸੀ ਤੇ ਖੱਡ ਦੇ ਦੂਸਰੇ ਪਾਸੇ ਪਹਾੜੀ ਦੇ ਪੈਰਾਂ 'ਚ ਪਿੰਡ ਦਾ ਸਕੂਲ। ਸਕੂਲੇ ਛੁੱਟੀ ਹੋਣ ਉਪਰੰਤ ਬੱਚੇ ਤਾਂ ਆਪਣੇ-ਆਪਣੇ ਘਰਾਂ ਨੂੰ ਚਲੇ ਗਏ ਸਨ ਪਰ ਮਾਸਟਰ ਖ਼ਾਸ ਕਰ ਕਮਲੋ ਨੂੰ ਵੇਖਣ ਲਈ ਉੱਥੇ ਰੁਕ ਗਏ ਸਨ। ਹਾਲਾਂਕਿ ਘਰ ਦੂਰ-ਦੂਰ ਪਹਾੜੀਆਂ ਤੇ ਸਨ ਤੇ ਖੂਹ ਤੇ ਪਾਣੀ ਲੈਣ ਜਾਂ ਪਿੰਡ ਦਾ ਇਕੋ ਇਕ ਸੁਪਰ ਬਾਜ਼ਾਰ ਪੰਡਿਤ ਰੁਲੀਆ ਰਾਮ ਦੀ ਹੱਟੀ ਤੇ ਆਏ ਕਿਸੇ ਟਾਵੇਂ-ਟਾਵੇਂ ਪਿੰਡ ਵਾਸੀ ਨੂੰ ਛੱਡ ਕੇ ਜੇ ਸਾਰੀ ਖੱਡ ਵੀ ਲੰਘ ਜਾਵੇ ਤਾਂ ਪਤਾ ਹੀ ਨਹੀਂ ਲਗਦਾ ਕਿ ਇਥੇ ਕੋਈ ਪਿੰਡ ਵੀ ਵਸਦਾ ਏ। ਪਰ ਉਸ ਦਿਨ ਤਾਂ ਲੋਕਾਂ ਦਾ ਜਿਵੇਂ ਹੜ੍ਹ ਹੀ ਆ ਗਿਆ ਸੀ, ਬਿਲਕੁਲ ਉਂਜ ਹੀ ਜਿਵੇਂ ਬਰਸਾਤ ਨੂੰ ਇਸ ਖੱਡ ਵਿਚ ਹੜ੍ਹ ਆ ਜਾਂਦਾ ਹੈ। ਸਾਰਿਆਂ ਦੇ ਦਿਲ ਧੜਕ ਰਹੇ ਸਨ ਕਿ ਕਮਲੋ ਕੀ ਬਿਆਨ ਦਿੰਦੀ ਹੈ।

ਥੜੇ ਦੇ ਖੱਬੇ ਪਾਸੇ ਸਰਪੰਚ ਸਮੇਤ ਸਾਰੇ ਪੰਚਾਇਤ ਮੈਂਬਰ ਤੇ ਪਿੰਡ ਦੇ ਪਤਵੰਤੇ ਸੱਜਣ ਬੈਠੇ ਸਨ ਤੇ ਸੱਜੇ ਪਾਸੇ ਛੋਟੀ ਜਿਹੀ ਮੰਜੀ ਤੇ ਗੰਢ ਬਣ ਕੇ ਪਈ ਸੀ ਕਮਲੋ। ਕਿਸੇ ਅੱਠ-ਦੱਸ ਸਾਲੇ ਭੁਖਮਰੀ ਮਾਰੇ ਬੱਚੇ ਵਰਗੀ। ਪਾਟੀ-ਪੁਰਾਣੀ ਮੈਲੀ ਜਿਹੀ ਗੰਧੋਲੀ ਵਿਚ। ਕਮਲੋ ਦਾ ਪਿਉ ਸੂਰਮ ਮੰਜੀ ਦੇ ਸਿਰਹਾਣੇ ਦੋਵੇਂ ਹੱਥ ਜੋੜ ਕੇ ਬੈਠਾ ਸੀ ਤੇ ਮਾਂ ਨੀਵਾਂ ਘੁੰਡ ਕੱਢ ਕੇ ਸਿਰ ਗੋਡਿਆਂ 'ਚ ਦੇ ਕੇ ਆਪਣੇ ਕਰਮਾਂ ਨੂੰ ਰੋਂਦੀ ਪਈ ਸੀ।

ਸ਼ੰਭੂ ਲੰਬੜ ਨੇ ਖੁਸਰ-ਫੁਸਰ ਕਰਦੇ ਹਾਜ਼ਰ ਲੋਕਾਂ ਨੂੰ ਚੁੱਪ ਦਾ ਦਾਨ ਬਖਸ਼ਣ ਦੀ ਬੇਨਤੀ ਕੀਤੀ। ਫਿਰ ਬਿੱਲੀਆਂ ਅੱਖਾਂ ਨੂੰ ਛੇਤੀ ਛੇਤੀ ਝਮਕਾਉਂਦਿਆਂ, ਦੰਦਾਂ ਦੀਆਂ ਵਿਰਲਾਂ 'ਚ ਤੀਲਾ ਫੇਰਦਿਆਂ ਬੋਲਿਆ, "ਜਨਾਬ, ਭਰੀ ਪੰਚਾਇਤ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਸੂਰਮ ਚੰਦ ਵਲਦ ਰੁਲਦੂ ਰਾਮ ਮੁਹੱਲਾ ਆਧਰਮੀਆਂ ਨੇ ਸਾਲ ਕੁ ਪੈਲੋਂ ਪੰਚੈਤ ਨੂੰ ਦਰਖ਼ਾਸ ਕੀਤੀ ਹੀ ਇਕ ਉਹਦੀ ਜਵਾਨ ਲੜਕੀ ਕਮਲੋ ਚਾਣਚੱਕ ਗੁੰਮ ਹੋ ਗਈ ਪਰ ਇੰਨੀ ਕਿਸੀ ਤੇ ਸ਼ੁਭਾਅ ਜ਼ਾਹਿਰ ਨਹੀਂ ਹੀ ਕੀਤਾ। ਪਰ ਅੱਜ ਪੂਰੇ ਸਾਲ ਮਗਰੋਂ ਕਮਲੋ ਉਆਂ ਈ ਚਾਣ ਚੱਕ ਪਿੰਡੇ 'ਚ ਬੜੀਆਂ ਮਾੜੀਆਂ ਹਾਲਤਾਂ ਵਿਚ ਮਿਲੀ ਏ। ਆਪਣੇ ਮੁਹੱਲੇ ਦੀਆਂ ਦੇਹਰੀਆਂ 'ਚੋਂ ਲੱਭੀ ਏ। ਕਮਲੋ ਆਪਣੀਆਂ ਇਸ ਤਰਸਯੋਗ ਹਾਲਤਾਂ ਬਾਰੇ ਪਿੰਡ ਦੇ ਕੁਝ ਜੀਆਂ ਨੂੰ ਜ਼ਿੰਮੇਵਾਰ ਗਲਾਂਦੀ ਏ ਤੇ ਪੰਚੈਤ ਪਾਸੋਂ ਨਿਆਂ ਦੀ ਮੰਗ ਕਰਦੀ ਏ।"

'ਕਮਲੋ, ਧੀਏ ਆਪਣੀ ਹੱਡ ਬੀਤੀ ਸੱਚੀ-ਸੱਚੀ ਕਰਦੇ। ਦੇਖਿਆਂ ਕੁਝ ਲੁਕਾਂਦੀ।' ਮਧਰੇ ਤੇ ਇਕਹਰੇ ਸ਼ਰੀਰ ਵਾਲੇ ਅਧਖੜ ਸਰਪੰਚ ਨੇ ਬਰੀਕ ਤੇ ਤਿੱਖੀ ਆਵਾਜ਼ ਵਿਚ ਕਿਹਾ। ਕਮਲੋ ਦੀ ਮਾਂ ਨੇ ਢਾਸਣਾ ਦੇ ਕੇ ਕਮਲੋ ਨੂੰ ਬਿਠਾਇਆ। ਸੱਚਮੁੱਚ ਕਮਲੋ ਇੰਨੀ ਕਮਜ਼ੋਰ ਹੋ ਗਈ ਸੀ ਕਿ ਪਛਾਣ ਹੀ ਨਹੀਂ ਸੀ ਹੁੰਦੀ। ਖ਼ੂਬਸੂਰਤ ਚੇਹਰੇ ਤੇ ਸਿਰਫ ਹੱਡੀਆਂ ਹੀ ਲਿਸ਼ਕਦੀਆਂ ਸਨ। ਹਿਰਨੀ ਵਰਗੀਆਂ ਅੱਖਾਂ 'ਚੋਂ ਚੰਚਲਤਾ ਗਾਇਬ ਹੋ ਗਈ ਸੀ ਤੇ ਉਨ੍ਹਾਂ 'ਚ ਸਹਿਮ ਤੇ ਡਰ ਦੀ ਪਿਲਤੱਣ ਭਰੀ ਹੋਈ ਸੀ। ਟੋਇਆਂ 'ਚ ਧਸੀਆਂ ਅੱਖਾਂ ਤੇ ਛਾਈਆਂ ਨਾਲ ਕਰੂਪ ਹੋਇਆ ਚਿਹਰਾ। ਹੱਡੀਆਂ ਦੀ ਮੁੱਠ ਬਣੀ ਕਮਲੋ ਨੂੰ ਵੇਖ ਕੇ ਕੋਈ ਨਹੀਂ ਸੀ ਸੋਚ ਸਕਦਾ ਕਿ ਇਹ ਉਹੀ ਸਾਲ ਭਰ ਪਹਿਲੋਂ ਵਾਲੀ ਕਮਲੋ ਹੈ, ਜਿਹੜੀ ਪਾਣੀ ਨਾਲ ਭਰਿਆ ਮਣ ਪੱਕਾ ਘੜਾ ਆੜਬਾਲੇ ਛੱਡ ਕੇ ਮਟਕ-ਮਟਕ ਤੁਰਦੀ, ਆਦਿਧਰਮੀਆਂ ਦੇ ਖੂਹ ਤੋਂ ਸਾਰੀ ਖੱਡ ਲੰਘ ਕੇ ਸਾਮ੍ਹਣੇ ਪਹਾੜੀ ਦੀ ਟੀਸੀ ਤੇ ਸਥਿਤ ਆਪਣੇ ਘਰ

ਪੁੱਜ ਜਾਂਦੀ ਸੀ। ਉਸ ਦੀ ਸਰੀਰਕ ਸੁੰਦਰਤਾ ਅੱਗੇ ਕਈ ਮਿਸ ਯੂਨੀਵਰਸਾਂ ਪਾਣੀਆਂ ਭਰਦੀਆਂ ਸਨ। ਉਸੇ ਸਕੂਲੇ ਨਵਾਂ ਆਇਆ ਕੁਆਰਾ ਮਾਸਟਰ ਬਿੱਲਾ ਤਾਂ ਉਸ ਨਾਲ ਵਿਆਹ ਕਰਾਉਣ ਦੇ ਸੁਪਨੇ ਲੈਂਦਾ ਸੀ, ਗੈਰਜ਼ਾਤ ਕਮਲੋ ਨਾ। ਕਮਲੋ ਦੀ ਅਜਿਹੀ ਹਾਲਤ ਵੇਖਕੇ ਉਸ ਦਾ ਰੁਗ ਭਰਿਆ ਗਿਆ ਸੀ। ਬਿੱਲਾ ਉਸ ਦਰਿੰਦੇ ਦਾ ਲਹੂ ਪੀਣ ਨੂੰ ਫਿਰਦਾ ਸੀ ਜਿਸਨੇ ਕਮਲੋ ਦੀ ਅਜਿਹੀ ਦੁਰਗਤ ਕਰ ਦਿੱਤੀ ਸੀ।

ਸਰਪੰਚ ਦੇ ਹੁਕਮ ਤੇ ਕਮਲੋ ਨੇ ਬਹੁਤ ਹੀ ਮਰੀਅਲ ਆਵਾਜ਼ ਵਿੱਚ ਕਹਿਣਾ ਸ਼ੁਰੂ ਕੀਤਾ, "ਮਿੰਨੂ ਇਸ ਮਾਨ੍ਹੇ ਨੇ ਬਰਬਾਦ ਕੀਤਾ।" ਕਮਲੋ ਨੇ ਭਰੀ ਸੱਥ ਵਿੱਚ ਬੈਠੇ ਮੁੱਛ ਨੂੰ ਵੱਡ ਦਿੰਦੇ ਰਾਜਪੂਤਾਂ ਦੇ ਮਾਨ੍ਹੇ ਵੱਲ ਉਂਗਲੀ ਕਰਦਿਆਂ ਕਿਹਾ ਤਾਂ ਸਾਰਿਆਂ ਦੇ ਮੂੰਹ ਹੈਰਾਨੀ ਨਾਲ ਅੱਡੇ ਰਹਿ ਗਏ। ਮਾਨ੍ਹਾ ਵੀ ਕਿੱਕ ਲੱਗੇ ਫੁੱਟਬਾਲ ਵਾਂਗ ਉੱਲਰ ਕੇ ਬੋਲਿਆ, 'ਨਹੀਂ ਇਹ ਛੋਕਰੀ ਸਰਾਸਰ ਝੂਠ ਗਲਾਂਦੀ ਏ। ਮਿੰਨੂ ਝੂਠਿਆ ਫਸੌਣ ਦੀ ਸਾਜਸ ਘੜੀਓ ਏ ਇਨ੍ਹਾਂ ਨੇ...।"

"ਆਪਣੀਆਂ ਜ਼ੁਬਾਨਾਂ ਨੂੰ ਲਗਾਮ ਦੇ ਮਾਨ੍ਹਿਆ। ਪੈਲੇ ਕਮਲੋ ਦੀ ਪੂਰੀ ਗੱਲ ਸੁਣੀ ਲੈਣ ਦੇ। ਫਿਰੀ ਤਿੰਨੂ ਵੀ ਪੂਰਾ ਮੌਕਾ ਮਿਲੇਗਾ ਆਪਣੀ ਗੱਲ ਗਲਾਣ ਦਾ।" ਸਰਪੰਚ ਨੇ ਬੜੇ ਠਰ੍ਹਮੇ ਨਾਲ ਮਾਨ੍ਹੇ ਨੂੰ ਚੁਪ ਕਰਾ ਕੇ ਬਿਠਾ ਦਿੱਤਾ। ਚੱਲ ਪੁੱਤਰ, ਗਲਾਈ ਜਾ ਆਪਣੀ ਗੱਲ। ਘਾਬਰਣਾ ਨੀਂ—ਸੱਚੀ-ਸੱਚੀ ਦੱਸੀ ਏ..।"

ਕਮਲੋ ਬੋਲੀ, "ਸਾਰਿਆਂ ਨੂੰ ਪਤਾ ਮੈਂ ਮਾਨ੍ਹੇ ਦੀਆਂ ਛੰਨੀ ਗੋਹਾ-ਕੂੜਾ ਸੋਤਣ ਜਾਂਦੀ ਸੀ। ਇੰਨੀ ਮਿੰਨੂ ਗਲਾਇਆ, ਮੈਂ ਤਿੰਨੂੰ ਆਪਣੀ ਤੀਵੀਂ ਬਣਾਈ ਕੇ ਰੱਖਾਂਗਾ ਚਲ ਪਿੰਡੋਂ ਦੌੜ ਚਲੀਏ। ਇਥੇ ਤਾਂ ਮੇਰੀਆਂ ਭਰਜਾਈਏ ਨੇ ਹੀ ਨੀ ਜੀਣ ਦੇਣਾ।"

ਪੈਂਤੀ-ਛੱਤੀ ਵਰ੍ਹਿਆਂ ਦਾ ਮਜ਼ਬੂਤ ਜੁੱਸੇ ਵਾਲਾ ਮਾਨ੍ਹਾ ਹਾਲੇ ਕੁਆਰਾ ਹੀ ਸੀ। ਬਿੱਲੀਆ ਅੱਖਾਂ, ਚੌੜਾ ਮੱਥਾ। ਭਰਵੇਂ ਭਰਵੱਟੇ। ਖੁੰਡੀਆਂ ਮੁੱਛਾਂ। ਗੱਲਾਂ ਜਿਵੇਂ ਪਿੱਤਲ ਦੇ ਪਤੀਲੇ ਨੂੰ ਚਿੱਬ ਪਏ ਹੋਏ। ਗਲ 'ਚ ਕਾਲੀ ਡੋਰੀ ਨਾਲ ਵੱਝਾ ਚਾਂਦੀ ਮੜ੍ਹਿਆ ਤਵੀਤ। ਆਵਾਜ਼ ਖਰਵੀਂ। ਬੀੜੀਆਂ ਪੀਣ ਕਰਕੇ ਬੁੱਲ੍ਹਾਂ ਦੇ ਨਾਲ-ਨਾਲ ਵਿਰਲ ਵਾਲੇ ਮੂਹਰਲੇ ਦੰਦ ਵੀ ਧੁਆਂਖੇ ਗਏ ਸਨ। ਸੱਜੇ ਹੱਥ ਦੀ ਚੀਚੀ ਤੇ ਨਾਲ ਦੀ ਉਂਗਲ ਵਿਚਾਲੇ ਬੀੜੀ ਰੱਖ ਕੇ ਮੁੱਠੀ ਬੰਨ੍ਹ ਕੇ ਸੂਟਾ ਲਾਉਣ ਦਾ ਨਿਵੇਕਲਾ ਅੰਦਾਜ਼। ਪਿੰਡ ਦੇ ਹੀ ਮੋਚੀ ਪਾਸੋਂ ਬਣਵਾਈ ਟੈਰ ਦੇ ਮੋਟੇ ਸੋਲ ਵਾਲੀ ਚਮੜੇ ਦੀ ਭਾਰੀ ਦੇਸੀ ਜੁੱਤੀ ਜਿਹੜੀ ਇਨ੍ਹਾਂ ਪੱਥਰਾਂ ਦੇ ਕੰਡਿਆਲੇ ਪੈਂਡਿਆਂ ਲਈ ਕਾਫੀ ਮੁਤ ਬੈਂਦੀ ਹੈ।

ਮਾਨ੍ਹਾ ਬਹੁਤ ਮਿਲਣਸਾਰ ਨਹੀਂ ਸੀ। ਪੜ੍ਹਿਆ ਭਾਵੇਂ ਚਾਰ ਕੁ ਜਮਾਤਾਂ ਹੀ ਸੀ ਪਰ ਗੱਲ ਬੜੇ ਰੋਬ ਦਾਬ ਤੇ ਸਿਆਣਪ ਜਿਹੀ ਨਾਲ ਕਰਦਾ। ਉਸ ਦੇ ਵਿਵਹਾਰ ਤੋਂ ਰਜਪੂਤੀ ਆਨ-ਬਾਨ ਦਾ ਪੂਰਾ ਝਲਕਾਰਾ ਪੈਂਦਾ ਸੀ। ਮਾਨ੍ਹਾ ਤੇ ਸੁਰਜਨ ਦੋ ਹੀ ਭਰਾ। ਵੱਡਾ ਸੁਰਜਨ ਫੌਜੀ ਸੀ। ਭਰਜਾਈ ਪਿੰਡ 'ਚ ਹੀ ਰਹਿੰਦੀ। ਦੋ ਭਤੀਜੇ। ਸਕੂਲੇ ਜਾਂਦੇ। ਫੌਜੀ ਸਾਲ ਮਗਰੋਂ ਜੋਗੀ ਵਾਲਾ ਫੇਰਾ ਲਾਉਂਦਾ। ਮਗਰੋਂ ਭਰਜਾਈ ਤੇ ਭਤੀਜਿਆਂ ਲਈ ਮਾਨ੍ਹਾ ਹੀ ਇਕ ਮਾਤਰ ਸਹਾਰਾ ਹੁੰਦਾ।

ਜ਼ਮੀਨ ਉਨ੍ਹਾਂ ਦੀ ਭਾਵੇਂ ਪਹਾੜੀ ਸੀ। ਪੇਠਾਂ ਤੇ ਰੱਖਾਂ ਵੀ ਸਨ। ਜਿਥੋਂ ਡੰਗਰਾਂ ਦੇ ਗੁਜ਼ਾਰੇ ਜੋਗਾ ਘਾਹ ਤੇ ਬਾਲਣ ਆ ਜਾਂਦਾ। ਪਹਾੜਾਂ ਤੇ ਖੇਤ ਪੌੜੀਆਂ ਵਰਗੇ ਸਨ। ਮਿੱਟੀ ਪਥਰੀਲੀ ਪਰ ਉਪਜਾਊ। ਇਲਾਕੇ ਦੀ ਖੇਤੀ ਇੰਦਰ ਦੇਵਤਾ ਦੀ ਮਿਹਰਬਾਨੀ ਤੇ ਸੀ ਤੇ ਸੁਰਜਨ ਦੀ ਖੇਤੀ ਮਾਨ੍ਹੇ ਤੇ ਨਿਰਭਰ ਸੀ। ਫੌਜੀ ਖਰਚੇ ਵਾਸਤੇ ਪੈਸੇ ਭੇਜ ਛਡਦਾ ਜਾਂ ਫਿਰ ਫੌਜੀ ਕੰਨਟੀਨ 'ਚੋਂ ਲੋੜੀਂਦੀਆਂ ਵਸਤਾਂ ਛੁੱਟੀ ਆਉਣ ਤੇ ਨਾਲ ਲੈ ਆਉਂਦਾ।

ਫੌਜਣ ਨੂੰ ਤਾਂ ਘਟ ਵੱਧ ਹੀ ਕਿਸੇ ਨੇ ਖੂਹ ਤੋਂ ਪਾਣੀ ਲੈਣ ਆਉਂਦਿਆਂ ਵੇਖਿਆ ਸੀ। ਮਾਨ੍ਹਾ ਹੀ ਖੂਹ ਤੋਂ ਪਾਣੀ ਸਿਰ ਤੇ ਢੋਂਦਾ। ਡੰਗਰਾਂ ਨੂੰ ਪਿਲਾਂਦਾ। ਭਤੀਜਿਆਂ ਨੂੰ ਨਾਲ ਖੂਹ ਤੇ ਲੈ ਆਉਂਦਾ ਤੇ ਮਲ-ਮਲ ਨਹਾਉਂਦਾ। ਪਿੰਡ ਦੀਆਂ ਔਰਤਾਂ ਘੁੰਡ 'ਚ ਹੱਸਦੀਆਂ। ਪਰ ਮਾਨ੍ਹੇ ਨੂੰ ਲੋਕਲਾਜ ਦੀ ਬਹੁਤੀ ਪਰਵਾਹ ਨਹੀਂ ਸੀ। ਉਹ ਆਪਣੀ ਹੀ ਦੁਨੀਆਂ 'ਚ ਮਸਤ ਸੀ।

ਖੂਹ ਨੇੜਲੀ ਪੰਡਿਤ ਦੀ ਹੱਟੀ ਦੇ ਵਰਾਂਡੇ 'ਚ ਤਾਸ਼ ਖੇਡਦੀ ਢਾਣੀ ਵੀ ਮਾਨ੍ਹੇ ਨੂੰ ਵੇਖ ਕੇ ਟਿਚਕਰਾਂ ਕਰਦੀ। ਮਾਨ੍ਹਾ ਪੰਡਤ ਦੀ ਦੁਕਾਨ ਤੋਂ ਲੱਜ ਲੈਣ-ਰੱਖਣ, ਬੀੜੀ ਜਾਂ ਹੋਰ ਸੌਦਾ ਲੈਣ ਆਉਂਦਾ ਤਾਂ ਕਿਸੇ ਨਾਲ ਬਹੁਤੀ ਗੱਲ ਨਾ ਕਰਦਾ, ਪਰ ਜਾਂਦੇ ਦੀ ਪਿੱਠ ਪਿਛੇ ਟਾਲ੍ਹੀ ਆਲਿਆਂ ਦਾ



ਪੂਰਨ ਤਾਸ਼ ਦਾ ਪੱਤਾ ਗੋਡਿਆਂ ਭਾਰ ਹੋ ਕੇ ਜ਼ਮੀਨ ਤੇ ਪੂਰੇ ਜ਼ੋਰ ਨਾਲ ਪਟਕਾਉਂਦਾ ਕਹਿੰਦਾ, 'ਆਹ -ਬੇਗਮਾ ਨੇ ਪੱਟੀ ਲਿਆ ਤੇਰਾ ਗੋਲਾ।" ਸਾਰੇ ਖਿੜਖਿੜਾ ਕੇ ਹੱਸ ਪੈਂਦੇ। ਤਰਖਾਣਾ ਦਾ ਚਰਨਾ ਬੀੜੀ ਦਾ ਸੂਟਾ ਲਾਉਂਦਾ ਖੰਗਦਾ ਹੋਇਆ ਬੋਲਦਾ, "ਇਹ ਕਿਹੜਾ ਕਿਸੇ ਨਾਲੋਂ ਮਾੜਾ ਲਿੱਸਾ, ਫਿਰੀ ਇਨੀ ਵਿਆਹ ਕੈਂਹ ਨੀ ਕਰਾਇਆ। ਤਿਲਕਾ ਤੁਰੰਤ ਜਵਾਬ ਦਿੰਦਾ, "ਭਾਊ, ਜੀਦ੍ਹਾ ਘਰਈ ਸਰੀ ਜਾਵੇ ਉਨੀ ਕੈਂਹ ਕਰਾਣਾ ਵਿਆਹ। ਰੋਟੀ ਪੱਕਦੀ ਚਾਹੀਦੀ ਏ। ਉਹ ਫੌਜਣ ਤੋਟ ਨੀ ਅੰਣ ਦਿੰਦੀ।" ਪੂਰਨ ਫਿਰ ਪੱਤਾ ਸੁੱਟਦਾ ਤਾਂ ਮੁਹਾਰਨੀ ਪੜ੍ਹਦਾ, "ਉਹ ਪੱਟ ਲਿਆ ਫੌਜਣ ਨੇ ਮਾਨ੍ਹਾ ਤਵੀਤਾਂ ਵਾਲਾ।" ਸ਼ਾਮਾ ਅਟਕ-ਅਟਕ ਕੇ ਬੋਲਦਾ, "ਮੈਂ ਤਾਂ ਗਲਾਨਾਂ-ਫੌਜਣ ਬੜੀ ਸਿਆਣੀ ਏ-ਜ਼ਮੀਨ ਤਾਂ ਨੀਂ ਵੰਡੀ ਜਾਣੀ-ਫਿਰੀ ਮਾਨ੍ਹਾ ਦੀਆਂ ਸੇਵਾ ਟਹਿਲਾ ਦਾ ਕੁਝ ਤਾਂ ਫੈਦਾ ਹੋਣਾ ਹੀ ਚਾਹੀਦਾ...।" ਰੱਖਾਂ ਤੋਂ ਉਤਰਦੇ ਤੇ ਪੋਲਿਆ ਪੱਬੀ ਆਉਂਦੇ ਰਾਜਪੂਤਾਂ ਦੇ ਫਤਿਹ ਸਿੰਘ ਨੂੰ ਵੇਖ ਕੇ ਉਨ੍ਹਾਂ ਦੇ ਜਿਵੇਂ ਬੁੱਲ੍ਹ ਸੀਤੇ ਜਾਂਦੇ ਜਾਂ ਫਿਰ ਗੱਲ ਦਾ ਰੁਖ ਹੀ ਮੋੜ ਲੈਂਦੇ।

ਇਕ ਬਲਦਾਂ ਦੀ ਜੋੜੀ, ਇੱਕ ਮੱਝ, ਇੱਕ ਗਾਂ। ਚੰਗੀ ਜ਼ਮੀਨ ਇਸ ਲਈ ਫੌਜਣ ਦੀ ਮਦਦ ਲਈ ਕਮਲੋ ਨੂੰ ਕੰਮ ਤੇ ਰਖਿਆ ਗਿਆ ਸੀ। ਕਮਲੋ ਡੰਗਰਾਂ ਦਾ ਗੋਹਾ-ਕੂੜਾ ਸੋਤ ਦਿੰਦੀ। ਘਾ ਪੁੱਟਣਾ। ਮੈਲ ਸੁਟਣਾ, ਗੋਡੀ-ਵਾਢੀ। ਕੱਚੇ ਘਰਾਂ ਨੂੰ ਲਿੱਪਣਾ ਪੋਤਣਾ ਆਦਿ ਕਈ ਕੰਮਾਂ 'ਚ ਕਮਲੋ ਉਨ੍ਹਾਂ ਦਾ ਹੱਥ ਵੰਡਾਉਂਦੀ। ਲੋੜ ਪੈਣ ਤੇ ਕਮਲੋ ਦਾ ਪਿਉ ਸੂਰਮਾ ਵੀ ਦਿਹਾੜੀ ਤੇ ਬੁਲਾ ਲਿਆ ਜਾਂਦਾ।

ਸਰਪੰਚ ਨੇ ਗਲਾ ਖੰਗਾਰ ਕੇ ਪੁਛਿਆ, "ਚੰਗਾ, ਬੱਚਾ, ਸੱਚੋ-ਸੱਚੀ ਗਲਾਈਂ ਤੁਸਾਂ ਇਥੇ ਵੀ ਤੀਵੀਂ ਆਦਮੀ ਲੇਖਾਂ ਕਦੋਂ ਇਕੱਠੇ ਹੋਏ?"

"ਆਹੋ ਇਹ ਮਿੰਨੂ ਖੇਤਾਂ 'ਚ ਬਣਾਈ ਡੰਗਰਾਂ ਆਲੀ ਛੰਨੀ ਤੇ ਕੰਮੇ ਦੇ ਬਹਾਨੇ ਸੱਦੀ ਲੈਂਦਾ ਹਾ। ਤੇ ਮਿੰਨੂ ਆਪਣੇ ਨਾਲ ਸੌਣ ਨੂੰ ਗਲਾਂਦਾ।"

"ਇਆਂ ਕਿੰਨੀ ਬਾਰੀ ਹੋਇਆ।"

"ਬੜੀਆ ਬਾਰੀ।"

"ਤੂੰ ਨਾ ਨੀ ਕੀਤੀ।"

"ਇਨੀ ਮਿੰਨੂ ਗਲਾਇਆ ਸੀ, ਅਸੀਂ ਬਿਆਹ ਕਰੀ ਲੈਣਾ, ਮੈਂ ਇਦੀਆ ਗੱਲਾਂ 'ਚ ਆਈ ਗਈ।"

"ਫਿਰੀ ਪਿੰਡੋ ਤੂੰ ਆਪਣੀਆਂ ਮਰਜੀਏ ਨਾਲ ਗਈ ਕੇ...।"

"ਇਥੋਂ ਜਾਣ ਤੋਂ ਪੈਲਾਂ ਮੇਰੇ ਨਿਆਣਾ ਠਹਿਰੀ ਗਿਆ। ਇਹ ਮਿੰਨੂ ਗਲਾਂਦਾ, ਪਿੰਡੇ ਆਲੇ ਡਾਕਟਰੇ ਤੋਂ ਦਵਾਈ ਲਈ ਕੇ ਇੰਨੂ ਮਾਰੀ ਸੁੱਟ। ਮੈਂ ਗਲਾਇਆ, ਇੱਕ ਪੱਖਿ ਤੂੰ ਗਲਾਂਨਾ, ਤੂੰ ਮਿੰਨੂ ਆਪਣੀ ਘਰਵਾਲੀ ਬਣਾਈ ਕੇ ਰੱਖਣਾ ਫਿਰੀ ਤੂੰ ਆਪਣਾ ਨਿਆਣਾ ਕੈਂਹ ਮਾਰਨ ਨੂੰ ਗਲਾਂਨਾ। ਮੈਂ ਅੜੀ ਗਈ ਤਾਂ ਇੰਨੀ ਸਕੀਮ ਬਣਾਈ। ਅਖੇ ਸ਼ਹਿਰੇ ਚਲੀ ਕੇ ਰੈਂਹਗੇ। ਮੈਂ ਕਈ ਕੰਮ ਧੰਦਾ ਕਰੀ ਲੈਂਗਾ। ਮੈਂ ਵੀ ਮੰਨੀ ਗਈ।

"ਫਿਰੀ ਕੀ ਹੋਇਆ।" ਸਰਪੰਚ ਸਮੇਤ ਸਾਰਿਆਂ ਦੀ ਉਤਸੁਕਤਾ ਵਧਦੀ ਜਾਂਦੀ ਸੀ।

"ਇੰਨੀ ਮਿੰਨੂੰ ਸਵੇਰੇ ਮੂੰਹ ਨੇਰ੍ਹੇ ਧਾਰੇ ਆਲੀ ਬੜੀ ਹੇਠਾਂ ਪੁੱਜਣ ਨੂੰ ਗਲਾਇਆ। ਇਹ ਮਿੰਨੂ ਉੱਥੇ ਨਿਹਾਲਾਦਾ ਹਾਂ। ਅਸੀਂ ਖੱਡੋ-ਖੱਡ ਪੈਦਲ ਹੀ ਤਲਵਾੜੇ ਪੁੱਜੀ ਗਏ। ਤਲਵਾੜਿਓ ਬਸ ਫੜੀ ਕੇ ਇਹ ਮਿੰਨੂ ਸ਼ਹਿਰੇ ਲਈ ਗਿਆ।"

"ਕਿਹੜੇ ਸ਼ਹਿਰ?"

"ਮਿੰਨੂ ਨੀ ਨਾਏਂ ਦਾ ਪਤਾ, ਮੈਂ ਤਾਂ ਪੈਲ੍ਹੀ ਬਾਰੀ ਸ਼ਹਿਰ ਗਈ ਸੀ ਆਪਣੀਆਂ ਹੋਸ਼ਾ 'ਚ।"

"ਸ਼ਹਿਰ ਜਾਈ ਕੇ ਕੀ ਕੀਤਾ ਤੁਸੀਂ?"

"ਇਨੀ ਮਿੰਨੂ ਹਸਪਤਾਲੇ ਦਾਖਿਲ ਕਰਾਈ ਤਾ। ਡਾਕਟਰੇ ਨੂੰ ਗਲਾਈ ਕੇ ਇੰਨੀ ਮੇਰਾ ਬੱਚਾ ਕਢਾਈਤਾ। ਫਿਰੀ ਇਹ ਮਿੰਨੂ ਕਿਸੀ ਪਿੰਡ ਲਈ ਗਿਆ। ਉੱਤੇ ਇਕ ਰਾਤੀਂ ਇਹ ਵੀ ਰਿਹਾ ਤੇ ਦੂਏ ਦਿਨ ਇਹ ਗਲਾਈ ਕੇ ਚਲੀ ਗਿਆ ਕਿ ਮੈਂ ਆਪਣੇ ਰਹਿਣ ਲਈ ਵੱਖਰੇ ਮਕਾਨ ਤੇ ਰੁਜ਼ਗਾਰੇ ਦਾ ਇੰਤਜ਼ਾਮ ਕਰੀ ਕੇ ਔਂਗਾ, ਤੂੰ ਉਨੇ ਦਿਨ ਇੱਥੇ ਹੀ ਰੈਣਾ। ਹਫਤੇ ਕੁ ਮਗਰੋਂ ਫਿਰ ਫਿਰੀ ਆਇਆ, ਗਲਾਂਦਾ, ਚਲ ਦੂਜੇ ਪਿੰਡ ਚਲੀਏ, ਸਾਰਾ ਇੰਤਜ਼ਾਮ ਹੋਈ ਗਿਆ।"

"ਕਿਹੜੇ ਪਿੰਡ ਲਈ ਗਿਆ ਸੀ ਤਿੰਨੂ ਨਾਂ ਹੈ ਚੇਤੇ?"

"ਨਾਂ ਤਾਂ ਨੀ ਚੇਤਾ, ਪਿੰਡ ਨੇੜੇ ਦਰਿਆ ਵਗਦਾ ਸੀ, ਪੱਧਰਾ ਇਲਾਕਾ ਸੀ। ਨਵਾਂ ਪਿੰਡ ਵੀ ਬੜੀ ਦੂਰ ਨਹੀ ਸੀ। ਉਥੇ ਮਿੰਨੂ ਇਕ ਘਰ ਛੱਡੀ ਕੇ ਇਹ ਮੁੜੀ ਕੇ ਚਲਿਆ ਗਿਆ। ਉਸ ਘਰ ਦੇ ਲੋਕੀ ਬੜੇ ਮਾੜੇ ਸੀ। ਸਾਰਾ ਦਿਨ ਘਰ ਦੀ ਕੱਢਿਓ ਸ਼ਰਾਬ ਵੇਚਦੇ। ...ਤੀਂ ਨੂੰ ਉਨ੍ਹਾਂ ਦੇ ਘਰ ਨਵੇਂ-ਨਵੇਂ ਬੰਦੇ ਔਂਦੇ। ਮਿੰਨੂ ਉਨ੍ਹਾਂ ਨਾਲ ਸੌਣ ਨੂੰ ਗਲਾਂਦੇ। ਮੈਂ ਮਨਾਂ ਕਰਦੀ ਤਾਂ ਮਿੰਨੂ ਕੁੱਟਦੇ। ਮਿੰਨੂ ਵੀ ਬਦੋਬਦੀ ਸ਼ਰਾਬ ਪਿਆਈ ਦਿੰਦੇ। ਫਿਰੀ ਮਾਨ੍ਹੇ ਬਾਰੇ ਪੁੱਛਿਆ ਤਾਂ ਉਨ੍ਹਾਂ ਨੇ ਦੱਸਿਆ ਕੇ ਹੁਣ ਨੀ ਮਾਨ੍ਹੇ ਨੇ ਔਣਾ। ਉਹ ਤੇਰੇ ਵੱਟੇ ਸਾਡੇ ਕੋਲੋਂ ਪੰਜ ਹਜ਼ਰ ਰੁਪਏ ਲਈ ਗਿਆ ਏ।"

ਸੱਥ 'ਚ ਬੈਠੇ ਲੋਕੀ ਸਾਹ ਰੋਕੀ ਕਮਲੋ ਦੀ ਦਰਦ ਕਹਾਣੀ ਸੁਣ ਰਹੇ ਸਨ। ਜਿਉਂ-ਜਿਉਂ ਕਹਾਣੀ ਅੱਗੇ ਵੱਧ ਰਹੀ ਸੀ, ਉਨ੍ਹਾਂ ਦੇ ਮੱਥੇ ਤੇ ਮਾਨ੍ਹੇ ਪ੍ਰਤੀ ਨਫਰਤਾ ਦੀ ਤੀਉੂੜੀਆਂ ਦਾ ਜੰਗਲ ਹੋਰ ਸੰਘਣਾ ਹੁੰਦਾ ਜਾਂਦਾ ਸੀ। ਮਾਨ੍ਹਾਂ ਪੂਰੀ ਢੀਠਤਾ ਨਾਲ ਵਿਚਾਲੇ ਬੈਠਾ ਜ਼ਮੀਨ ਤੇ ਲਕੀਰਾਂ ਖਿਚਦਾ ਤੇ ਮਿਟਾਈ ਜਾਂਦਾ ਸੀ। ਉਹ ਕੌਰੀ ਅੱਖ ਨਾਲ ਕਦੇ ਕਮਲੋ ਵੱਲ ਵੇਖਦਾ ਤੇ ਕਦੇਂ ਉਸ ਦੇ ਪਿਉ ਵੱਲ।

"ਉੱਥੇ ਕਿੰਨੇ ਚਿਰ ਰਿਹੀ ਤੂੰ?" ਸਰਪੰਚ ਨੇ ਗੱਲ ਨੂੰ ਅੱਗੇ ਵਧਾਇਆ।

"ਛੇ ਕੁ ਮੀਨੇ। ਉਨ੍ਹਾਂ ਲੋਕਾਂ ਨੇ ਮੇਰੀ ਰੱਜ ਕੇ ਦੁਰਗਤੀ ਕੀਤੀ। ਫਿਰੀ ਉਨ੍ਹਾਂ ਦੇ ਪੁਲਿਸ ਦਾ ਛਾਪਾ ਪਿਆ। ਸ਼ਰਾਬ ਫੜੀ ਗਈ। ਭੱਠੀ ਦਾ ਕੰਮ ਬੰਦ ਹੋਈ ਗਿਆ। ਉਨ੍ਹਾਂ ਨੇ ਮਿੰਨੂ ਦੂਸਰੇ ਪਿੰਡ ਬੇਚੀ ਦਿੱਤਾ। ਇਕ ਬੁੱਢੇ ਕੋਲ। ਉਹ ਕੱਲਾ ਸੀ। ਉਥੇ ਮਿੰਨੂ ਸਿਰਫ ਰੋਟੀ ਬਣੋਣੀ ਪੈਂਦੀ ਤੇ ਘਰ ਦੀ ਸਾਫ-ਸਫਾਈ। ਉਹ ਬੌੜਾ ਰੋਕਦਾ-ਟੋਕਦਾ ਨਹੀਂ ਸੀ। ਉਥੇ ਕਈ ਔਰਤਾਂ ਮੇਰੀਆਂ ਵਾਕਫ ਹੋਈ ਗਈਆਂ। ਉੱਥੇ ਮਿੰਨੂ ਦੁਖ ਤਾਂ ਕੋਈ ਨਹੀਂ ਸੀ, ਪਰ ਮੈਂ ਸੋਚਿਆ ਪਿੰਡ ਜਾਈ ਕੇ ਮਾਨ੍ਹੇ ਨੂੰ ਦਿੱਖਾਂ, ਉਨੀਂ ਮੇਰੇ ਨਾਲ ਕਿੰਨਾ ਅਨਰਥ ਕਮਾਇਆ, ਪਿੰਡ ਆਲਿਆਂ ਨੂੰ ਦੱਸਾਂ ਜਾਈਕੇ। ਬਸ ਫਿਰੀ ਮੈਂ ਆਪਣੇ ਪਿੰਡ ਦਾ ਪਤਾ ਪੁੱਛਦੀ-ਪੁੱਛਦੀ, ਚੁਪਚਾਪ ਉੱਥੋਂ ਆਈ ਗਈ। "ਫਿਰੀ ਇੱਥੇ ਆਈ ਕੇ ਕੀ ਹੋਇਆ ਤੇਰੇ ਨਾਲ?"

"ਪਰਸੋਂ ਵਰ੍ਹਦੇ ਮੀਂਹ 'ਚ ਮੈਂ ਸਿੱਧੀ ਮਾਨ੍ਹੇ ਘਰ ਗਈ। ਇਹ ਮਿੰਨੂ ਦਿੱਖੀ ਕੇ ਹੈਰਾਨ-ਪਰੇਸ਼ਾਨ ਹੋਈ ਗਿਆ। ਇਨੀ ਮਿੰਨੂੰ ਤੂੜੀ ਵਾਲੇ ਅੰਦਰ ਹੂੜੀ ਦਿੱਤਾ। ਮਿੰਨੂੰ ਗਲਾਂਦਾ ਚੁਪਚਾਪ ਆਪਣੇ ਘਰ ਚਲੀ ਜਾ, ਜੇ ਭਲੀ ਚਾਹੁੰਨੀ ਏ ਤਾਂ। ਮੈਂ ਗਲਾਇਆ ਤੂੰ ਮਿੰਨੂ ਧੋਖਾ ਦਿੱਤਾ। ਤੂੰ ਮਿੰਨੂ ਆਪਣੇ ਘਰ ਰੱਖੀ ਲੈ ਨਈ ਤਾਂ ਮੈਂ ਤੇਰੀ ਕਰਤੂਤ ਲੋਕਾਂ ਨੂੰ ਦੱਸੀ ਦੇਵੀ। ਫਿਰੀ ਸ਼ਾਮੀ ਨੇਰ੍ਹੇ ਵੇਲੇ ਮਾਨ੍ਹਾ ਤੇ ਇਦ੍ਹੀ ਭਰਜਾਈ ਮਿੰਨੂ ਉੱਥੋਂ ਕੱਢੀ ਕੇ ਆਪਣੇ ਖੇਤਾਂ ਵਲ ਲਈਗੇ। ਉੱਥੇ ਇਨ੍ਹਾਂ ਮੇਰੇ ਹੱਥ-ਪੈਰ ਬੰਨੀ ਦਿੱਤੇ। ਮੂੰਹ 'ਚ ਕਪੜਾ ਤੁੰਨੀ ਦਿੱਤਾ ਫਿਰੀ ਮਿੰਨ ਬੜਾ ਕੁਟਿਆ। ਮੇਰੇ ਮੂੰਹ 'ਚੋਂ ਕਪੜਾ ਡਿਗੀ ਪਿਆ। ਮੈਂ ਚੀਕਾਂ ਮਾਰੀਆਂ। ਇਕ ਤਾਂ ਰਾਤੀਂ ਦਾ ਟੈਮ, ਦੂਜੇ ਮੀਂਹ ਬੜਾ ਪੈਂਦਾ ਸੀ, ਨਾਲੇ ਉਸ ਛੰਨੀ ਨੇੜੇ ਹੋਰ ਕੋਈ ਘਰ ਵੀ ਹਈ ਨੀ, ਕਿਨੀਂ ਸੁਨਣੀਆਂ ਸਨ ਮੇਰੀਆਂ ਚੀਕਾਂ। ਮੈਂ ਗਲਾਇਆ, ਮਾਰੀ ਸੁੱਟ ਮਿੰਨੂ ਪਰ ਮੈਂ ਆਪਣੇ ਘਰ ਨੀ ਜਾਣਾ। ਮਾਨ੍ਹੇ ਦੀਆਂ ਭਰਜਾਈਏ ਨੇ ਮੇਰੇ ਸਿਰ ਤੇ ਬਾਹਾਂ ਤੇ ਡਾਂਗੀ ਮਾਰੀ, ਗਲਾਂਦੀ ਇਨੂੰ ਮਾਰੀ ਕੇ ਇੱਥੇ ਹੀ ਖੇਤੇ 'ਚ ਦੱਬੀ ਦੇਣਾ।" ਕਮਲੋ ਨੇ ਸਿਰ ਨੀਵਾਂ ਕਰ ਕੇ ਜਟੂਰੀਆਂ 'ਚ ਬਣਿਆ ਵੱਡਾ ਸਾਰਾ ਤਾਜਾ ਫੱਟ ਵਿਖਾਇਆ। ਵਾਲਾਂ 'ਚ ਲਹੂ ਜੰਮ ਗਿਆ ਸੀ। ਕਾਨੇ ਵਰਗੀਆਂ ਬਾਹਾਂ ਉੱਚੀਆਂ ਕਰਕੇ ਜ਼ਖ਼ਮ ਵਿਖਾਏ। ਰੱਸੀ ਨਾਲ ਬੰਨਣ ਕਰਕੇ ਵੀਣੀਆਂ ਤੇ ਅਜੇ ਵੀ ਨੀਲ ਪਏ ਹੋਏ ਸਨ।

"ਮੈਂ ਬੇਹੋਸ਼ ਹੋਈ ਗਈ। ਇਹ ਮਿੰਨੂ ਮਰੀਓ ਸਮਝੀ ਕੇ ਸਾਡੇ ਘਰ ਨੇੜਲੇ ਦੋਹਰੀਏ 'ਚ ਸੁੱਟੀਗੇ। ਮੇਰਾ ਇਹ ਹਾਲ ਕੀਤਾ ਜਾਲਮ ਮਾਨ੍ਹੇ ਤੇ ਇਸ ਦੀ ਭਰਜਾਈਏ ਨੇ।" ਕਹਿੰਦਿਆਂ ਕਮਲੋ ਡੁਸਕਣ ਲੱਗ ਪਈ ਸੀ। ਹੁਣ ਉਸ ਤੋਂ ਬੈਠਿਆ ਨਹੀਂ ਸੀ ਜਾ ਰਿਹਾ। ਉਸ ਦੀ ਮਾਂ ਨੇ ਉਸ ਨੂੰ ਸਹਾਰਾ ਦੇ ਕੇ ਮੰਜੇ ਤੇ ਲੰਮਾ ਪਾ ਦਿੱਤਾ। ਕਮਲੋ ਦੀ ਲੂੰਅ ਕੰਡੇ ਖੜੇ ਕਰ ਦੇਣ ਵਾਲੀ ਦਾਸਤਾਨ ਸੁਣ ਕੇ ਪੱਥਰਾਂ ਤੇ ਬੈਠੇ ਲੋਕੀਂ ਆਪ ਹੀ ਪੱਥਰ ਹੋ ਗਏ ਸਨ। ਉਹ ਪਾਟੀਆਂ ਨਜ਼ਰਾਂ ਨਾਲ ਕਮਲੋ ਨੂੰ ਵੇਖੀ ਜਾ ਰਹੇ ਸਨ। ਉਨ੍ਹਾਂ ਦੇ ਦਿਲਾਂ 'ਚ ਹਮਦਰਦੀ ਦਾ ਦਰਿਆ ਠਾਠਾਂ ਮਾਰ ਰਿਹਾ ਸੀ। ਇਕ ਚੁਭਵੀਂ ਚੁੱਪ-ਪਸਰ ਗਈ ਸੀ ਉਨ੍ਹਾਂ ਵਿਚਾਲੇ। ਫਿਰ ਸਰਪੰਚ ਨੇ ਖਮੋਸ਼ੀ ਨੂੰ ਤੋੜਦਿਆਂ ਪੁੱਛਿਆ, "ਮਾਨ੍ਹਿਆਂ, ਤੂੰ ਵੀ ਕਮਲੋ ਦਾ ਬਿਆਨ ਆਪਣੇ ਕੰਨੀ ਸੁਣੀ ਲਿਆ। ਹੁਣ ਆਪਣੀ ਸਫਾਈ ਵਿਚ ਤੂੰ ਜੋ ਵੀ ਗਲਾਵਾ



ਗਲਾ। ਤਿੰਨੂ ਪੂਰਾ ਮੌਕਾ ਏ।" ਮਾਨ੍ਹੇ ਨੇ ਗੋਡਿਆਂ ਤੋਂ ਸਿਰ ਚੁੱਕਿਆ। ਫਿਰ ਖ਼ਰਵੀਂ ਤੇ ਰੋਬਦਾਰ ਆਵਾਜ਼ ਵਿੱਚ ਬੋਲਿਆ "ਜਨਾਬ, ਇਹ ਸਾਰੀ ਕਹਾਣੀ ਝੂਠੀ ਤੇ ਮਨਘੜਤ ਏ। ਮਿੰਨੂ ਫਸਾਉਣ ਲਈ ਇਹ ਸਾਜ਼ਿਸ਼ ਘੜੀ ਏ, ਇਨ੍ਹਾਂ ਲੋਕਾਂ ਨੇ। ਕਮਲੋ ਸਾਡੇ ਘਰ ਕੰਮੇ ਨੂੰ ਜ਼ਰੂਰ ਔਂਦੀ ਸੀ, ਪਰ ਇਹ ਸਾਰੇ ਇਲਜ਼ਾਮ ਇਕਦਮ ਝੂਠੇ ਨੇ।" ਮਾਨ੍ਹੇ ਨੇ ਹਵਾ 'ਚ ਹੱਥ ਛਿਟਕਾਰਦਿਆਂ ਜਵਾਬ ਦਿੱਤਾ।

ਫਿਰ ਸੱਥ 'ਚ ਬੈਠੇ ਲੋਕਾਂ ਵਿਚਕਾਰ ਘੁਸਰ-ਫੁਸਰ ਸ਼ੁਰੂ ਹੋ ਗਈ। ਪੰਚਾਇਤ ਮੈਂਬਰਾਂ ਨੇ ਵੀ ਵਿਚਾਰ ਵਟਾਂਦਰਾ ਕੀਤਾ। ਸਾਰਿਆਂ ਨੂੰ ਚੁੱਪ ਰਹਿਣ ਦਾ ਇਸ਼ਾਰਾ ਕਰਦਿਆਂ ਮਾਨ੍ਹੇ ਨੂੰ ਮੁੜ ਮੁਖ਼ਾਤਿਬ ਹੁੰਦਿਆਂ ਸਰਪੰਚ ਨੇ ਤਾੜਨਾ ਕੀਤੀ, "ਮਾਨ੍ਹਿਆ, ਪੰਚਾਇਤ ਆਖਰੀ ਬਾਰੀਆ ਇਸ ਘਟਨਾ ਬਾਬਤ ਤਿੰਨੂ ਸਹੀ-ਸਹੀ ਬਿਆਨ ਦੇਣ ਲਈ ਗਲਾਂਦੀ ਏ, ਨੀ ਤਾਂ ਮਜ਼ਬੂਰਨ ਇਹ ਕੇਸ ਠਾਣੇ ਚਲੀ ਗਿਆ ਤਾਂ ਤੇਰੀ ਤਾਂ ਜੇੜੀ ਦੁਰਗਤੀ ਹੋਗ ਸੋ ਹੋਗ, ਸਾਡੇ ਪਿੰਡ ਦੀ ਖੇਹ ਵੀ ਉਡਣੀ ਏ। ਰਿਕਾਡ ਏ ਅੱਜ ਤਾਈਂ ਸਾਡੇ ਪਿੰਡੇ ਪੁਲਿਸ ਨੇ ਪੈਰ ਨੀ ਧਰਿਆ।" ਪਰ ਮਾਨ੍ਹੇ ਨੇ ਸਰਪੰਚ ਦੀ ਅਪੀਲ ਨੂੰ ਬੜੀ ਨਿਡਰਤਾ ਤੇ ਬੇਰਹਿਮੀ ਨਾਲ ਠੁਕਰਾਉਂਦਿਆਂ ਕਿਹਾ, "ਬੇਸ਼ੱਕ ਭੇਜੀ ਦੇ ਗੋ ਕੇਸ ਠਾਣੇ, ਜਦ ਮੈਂ ਕੀਤਾ ਈ ਕੱਖ ਨੀ, ਫਿਰੀ ਮੈਂ ਖਾਮਖਾਹ ਆਪਣੇ ਤੇ ਇਲਜਾਮ ਕੌਂਹ ਲਈ ਲਾਂ।"

'ਸਰਪੰਚ ਸਾਬ੍ਹ, ਇਆਂ ਨੀ ਸਿੱਧੀਆਂ ਉਂਗਲਾਂ ਘਿਉ ਨਿਕਲਣਾ। ਠਾਣੇ ਜਾਈ ਕੇ ਜਧਾੜੀ ਛਿਤਰੌਲ ਫਿਰਗ ਨਾ, ਆਪੇ ਈ ਬੱਕੀ ਪੈਣਾ ਇੰਨੀ।' ਆਧਰਮੀ ਮੁਹੱਲੇ ਦਾ ਬਲਵੰਤ ਜਿਹੜਾ ਪੰਚੈਤ ਮੈਂਬਰ ਵੀ ਸੀ, ਨੇ ਕੇਸ ਠਾਣੇ ਭੇਜਣ ਲਈ ਜ਼ੋਰ ਪਾਉਂਦਿਆ ਕਿਹਾ। ਫਿਰ ਮਾਨ੍ਹੇ ਦੀ ਅੜੀ ਵੇਖ ਵੇਖਦਿਆਂ ਕੇਸ ਠਾਣੇ ਭੇਜਣ ਦਾ ਹੀ ਫੈਸਲਾ ਕਰਕੇ ਪੰਚੈਤ ਉਠ ਖੜੋਤੀ ਸੀ।

ਅਗਲੇ ਦਿਨ ਹੀ ਮਾਨ੍ਹਾ, ਲੰਬੜ ਸ਼ੰਭੂ ਨੂੰ ਨਾਲ ਲੈ ਕੇ ਠਾਣੇ ਪੁੱਜ ਗਿਆ ਸੀ। ਠਾਣੇਦਾਰ ਤਾਂ ਗਸ਼ਤ ਤੇ ਸੀ, ਲੰਬੜ ਨੇ ਆਪਣੀ ਜਾਣ ਪਛਾਣ ਦੇ ਹੌਲਦਾਰ ਨਾਲ ਸਾਰੀ ਗੱਲ ਕੀਤੀ ਤੇ ਜਿਵੇਂ ਵੀ ਹੋਏ ਠਾਣੇਦਾਰ ਨੂੰ ਕਹਿ ਕੇ ਮਾਮਲਾ ਰਫਾ-ਦਫਾ ਕਰਨ ਦੀ ਗੁਜਾਰਿਸ਼ ਕੀਤੀ ਕਿ ਗੱਲ ਤਾਂ ਕੁਝ ਬੀ ਹਈ ਨੀ, ਬਸ ਇਹ ਚਾਂਭਲੇ ਹੋਏ ਚਮਾਰ, ਇਸ ਸ਼ਰੀਫ ਰਾਜਪੂਤ ਦੇ ਗੱਲ ਬਦੋਬਦੀ ਇਹ ਕੁੜੀ ਮੜ੍ਹ ਕੇ ਰਾਜਪੂਤਾਂ ਨੂੰ ਠਿੱਬੀ ਲੌਣੀ ਚਾਹੁੰਦੇ ਨੇ। ਝੂਠੀਆਂ ਕਹਾਣੀਆਂ ਘੜੀ ਕੇ।'

"ਦੇਖ ਭਾਈ ਲੰਬੜਾ, ਨਵਾਂ ਐਸ. ਐਚ. ਓ. ਵੀ ਚੰਦਵੀਂ ਜਮਾਤ ਚੋਂ ਹੀ ਹੈਗਾ। ਮੈਂ ਕੋਸ਼ਿਸ਼ ਕਰਾਂਗਾ, ਪਰ ਪੱਕਾ ਨੀ ਕਹਿ ਸਕਦਾ।"

"ਆਹ ਲੈ ਫਿਰ ਸਾਈ, ਗੱਲ ਤਾਂ ਇਆਂ ਈ ਪੱਕੀ ਹੋਂਦੀ ਏ। ਬਾਕੀ ਕੰਮ ਹੋਣ ਤੇ। ਹੁਣ ਠਾਣੇਦਾਰ ਨੂੰ ਸਾਂਭਣਾ ਤੇਰਾ ਕੰਮ ਏ, ਮਿੰਨੂ ਨੀ ਕੁਝ ਵੀ ਕੁਝ ਪਤਾ ਆਪਣੇ ਰਾਜਪੂਤ ਭਾਈ ਦੀ ਮੁੱਛ ਨੀ ਨੀਵੀਂ ਹੋਣੀ ਚਾਹੀਦੀ।" ਲੰਬੜ ਨੇ ਪੰਜ ਹਜ਼ਾਰ ਰੁਪਏ ਹੌਲਦਾਰ ਦੇ ਸਪੁਰਦ ਕੀਤਾ ਤੇ ਪੈੱਗ ਲੁਆਉਣ ਲਈ ਮੰਜੂਰ ਸ਼ੁਦਾ ਅਹਾਤੇ ਵੱਲ ਲੈ ਤੁਰਿਆ।

ਪਿੰਡ ਪਰਤਦਿਆਂ ਨਸ਼ੇ ਦੀ ਲੋਰ 'ਚ ਲੰਬੜ ਕਹਿ ਰਿਹਾ ਸੀ, 'ਜਾ ਮਾਨ੍ਹਿਆ ਤੂੰ ਘੋੜੇ ਬੇਚੀ ਕੇ ਸੌਂ। ਹੁਣ ਤੇਰਾ ਕੋਈ ਬਾਲ ਬੀ ਬੀਂਗਾ ਨਹੀਂ ਕਰੀ ਸਕਗ। ਲੰਬੜ ਤੇਰੇ ਨਾਲ ਏ। ਆਪਾਂ ਯਾਰਾਂ ਦੇ ਯਾਰ ਆਂ। ਐਏਂ ਤਾਂ ਨੀ ਇੰਨੇ ਚਿਰ ਖੇਹ ਖ਼ਾਧੀ ਠਾਣਿਆਂ 'ਚ ਸੰਭੂ ਲੰਬੜ ਨੇ।"

"ਲੰਬੜਾ, ਗੱਲ ਤਾਂ ਕੱਖ ਵੀ ਹੈ ਨੀ, ਇਆਂ ਈ ਮੂਤੀ ਜਾਂਦਾ ਸਾਡਾ ਸਰਪੰਚ। ਡਰਪੋਕ ਸਾਲਾ ਆਧਰਮੀਆਂ ਦੀਆਂ ਚਾਰ ਵੋਟਾਂ ਖਾਤਿਰ ਸਾਡੀ ਬਰਾਦਰੀ ਦਾ ਨੱਕ ਵਢਾਉਣ ਤੇ ਤੁਲਿਆ ਹੋਇਆ।" ਮਾਨ੍ਹੇ ਨੇ ਵੀ ਸਰੂਪ 'ਚ ਮਨ ਦੀ ਭੜਾਸ ਕੱਢੀ।

"ਮਾਨ੍ਹਿਆ, ਜੇ ਇਹ ਗੱਲ ਹੈ ਤਾਂ ਐਂਤਕੀ ਆਪਣੇ ਮੁਹੱਲੇ ਦੀ ਇੱਕ ਵੀ ਵੋਟ ਨੀ ਪੈਣ ਦੇਣੀ ਇਸ ਸਰਪੰਚ ਨੂੰ। ਦਿੱਖੀ ਲੈਨੇ ਆ ਕੀਆਂ ਸਰਪੰਚ ਬਣਦਾ।"

"ਸੱਚੀ ਗਲਾਂਨਾ ਲੰਬੜਾਂ?"

"ਆਹੋ! ਇਹ ਇਕ ਰਾਜਪੂਤੇ ਦੀ ਜ਼ੁਬਾਨ ਏ, ਕੋਈ ਘੋੜੇ ਦੀ ਲਗਾਮ ਨੀ ਜਿਧਰ ਮਰਜੀ ਮੋੜੀ ਲਿਆ। ਤੇਰੇ ਨਾਲ ਵੈਦਾ ਏ ਸ਼ੰਭੂ ਲੰਬੜੇ ਦਾ।" ਲੰਬੜ ਨੇ ਮਾਨ੍ਹੇ ਦੇ ਹੱਥਾਂ ਤੇ ਹੱਥ ਮਾਰਦਿਆਂ ਵਿਸ਼ਵਾਸ ਦੁਆਇਆ ਸੀ।

ਬਲਵੰਤ ਅੱਠ ਜਮਾਤਾਂ ਪਾਸ ਸੀ। ਉਹ ਕੁਝ ਚਿਰ ਸ਼ਹਿਰ ਦੀ ਫੈਕਟਰੀ ਵਿਚ ਨੌਕਰੀ ਕਰ ਆਇਆ ਸੀ। ਉੱਥੇ ਉਸ ਨੇ ਮਜ਼ਦੂਰ ਜਥੇਬੰਦੀਆਂ ਵਿਚ ਵੱਧ ਚੜ੍ਹ ਕੇ [illegible] ਲਿਆ [illegible] ਗਾਹੇ

ਬਗਾਹੇ ਆਪਣੀ ਜਾਤ ਅਧਾਰਤ ਸਿਆਸੀ ਪਾਰਟੀ ਦੇ ਆਗੂਆਂ ਦੇ ਲੈਕਚਰ ਵੀ ਸੁਣੇ ਸਨ। ਇਸ ਲਈ ਉਹ ਕਾਫੀ ਚੇਤੰਨ ਸੀ। ਪਿੰਡ 'ਚ ਰਜਪੂਤ ਬਹੁ ਗਿਣਤੀ ਸਨ ਤੇ ਇਹ ਸਨ ਆਟੇ 'ਚ ਲੂਣ ਬਰਾਬਰ। ਪਰ ਪੰਚੈਤ ਦੀ ਰਿਜ਼ਰਵ ਸੀਟ ਲਈ ਬਲਵੰਤ ਦੀ ਬਰਾਦਰੀ ਵਾਲਿਆਂ ਨੂੰ ਉਸ ਤੋਂ ਯੋਗ ਹਰ ਕੋਈ ਪੰਚ ਨਹੀਂ ਸੀ ਲੱਭਾ। ਬਲਵੰਤ ਨੇ ਕਮਲੋ ਦੇ ਪਿਉ ਵਲੋਂ ਲਿਖੀ ਅਰਜੀ ਤੇ ਸਰਪੰਚ ਵਲੋਂ ਅਗਲੇਰੀ ਕਾਰਵਾਈ ਹਿਤ ਠਾਣੇ ਭੇਜਣ ਲਈ ਮੁਹਰ ਲੁਆਈ ਤੇ ਆਪਣੇ ਮੁਹੱਲੇ ਦੇ ਪੰਜ-ਸੱਤ ਜਣਿਆ ਸਮੇਤ ਠਾਣੇਦਾਰ ਨੂੰ ਮਿਲਿਆ।

"ਸਾਬ੍ਹ ਬਹਾਦਰ, ਤੁਸੀਂ ਸਾਡੀ ਬਰਾਦਰੀ ਦੇ ਓ। ਜੇ ਤੁਸੀਂ ਵੀ ਨਾ ਸਾਡੀ ਫਰਿਆਦ ਸੁਣੀ ਤਾਂ ਫਿਰੀ ਹੋਰ ਕੌਣ ਸੁਣਗ। ਇਨ੍ਹਾਂ ਗਰੀਬਾਂ ਲਤਾੜਿਆ ਕੋਲ ਤੁਹਾਨੂੰ ਦੇਣ ਨੂੰ ਸੀਸਾਂ ਹੀ ਹਨ।"

"ਤੁਹਾਡੇ ਦੱਸੇ ਮੁਤਾਬਕ ਤਾਂ ਬੰਦਾ ਸਚਮੁੱਚ ਮੁਜਰਮ ਲਗਦਾ ਏ, ਫਿਰ ਵੀ ਤੁਸੀਂ ਕੀ ਚਾਹੁੰਦੇ ਹੋ।" ਠਾਣੇਦਾਰ ਨੇ ਬਲਵੰਤ ਤੇ ਉਸ ਦੇ ਸਾਥੀਆਂ ਨੂੰ ਟੋਹਣਾ ਚਾਹਿਆ।

"ਸਾਬ੍ਹ ਬਹਾਦਰ, ਸਾਡੇ ਚਾਹੁਣ ਜਾਂ ਨਾ ਚਾਹੁਣ ਨਾਲ ਕੀ ਬਣਨਾ ਏ ਜੀ। ਅਸੀਂ ਗਲਾਂਨੇ ਆ ਮਾਨ੍ਹਾ ਕਮਲੋ ਨੂੰ ਆਪਣੇ ਘਰ ਬਸਾਵੇ ਜਾਂ ਫਿਰ ਤੁਹਾਡਾ ਕਾਨੂੰਨ ਜੋ ਵੀ ਸਜ਼ਾ ਦਿੰਦਾ ਭੁਗਤੇ। ਇਨ੍ਹਾਂ ਨੂੰ ਇਕ ਵਾਰੀ ਅਕਲ ਆਈ ਜਾਵੇ ਤੇ ਮੁੜ ਕਿਸੇ ਹੋਰ ਧੀ-ਭੈਣ ਨਾਲ ਇਆਂ ਕਰਨ ਦੀ ਜੁਰੱਤ ਨਾ ਕਰਨ। ਬਲਵੰਤ ਵਲੋਂ ਲਾਇਆ ਜਾਤ ਬਰਾਦਰੀ ਦਾ ਟੀਕਾ ਠਾਣੇਦਾਰ ਦੇ ਦਿਲ ਦਿਮਾਗ ਤੇ ਅਸਰ ਕਰ ਗਿਆ ਸੀ ਤੇ ਉਸ ਨੇ ਉਨ੍ਹਾਂ ਨੂੰ ਪੂਰਾ ਇਨਸਾਫ ਦੁਆਉਣ ਦਾ ਵਿਸ਼ਵਾਸ ਦੁਆ ਕੇ ਭੇਜ ਦਿੱਤਾ।

ਤੇ ਅਗਲੇ ਹੀ ਦਿਨ ਠਾਣੇਦਾਰ ਇਕ ਹੌਲਦਾਰ ਤੇ ਦੋ ਸਿਪਾਹੀਆਂ ਨਾਲ ਪਿੰਡ ਪੁੱਜ ਗਿਆ ਸੀ। ਪਿੰਡ ਵਿਚ ਪੁਲਿਸ ਦਾ ਆਉਣਾ ਉਨ੍ਹਾਂ ਲੋਕਾਂ ਲਈ ਕੋਈ ਸਧਾਰਨ ਗੱਲ ਨਹੀਂ ਸੀ, ਸਗੋਂ ਇਕ ਇਤਿਹਾਸਿਕ ਘਟਨਾ ਸੀ। ਲੋਕੀਂ ਹੈਰਾਨ ਸਨ ਕਿ ਪੁਲਿਸ ਪਥਰੀਲੀ ਖੱਡ ਦਾ ਛੇ-ਸੱਤ ਕਿਲੋਮੀਟਰ ਲੰਮਾ ਰਸਤਾ ਪੈਦਲ ਚਲ ਕੇ ਪਿੰਡ ਪੁੱਜੇ ਸਨ।

ਕੋਈ ਜੀਪ ਮੋਟਰ ਦਾ ਰਸਤਾ ਨਹੀਂ ਸੀ। ਠਾਣੇਦਾਰ ਆਪਣੇ ਅਮਲੇ ਟੋਲੇ ਸਮੇਤ ਸਰਪੰਚ ਦੇ ਘਰ ਪੁੱਜ ਗਿਆ ਸੀ। ਦੁਪਿਹਰਾਂ ਢਲ ਰਹੀਆਂ ਸਨ। ਠੰਡ ਦਾ ਮੌਸਮ ਸੀ। ਸਰਪੰਚ ਨੇ ਪਹਿਲੀ ਵਾਰੀ ਆਪਣੇ ਘਰ ਆਏ ਸਰਕਾਰੀ ਮਹਿਮਾਨਾਂ ਦੀ ਸੇਵਾ ਟਹਿਲ ਵਿਚ ਕੋਈ ਕਸਰ ਨਹੀਂ ਸੀ ਛੱਡੀ। ਉਨ੍ਹਾਂ ਦੀ ਠੰਡ ਤੇ ਥਕਾਵਟ ਲਾਹੁਣ ਲਈ ਵਧੀਆ ਫੌਜੀ ਰਮ ਤੇ ਜੰਗਲੀ ਸੂਰ ਦੇ ਮੀਟ ਨਾਲ ਲੰਚ ਛਕਾਇਆ ਗਿਆ। ਫਿਰ ਪੰਡਿਤ ਰੁਲੀਆ ਰਾਮ ਦੀ ਦੁਕਾਨ ਸਾਮ੍ਹਣੇ ਪਿੱਪਲ ਦੇ ਥੜੇ ਤੇ ਉਨ੍ਹਾਂ ਲਈ ਕੁਰਸੀਆਂ ਲੁਆ ਦਿੱਤੀਆਂ ਗਈਆਂ। ਜਿੱਥੇ ਠਾਣੇਦਾਰ, ਹੌਲਦਾਰ ਤੇ ਸਿਪਾਹੀਆਂ ਨੇ ਆਪਣਾ ਦਰਬਾਰ ਸਜਾ ਲਿਆ। ਪੰਚੈਤ ਮੈਂਬਰਾਨ, ਦੋਵੇਂ ਧਿਰਾਂ ਅਤੇ ਖੂਹ ਤੇ ਪਾਣੀ ਲੈਣ ਆਏ ਕਈ ਮਰਦ ਉੱਥੇ ਇਕੱਠੇ ਹੋ ਗਏ। ਇਸ ਇਕੱਠ ਵਿਚ ਸਿਰਫ ਤਿੰਨ ਔਰਤਾਂ ਸਨ। ਕਮਲੋ ਤੇ ਉਸ ਦੀ ਮਾਂ, ਮਾਨ੍ਹੇ ਦੀ ਭਰਜਾਈ ਜਾਂ ਫਿਰ ਲਾਗਲੇ ਖੂਹ ਦੀ ਮੌਣ ਉਹ ਲਿਉ ਘੁੰਡ ਚੋਂ ਝਾਕਦੀਆਂ ਪਾਣੀ ਭਰਨ ਆਈਆਂ ਕੁਝ ਔਰਤਾਂ। ਸਾਰਿਆਂ ਦੀਆਂ ਸਵਾਲੀਆਂ ਨਜ਼ਰਾਂ ਠਾਣੇਦਾਰ ਤੇ ਉਸ ਦੇ ਸਾਥੀਆਂ ਤੇ ਟਿਕੀਆਂ ਸਨ। ਹੁਣ ਕੀ ਹੋਵੇਗਾ, ਇਹ ਸੋਚ ਕੇ ਉਨ੍ਹਾਂ ਦੇ ਦਿਲਾਂ ਦੀਆਂ ਧੜਕਨਾਂ ਤੇਜ਼ ਹੋ ਗਈਆਂ ਸਨ।

ਠਾਣੇਦਾਰ ਨੇ ਬੜੇ ਹੀ ਅਫਸਰਾਨਾ ਲਹਿਜੇ ਵਿਚ "ਓ—ਕਿਹੜੇ ਏ ਬਈ—ਮਾਨ੍ਹ ਸੂਆ—ਪਿੰਡ ਦਾ ਸੂਰਮਾ ਪੁੱਤ—?" ਕਹਿ ਕੇ ਕਾਰਵਾਈ ਸ਼ੁਰੂ ਕੀਤੀ। ਸਾਹ ਰੋਕ ਕੇ ਬੈਠੀ ਧਿਰ 'ਚੋਂ ਉਠ ਕੇ ਮਾਨ੍ਹੇ ਨੇ ਠਾਣੇਦਾਰ ਦੀਆਂ ਸੁਰਖ ਅੱਖਾਂ 'ਚ ਅੱਖਾਂ ਪਾ ਕੇ ਹੱਥ ਜੋੜਦਿਆਂ ਕਿਹਾ, "ਸਾਬ੍ਹ ਬਹਾਦਰ ਮੈਂ ਆਂ ਜੀ।" ਮਾਨ੍ਹੇ ਦੀ ਆਵਾਜ਼ ਹਮੇਸ਼ਾਂ ਵਾਂਗ ਬੇਖੌਫ ਤੇ ਬੇਝਿਜਕ ਸੀ। ਸੱਥ 'ਚ ਬੈਠੇ ਲੋਕਾਂ ਨੂੰ ਮਾਨ੍ਹਾ ਇਕ ਵਾਰ ਫੇਰ ਨਿਰਦੋਸ਼ ਲੱਗਾ। ਉਹ ਸੋਚ ਰਹੇ ਸਨ ਜੇ ਮਾਨ੍ਹਾ ਕਸੂਰ ਵਾਰ ਹੁੰਦਾ ਤਾਂ ਪਿੰਡ ਛੱਡ ਕੇ ਵੀ ਭੱਜ ਸਕਦਾ ਸੀ ਜਾਂ ਫਿਰ ਪੁਲਿਸ ਸਾਮ੍ਹਣੇ ਇੰਜ ਧੌਣ ਚੁੱਕ ਕੇ ਗੱਲ ਨਹੀਂ ਸੀ ਕਰ ਸਕਦਾ। "ਤੇਰੇ ਖਿਲਾਫ ਰਿਪੋਰਟ ਆਈ ਹੈ ਕਿ ਤੂੰ ਸੂਰਮ ਚੰਦ ਦੀ ਧੀ ਕਮਲੋ ਨੂੰ ਸਾਲ ਕੁ ਪਹਿਲੋਂ ਵਿਆਹ ਕਰਾਉਣ ਦਾ ਝਾਂਸਾ ਦੇ ਕੇ ਪਿੰਡੋਂ ਭਜਾ ਲੈ ਗਿਆ ਸੀ। ਫਿਰ ਉਸਨੂੰ ਵੇਚ ਦਿੱਤਾ, ਹੁਣ ਜਦੋਂ ਉਹ ਕਿਸੇ ਤਰ੍ਹਾਂ ਪਿੰਡ ਪਰਤੀ ਤਾਂ ਤੂੰ ਉਸ ਨੂੰ ਜਾਨੋਂ ਮਾਰਨ ਦੀ ਕੋਸ਼ਿਸ਼ ਕੀਤੀ ਏ।"

"ਸਰਦਾਰ ਸਾਬ, ਇਹ ਸਰਾਸਰ ਝੂਠ ਏ। ਮੈਂ ਇਆਂ ਦਾ ਕੋਈ ਕੰਮ ਨੀ ਕੀਤਾ।"



"ਹਾਂ ਫਿਰ ਤੂੰ ਆਪੇ ਦੱਸੇਂਗਾ ਜਾਂ ਫਿਰ ਸਾਨੂੰ ਬਕਾਉਣਾ ਆਉਂਦਾ।" ਠਾਣੇਦਾਰ ਦੀ ਕੜਕਵੀਂ ਆਵਾਜ਼ ਨਾਲ ਸਾਰਿਆਂ 'ਚ ਸਹਿਮ ਦੀ ਲਹਿਰ ਦੌੜ ਗਈ।

"ਜਨਾਬ ਮੈਂ ਦੱਸੀ ਦਿੱਤੀ ਨਾ, ਮਿੰਨੂ ਉਸ ਬਾਰੇ ਕੱਖ ਨੀ ਪਤਾ। ਫਿਰੀ ਮੈਂ ਕੀ ਦੱਸੀ ਦਿਆ।" ਮਾਨ੍ਹੇ ਦੇ ਬੋਲਾਂ 'ਚ ਤਲਖੀ ਸੀ। ਉਸ ਦੀ ਤਲਖੀ ਨੂੰ ਭਾਂਪਦਿਆਂ ਠਾਣੇਦਾਰ ਭੁੜਕ ਪਿਆ, 'ਬੰਨ੍ਹੋ ਇਸ ਦੇ ਹੱਥ—ਪਾਉ ਸਾਲੇ ਨੂੰ ਲੰਮਾ।" ਠਾਣੇਦਾਰ ਦਾ ਹੁਕਮ ਸੁਣਦਿਆਂ ਸਾਰ ਹੀ ਦੋਵੇਂ ਸਿਪਾਹੀ ਹਰਕਤ ਵਿਚ ਆ ਗਏ। ਉਨ੍ਹਾਂ ਨੇ ਸੱਥ 'ਚ ਬੈਠੇ ਇਕ ਭਾਈ ਦੇ ਮੋਢੇ ਤੋਂ ਪਰਨਾ ਲੈ ਕੇ ਮਾਨ੍ਹੇ ਦੀਆਂ ਦੋਵੇਂ ਬਾਹਾਂ ਪਿੱਠ ਮਗਰ ਮੋੜ ਕੇ ਬੰਨ੍ਹ ਦਿੱਤੀਆਂ।"

"ਪਾਉ...ਪਾਉ... ਇਸ ਨੂੰ ਲੰਮਾ।" ਠਾਣੇਦਾਰ ਨੇ ਹੁਕਮ ਸੁਣਾਇਆ।

ਮਾਨ੍ਹਾ ਕੈਰੀ ਅੱਖ ਨਾਲ ਕਦੇ ਉਸ ਹੌਲਦਾਰ ਵੱਲ ਵੇਖਦਾ ਸੀ, ਕਦੇ ਠਾਣੇਦਾਰ ਵੱਲ ਤੇ ਕਦੇ ਦੰਦਾਂ 'ਚ ਤੀਲਾ ਫੇਰਦੇ ਸ਼ੰਭੂ ਲੰਬੜ ਵੱਲ। ਕਿਸੇ ਵੀ ਅੱਖ 'ਚ ਉਸ ਨੂੰ ਆਪਣੇ ਲਈ ਹਮਦਰਦੀ ਦੀ ਲਿਸ਼ਕ ਨਹੀਂ ਦਿਖਾਈ ਦਿੱਤੀ। ਸਿਪਾਹੀ ਉਸ ਨੂੰ ਲੰਮਾ ਪਾਉਣ ਲੱਗੇ ਤਾਂ ਉਹ ਹੌਲਦਾਰ ਵੱਲ ਕੈਰੀ ਅੱਖ ਨਾਲ ਵੇਖਦਾ ਕੁਝ ਆਕੜਿਆ ਪਰ ਸਿਪਾਹੀਆਂ ਨੇ ਉਸ ਦੀ ਲੱਤਾਂ ਤੇ ਮਗਰੋਂ ਦੀ ਗੋਡੇ ਨੇੜਿਉਂ ਠੁੰਡਾ ਮਾਰ ਕੇ ਲੱਤਾਂ ਮੋੜ ਦਿੱਤੀਆਂ ਤੇ ਉਥੇ ਹੀ ਢਿਡ ਭਾਰ ਪਥਰੀਲੀ ਜ਼ਮੀਨ ਤੇ ਲੰਮਾ ਪਾ ਦਿੱਤਾ ਮਾਨ੍ਹੇ ਨੂੰ। ਪੈਰਾਂ ਦੀਆਂ ਤਲੀਆਂ ਪੁੱਠੇ ਲਮਕੇ ਚਮ ਗਾਦੜ ਵਾਂਗ ਅਕਾਸ਼ ਵੱਲ ਸਨ।

ਲੋਕੀ ਸਾਹ ਰੋਕੀ ਉਹ ਨਜ਼ਾਰਾ ਵੇਖ ਰਹੇ ਸਨ। ਉਨ੍ਹਾਂ ਲਈ ਇਹ ਸਭ ਤੋਂ ਅਸਲੋਂ ਨਵੀਂ ਗੱਲ ਸੀ।

"ਹੁਣ ਵੀ ਕਹਿਨਾਂ ਬੱਕ ਪੈ ਅਜੇ ਵੀ...ਸਾਡੇ ਡੰਡੇ ਅੱਗੇ ਵੱਡੇ-ਵੱਡੇ ਭੂਤ ਨੱਚਣ ਲੱਗ ਪੈਂਦੇ ਨ ਬੜੇ-ਬੜੇ ਸ਼ਾਤਿਰ ਬਕਾ ਲੈ ਆਪਾਂ...ਤੂੰ ਚੀਜ਼ ਈ ਕੀ ਏ....।" ਠਾਣੇਦਾਰ ਕੁਝ ਗੁੱਸੇ 'ਚ ਜਾਪਦਾ ਸੀ।

"ਮੈਂ ਗਲਾਇਆ ਨਾ ਮਿੰਨੂ ਨੀ ਕੁਝ ਬੀ ਪਤਾ...।" ਮਾਨ੍ਹੇ ਨੇ ਜ਼ਮੀਨ ਛੂੰਦੇ ਮੂੰਹ 'ਚੋਂ ਔਖੀ ਜਿਹੀ ਆਵਾਜ਼ ਨਿਕਲੀ ਸੀ।

"ਚੰਗਾ ਫਿਰ ਜਵਾਨੋ, ਜ਼ਰਾ ਵਿਖਾਉ ਆਪਣੇ ਹੱਥ।" ਠਾਣੇਦਾਰ ਦਾ ਹੁਕਮ ਸੁਣਦਿਆਂ ਹੀ ਦੋਵੇਂ ਸਿਪਾਹੀਆਂ ਨੇ ਹੱਥ 'ਚ ਡਾਗਾਂ ਲੈ ਕੇ ਮਾਨ੍ਹੇ ਦੇ ਪੈਰਾਂ ਦੇ ਸੱਜੇ ਖੱਬੇ ਵੱਲ ਪੁਜ਼ੀਸ਼ਨਾਂ ਲੈ ਲਈਆਂ। ਪਹਿਲਾਂ ਸੱਜੇ ਵਾਲੇ ਨੇ ਡਾਂਗ ਹਵਾ 'ਚ ਲਹਿਰਾਈ ਤੇ ਅਕਾਸ਼ ਵੱਲ ਨੂੰ ਕੀਤੀਆ ਮਾਨ੍ਹੇ ਦੇ ਪੈਰਾਂ ਦੀਆਂ ਤਲੀਆਂ ਤੇ ਪੂਰੇ ਜ਼ੋਰ ਨਾਲ ਤਾੜ ਕਰਦੀ ਟਿਕਾ ਤੀ। ਪਹਿਲੀ ਡਾਂਗ ਤਲੀਆਂ ਹਟਦਿਆਂ ਹੀ ਖੱਬੇ ਵਾਲੇ ਦੀ ਡਾਂਗ ਪੂਰੇ ਜ਼ੋਰ ਨਾਲ ਵੱਜੀ। ਦੋਵੇਂ ਸਿਪਾਹੀ ਵਾਰੋ-ਵਾਰੀ ਇੰਜ ਡਾਂਗ ਚਲਾ ਰਹੇ ਸਨ, ਜਿਵੇਂ ਉਹ ਛੱਲੀਆਂ ਕੁੱਟ ਰਹੇ ਹੋਣ। ਪਰ ਸਦਕੇ ਜਾਈਏ ਮਾਨ੍ਹੇ ਪੁੱਤ ਦੇ ਉਸ ਨੇ ਸੀ ਤੱਕ ਨਾ ਕੀਤੀ। ਭਾਵੇਂ ਉਸ ਦੀਆਂ ਆਂਦਰਾ ਸੂਤੀਆਂ ਗਈ ਸਨ ਤੇ ਅੱਕਾਂ ਮੁਹਰੇ ਭੰਬੂਤਾਰੇ ਟਿਮਕਣ ਲੱਗ ਪਏ ਸਨ। ਧਰਤੀ ਨੂੰ ਛੂੰਦਾ ਮਾਨ੍ਹੇ ਦਾ ਚੇਹਰਾ ਜ਼ਰਦ ਹੋ ਗਿਆ ਸੀ। ਪਰ ਉਸ ਦੀ ਜ਼ੁਬਾਨ ਜਿਵੇਂ ਠਾਕੀ ਗਈ ਸੀ ਉਸ ਨੇ ਮੂੰਹ ਨਹੀਂ ਖੋਲਿਆ। ਕੁਝ ਦੇਰ ਬਾਦ ਠਾਣੇਦਾਰ ਦੇ ਇਸ਼ਾਰੇ ਤੇ ਸਿਪਾਹੀ ਡਾਂਗ ਚਲਾਣੋਂ ਰੁਕ ਗਏ। ਉਹਨਾਂ ਨੇ ਮਾਨ੍ਹੇ ਨੂੰ ਬਾਹਾਂ ਤੋਂ ਚੁਕ ਕੇ ਖੜਾ ਕੀਤਾ। ਪਰ ਪੋਲੀਓ ਮਾਰੇ ਮਰੀਜ਼ ਵਾਂਗ ਉਸ ਦੀਆਂ ਲੱਤਾਂ ਲਮਕ ਗਈਆਂ। ਲੱਤਾਂ ਨੇ ਸਰੀਰ ਦਾ ਭਾਰ ਨਹੀਂ ਸਹਾਰਿਆ, ਉਹ ਥਾਏਂ ਡਿੱਗ ਪਿਆ। ਸਿਪਾਹੀਆਂ ਨੇ ਉਸ ਨੂੰ ਮੁੜ ਖੜਾ ਕੀਤਾ। ਕੁਝ ਮਿੰਟਾਂ 'ਚ ਜਿਵੇਂ ਉਸ ਦੀਆਂ ਲੱਤਾਂ ਦਾ ਖੂਨ ਦਾ ਦੌਰਾ ਮੁੜ ਸ਼ੁਰੂ ਹੋ ਗਿਆ ਤੇ ਉਹ ਪੈਰਾਂ ਤੇ ਖੜਾ ਹੋ ਗਿਆ।

"ਚਲ ਦੌੜ ਕੇ ਖੂਹ ਨੂੰ ਹੱਥ ਲਾ ਕੇ ਆ।" ਠਾਣੇਦਾਰ ਕੜਕਿਆ। ਮਾਨ੍ਹਾ ਤੁਰਿਆ ਪਰ ਉਸਦੇ ਪੈਰ ਜ਼ਮੀਨ ਤੇ ਨਹੀਂ ਸਨ ਲੱਗ ਰਹੇ। ਉਸਦੇ ਪੈਰ ਜ਼ਮੀਨ ਛੂੰਹਦਿਆਂ ਸਾਰ ਹੀ ਇੰਜ ਉਪਰ ਨੂੰ ਉਲਰਦੇ ਜਿਵੇਂ ਜ਼ਮੀਨ ਤੇ ਚੰਗਿਆੜੇ ਵਿਛੇ ਹੋਏ। ਉਹ ਜਿਵੇਂ ਉੜ ਰਿਹਾ ਹੋਵੇ। ਹੱਥ ਪਿੱਛਿਓ ਬੱਝੇ ਹੋਣ ਕਾਰਨ ਸਰੀਰ ਦਾ ਸੰਤੁਲਨ ਨਹੀਂ ਸੀ ਬਣ ਰਿਹਾ। ਉਹ ਖੂਹ ਤਾਈਂ ਡਿਗਦਾ ਢਹਿੰਦਾ ਪੁੱਜਿਆ। ਖੂਹ ਦੀ ਮੌਣ ਉਹਲੇ ਬੈਠ ਕੇ ਵੇਖਦੀਆਂ ਔਰਤਾਂ ਨੇ ਮੂੰਹ ਪੱਲੇ ਨਾਲ ਢੱਕ ਲਿਆ। ਖੂਹ ਤੋਂ ਮੁੜਣ ਲਗਿਆ ਉਹ ਕੁਝ ਠੀਕ ਚਲਿਆ। ਮਾਨ੍ਹੇ ਦੇ ਸਖਤ ਚੇਹਰੇ ਤੇ ਪੀੜ ਦੇ ਦਾਇਰੇ ਖੇਤਾਂ ਦੇ ਸਿਆੜਾਂ ਵਾਂਗ ਉਕਰੇ ਗਏ ਸਨ। ਉਹ ਠਾਣੇਦਾਰ ਤੇ ਹੌਲਦਾਰ ਨੂੰ ਖਾ ਜਾਣ ਵਾਲੀ ਕੈਰੀ ਨਿਗਾਹ ਨਾਲ ਵੇਖ

ਤਿਹਾ ਸੀ ਤੇ ਸਚਮੁਚ ਹੌਲਦਾਰ ਤਾਂ ਉਸ ਨਾਲ ਅੱਖਾਂ ਵੀ ਚਾਰ ਨੀ ਕਰ ਸਕਿਆ।

"ਹਾ ਫਿਰ ਮਾਨ੍ਹਿਆ ਕੀ ਕੀ ਕੀਤਾ ਸੀ ਆਪਣੀ ਮਾਂ ਨਾਲ—ਕਿਥੇ ਕਿਥੇ ਖੇਹ ਖਾਧੀ ਇਦ੍ਹੇ ਨਾਲ।" ਠਾਣੇਦਾਰ ਨੇ ਗੋਲੀ ਵਰਗਾ ਸਵਾਲ ਛੱਡਿਆ।

"ਮਿੰਨੂ ਨੀ ਪਤਾ ਕੁਝ ਬੀ।" ਮਾਨ੍ਹੇ ਨੇ ਨਾਂ ਵਿਚ ਸਿਰ ਹਿਲਾਇਆ।

"ਬੜਾ ਜਿਗਰਾ ਬਈ ਇਸ ਜਵਾਨ ਦਾ...।" ਸਾਹ ਰੋਕੀ ਬੈਠੀ ਭੀੜ 'ਚੋਂ ਇਕ ਬਿਰਧ ਬੁੜਬੜਾਇਆ।

"ਓ ਵੇਖਦੇ ਕੀ ਹੋ, ਪਾਉ ਇਸ ਨੂੰ ਮੁੜ ਲੰਮਾ। ਬੱਚੂ ਪਤਾ ਕਿਦਾਂ ਨੀ, ਹੁਣੇ ਸਾਰਾ ਕੁਝ ਬਕੇਂਗਾ ਤੂੰ...।" ਸਿਪਾਹੀਆਂ ਨੇ ਸਾਬ੍ਹ ਦੇ ਹੁਕਮ ਦੀ ਤੁਰੰਤ ਤਾਮੀਲ ਕੀਤੀ ਲੱਗੇ ਮੁੜ ਛੱਲੀਆਂ ਵਾਂਗ ਕੁੱਟਣ। ਹੁਣ ਭੀੜ ਸੋਚ ਰਹੀ ਸੀ ਕਿ ਮਾਨ੍ਹਾ ਵਾਕਈ ਨਿਰਦੋਸ਼ ਹੈ। ਉਸ ਨਾਲ ਨਾਜਾਇਜ਼ ਹੋ ਰਹੀ ਹੈ। ਅਸਲ ਦੋਸ਼ੀ ਕੋਈ ਹੋਰ ਏ। ਜ਼ਰੂਰ ਇਸਦੇ ਖਿਲਾਫ ਕੋਈ ਸਾਜਿਸ਼ ਘੜੀ ਗਈ ਹੈ। ਐਵੇਂ ਬੇਕਸੂਰ ਹੀ ਰਗੜਿਆ ਜਾ ਰਿਹਾ ਹੈ। ਪਰ ਇਹ ਗੱਲ ਜ਼ੁਬਾਨ ਤੇ ਲਿਆਉਣ ਦੀ ਹਿੰਮਤ ਕੋਈ ਨਹੀਂ ਸੀ ਕਰ ਰਿਹਾ। ਫਿਰ ਉਦੋਂ ਸਾਰਿਆਂ ਦੇ ਭੌਰ-ਭੌਰ ਉਡ ਗਏ ਜਦੋਂ ਮਾਨ੍ਹੇ ਦੀ ਭਰਜਾਈ ਪੁਲਿਸ ਵਾਲਿਆਂ ਦਾ ਸਿਆਪਾ ਕਰਦੀ ਚੀਕੀ, "ਤੂੰ ਦੱਸੀ ਕੌਂਹ ਨੀ ਦਿੰਦਾ ਕੀ ਲਗਦੀ ਸੀ ਇਹ ਕਮਜਾਤ ਤੇਰੀ..ਕੌਂਹ ਇਦ੍ਹੇ ਕਰੀ ਕੇ ਮਾਰ ਖਾਈ ਜਾਨਾਂ!" "ਵੇਖ ਤਾਂ ਕਿੰਜ ਤਕਲੀਫ ਹੋਈ ਏ ਇਸ ਨੂੰ ਆਪਣੇ ਲਾਡਲੇ ਦਿਉਰ ਦੀ। ਤੂੰ ਹੀ ਦਸ ਦੇ ਫਿਰ ਕੀ ਗੱਲਬਾਤ ਸੀ ਕਮਲੋ ਤੇ ਤੇਰੇ ਖਸਮ ਵਿਚਾਲੇ।" ਠਾਣੇਦਾਰ ਦੇ ਬੋਲ ਸੁਣ ਕੇ ਜ਼ਮੀਨ ਤੇ ਪਿਆ ਪਿਆ ਮਾਨ੍ਹਾ ਵੀ ਪਿੰਜਰੇ 'ਚ ਕੈਦ ਸ਼ੇਰ ਵਾਂਗ ਦਹਾੜਿਆ, "ਭਰਜਾਈ—ਮੂੰਹ ਨਾ ਖੋਲ੍ਹੀ, ਕਰੀ ਲੈਣ ਦੇ ਜੋ ਇਨ੍ਹਾਂ ਤੋਂ ਹੁੰਦਾ।" "ਬੰਦ ਕਰ ਓਏ ਬੂਥਾ ਆਪਣਾ।" ਮਾਨ੍ਹੇ ਨੂੰ ਦਬਕਾ ਮਾਰਦਿਆਂ ਠਾਣੇਦਾਰ ਨੇ ਫੌਜਣ (ਭਰਜਾਈ) ਨੂੰ ਗੁੱਤੋਂ ਫੜ ਕੇ ਨਾਰੀਅਲ ਦੇ ਜੁੱਟ ਵਾਂਗ ਹਲੂਣਦਿਆਂ ਕਿਹਾ, "ਸੱਚੋ-ਸੱਚ ਬੋਲ ਦੇ ਨਹੀਂ ਤਾਂ ਤੈਨੂੰ ਨੰਗੀ ਕਰਕੇ...ਤੇਰੀ ਡਾਂਗ ਦੇ ਕੇ ਤੋਰਦਾ ਲਜਾਊਂ ਠਾਣੇ..।" ਕਹਿੰਦਿਆਂ ਠਾਣੇਦਾਰ ਨੇ ਸਿਪਾਹੀ ਹੱਥੋਂ ਡਾਂਗ ਲੈ ਕੇ ਫੌਜਣ ਦੇ ਚਿਤੜਾਂ ਤੇ ਜੜ ਦਿੱਤੀ। ਸੱਟ ਖਾਦੀ ਥਾਂ ਨੂੰ ਮਸਲਦੀ ਮਧਰੀ ਜਿਹੀ ਫੌਜਣ ਰੋਂਦੀ ਹੋਈ ਬੋਲੀ, "ਮਿੰਨੂ ਨਾ ਮਾਰੋ... ਮੈਂ ਦਸੀ ਦਿਨੀਂ ਆ ਸਾਰਾ ਕੁਝ।" ਡਰੀ ਹੋਈ ਫੌਜਣ ਇਕਦਮ ਹੌਂਸਲਾ ਛੱਡ ਗਈ। ਉਸ ਨੇ ਮਾਨ੍ਹੇ ਦੀਆਂ ਸ਼ੋਲ੍ਹੇ ਉਗਲਦੀਆਂ ਅੱਖਾਂ ਵੱਲ ਵੇਖਿਆ। ਠਾਣੇਦਾਰ ਨੇ ਡਾਂਗ ਮੁੜ ਹਵਾ 'ਚ ਉਲਾਰੀ, "ਬੋਲ ਛੇਤੀ ਬੋਲ..ਆਪਣੇ ਖਸਮ ਵੱਲ ਕੀ ਝਾਕੀ ਜਾਨੀ ਏ।" ਬੱਸ ਫਿਰ ਫੌਜਣ ਔਨ ਕੀਤੇ ਰੇਡੀਓ ਵਾਂਗੂ ਝੱਟ ਬੋਲ ਪਈ, "ਇਹ ਚਮਿਆਰੀ ਮੇਰੇ ਘਰ.ਬਸਣਾ ਚਾਹੁੰਦੀ ਸੀ। ਮੈਂ ਮਾਨ੍ਹੇ ਨੂੰ ਗਲਾਇਆ ਇਸ ਘਰ 'ਚ ਜਾਂ ਇਹ ਰੈਹਗੀ ਜਾਂ ਮੈਂ..।"

"ਆਹੋ ਸੌਂਕਣ ਜੂ ਤੇਰੀ ਆ ਜਾਣੀ ਸੀ,.... ਦੋ-ਦੋ ਖਸਮਾਂ ਤੋਂ ਐਸ਼ ਕਿਦਾਂ ਕਰਨੀ ਸੀ ਫਿਰ ਤੂੰ...।" ਠਾਣੇਦਾਰ ਪੂਰੀ ਨਿਰਲੱਜਤਾ ਨਾਲ ਬੋਲ ਰਿਹਾ ਸੀ।

"ਚੰਗਾ ਅੱਗੇ ਬੋਲ...।"

"ਫਿਰੀ ਇਨ੍ਹਾਂ ਨੇ ਪਿੰਡੋਂ ਭੱਜੀ ਕੇ ਕੀ ਕੀਤਾ... ਕਿੱਥੇ ਰਹੇ ਇਦ੍ਹਾ ਨੀ ਮਿੰਨੂ ਪਾਤ, ਪਰ ਦੋ ਦਿਨ ਪੈਲਾਂ ਇਹ ਮੇਰੇ ਘਰ ਮੁੜੀ ਆਈ। ਮੈਂ ਇਨੂੰ ਆਪਣੇ ਘਰ ਜਾਣ ਲਈ ਗਲਾਇਆ ਤਾਂ ਇਹ ਮਿੰਨੂ ਮਾਰਨ ਪਈ। ਫਿਰੀ ਮੈਂ ਵੀ ਲਾਤੀਆਂ ਇਦ੍ਹੇ।"

"ਆਹੋ ਤੈਨੂੰ ਤਕਲੀਫ ਜੁ ਹੁੰਦੀ ਸੀ ਦਿਉਰ ਦਾ ਘਰ ਬਸਦਿਆ ਵੇਖਕੇ ਚੰਗਾ ਇਹ ਵੀ ਦੱਸ ਕਿ ਕਿੱਥੇ ਕਿੱਥੇ ਵੇਚਿਆ ਤੇਰੇ ਰਾਂਝੇ ਨੇ ਤੇਰੀ ਸੌਂਕਣ ਨੂੰ।"

"ਬੇਚਿਆ ਹੋਗ, ਜਿੱਥੇ-ਜਿੱਥੇ ਇਹ ਗਲਾਂਈ। ਮਿੰਨੂ ਕਿਹੜਾ ਦੱਸੀ ਕੇ ਭੱਜੇ ਸੀ ਦੋਵੇਂ।"

"ਬੋਲ ਉਏ ਵੱਡਿਆ ਰਾਂਝਿਆ—ਇਸ ਮਾਂ (ਫੌਜਣ) ਨਾਲ ਤੇਰਾ ਜੀ ਭਰ ਗਿਆ ਸੀ, ਪਹਿਲਾ ਭਰਾ ਮਾਰ ਕੀਤੀ। ਫਿਰ ਪਿੰਡ ਦੀਆਂ ਧੀਆਂ ਧਿਆਣੀਆਂ ਵੱਲ—ਬੜਾ ਮੂੰਹ ਖੁਲ ਗਿਆ ਉਏ ਤੇਰਾ।" ਕਹਿੰਦਿਆਂ ਠਾਣੇਦਾਰ ਨੇ ਵੀ ਜ਼ਮੀਨ ਤੇ ਪਏ ਮਾਨ੍ਹੇ ਦੇ ਪੰਜ ਸੱਤ ਆਪ ਹੀ ਠੋਕ ਦਿੱਤੀਆਂ। 'ਉਏ ਹੁਣ ਤਾਂ ਮੰਨ ਲੈ ਆਪਣਾ ਕਸੂਰ ਸਾਰਿਆਂ ਸਾਮ੍ਹਣੇ।" ਠਾਣੇਦਾਰ ਨੇ ਜ਼ੋਰ ਪਾਇਆ।

"ਠੀਕ ਏ ਜੀ—ਜੀਆਂ ਤੁਸੀਂ ਗਲਾਂਦੇ ਓ ਊਆਂ ਹੀ ਮੰਨੀ ਲੈਨਾਂ।" ਕੋਈ ਚਾਰਾ ਨਾ ਚਲਦਾ ਵੇਖ ਮਾਨ੍ਹੇ ਨੇ ਕੁਝ ਜ਼ਿੱਦ ਛੱਡੀ ਸੀ।



"ਉਏ . ਮੈਂ ਨੀ ਕਹਿੰਦਾ...ਇਹ ਤੇਰੀ ਮਾਂ ਕਹਿੰਦੀ ਏ ਸਾਰੀ ਪਬਲਿਕ ਸਾਮ੍ਹਣੇ। ਲਉ ਜ਼ਰਾ ਇਨ੍ਹਾਂ ਦੋਹਾਂ ਨੂੰ ਹੱਥਕੜੀ ਤੇ ਬੰਦ ਕਰੋ ਹਵਾਲਾਤ 'ਚ ਠਾਣੇ ਲਿਜਾ ਕੇ। ਜਦੋਂ ਸਾਰੀ ਉਮਰ ਚੱਕੀ ਚਲਾਊ ਤਾਂ ਆਪੇ ਆਜੂਗੀ ਅਕਲ ਟਿਕਾਣੇ।" ਠਾਣੇਦਾਰ ਨੇ ਮੁੜ ਦਬਕਾ ਮਾਰਿਆ

ਇੰਨੇ ਨੂੰ ਰਜਪੂਤ ਬਰਾਦਰੀ ਦੇ ਚਾਰ ਪੰਜ ਬਜ਼ੁਰਗ ਉੱਠੇ ਤੇ ਠਾਣੇਦਾਰ ਨੂੰ ਇਕ ਪਾਸ ਲੈ ਗਏ ਤੇ ਉਸਦੀਆਂ ਮਿੰਨਤਾਂ ਪਾਉਂਦਿਆਂ ਕਹਿਣ ਲੱਗੇ, "ਸਾਬ੍ਹ ਬਹਾਦਰ ਹੁਣ ਮਾਰ ਹੀ ਛੱਡਣਾ ਏ ਮਾਨ੍ਹੇ ਨੂੰ। ਇਸ ਤੋਂ ਗਲਤੀ ਹੋ ਗਈ। ਊਦੀ ਥਾਂ ਅਸੀਂ ਤੁਹਾਡੇ ਪੈਰਾਂ 'ਚ ਪੱਗ ਰੱਖੀ ਕੇ ਮਾਫੀ ਮੰਗਦੇ ਹਾਂ। ਜੇ ਫੌਜਣ ਠਾਣੇ ਚਲੀ ਗਈ ਤਾਂ ਸਾਡੀ ਬਰਾਦਰੀ ਤੇ ਕਲੰਕ ਲੱਗੀ ਜਾਣਾ। ਤੁਸੀਂ ਜੀਆਂ ਗਲਾਂਗੇ ਊਆਂ ਹੀ ਹੋਗ ਬਸ ਪਿੰਡ ਦੀ ਇੱਜ਼ਤ ਨੀ ਬਾਹਰ ਜਾਣੀ ਚਾਹੀਦੀ, ਅਸੀਂ ਤਾਂ ਜੀਂਦਿਆਂ ਜੀ ਮਰੀ ਜਾਂਗੇ।"

"ਗੱਲ ਤਾਂ ਬਜ਼ੁਰਗੋ ਤੁਹਾਡੀ ਵੀ ਠੀਕ ਏ। ਪਰ ਵੇਖ ਨਾ ਤੁਹਾਡੇ ਬੰਦੇ ਨੇ ਗੁਨਾਹ ਕਿਡਾ ਕੀਤਾ। ਕੁੜੀ ਨੂੰ ਉਧਾਲਣਾ, ਬੇਚਣਾ ਫਿਰ ਜਾਨੋ ਮਾਰਨ ਦੀ ਕੋਸ਼ਿਸ਼ ਕਰਨਾ। ਇਸ ਦੇ ਜਿਹੜਾ ਕੇਸ ਬਣਦਾ, ਉਸ ਤੋਂ ਇਸ ਦਾ ਬਚਾਅ ਕੋਈ ਨੀ ਹੈਗਾ।"

"ਨਹੀਂ ਸਾਬ੍ਹ ਬਹਾਦਰ, ਤੁਹਾਡੇ ਕੋਲ ਸਾਰੇ ਉਪਾਅ ਹੈਗੇ। ਇਸ ਮਸਲੇ ਨੂੰ ਇੱਥੇ ਹੀ ਮਕਾਈ ਜਾਗੋ। ਨਾਲੇ ਹੁਣ ਤਾਂ ਤਰਕਾਲਾਂ ਹੋਈ ਗਈਆਂ। ਤੁਸੀਂ ਪੈਦਲ ਕੀਆ ਜਾਂਗੇ ਛੇ-ਸੱਤ ਕਿਲਮੀਟਰ ਖੱਡਾਂ 'ਚ। ਉਪਰੋਂ ਢਾਡੂ ਵਗਦਾ। ਕੈਰਾਂ ਦੀ ਠੰਡ ਏ। ਚਲੋ ਤੁਸੀਂ ਸਰਪੰਚ ਸਾਬ੍ਹ ਦੇ ਬੈਠੋ। ਉਥੇ ਬਹੀ ਕੇ ਕੋਈ ਹੱਲ ਕੱਢੀ ਲੈਗੇ। ਅਸੀਂ ਤੁਹਾਡੇ ਕੋਲੋ ਨਾਬਰ ਨੀ .ਜੀਆਂ ਤੁਸੀਂ ਹਾਲਾਂਗੇ...ਊਆਂ ਹੀ ਹੋਗ।" ਠਾਣੇਦਾਰ ਉਨ੍ਹਾਂ ਬਜ਼ੁਰਗਾਂ ਦੀਆਂ ਗੱਲਾਂ ਤੋਂ ਨਰਮ ਪੈ ਗਿਆ ਸੀ।

ਰਾਤੀਂ ਫਿਰ ਪੁਲਸ ਪਾਰਟੀ ਨੇ ਸਰਪੰਚ ਦੇ ਘਰ ਡੇਰੇ ਲਾ ਲਏ। ਮੀਟ-ਸ਼ਰਾਬ ਖੁਲ੍ਹ ਕੇ ਵਰਤਿਆ ਗਿਆ। ਇਸੇ ਦੌਰਾਨ ਬਲਵੰਤ ਨੇ ਆਪਣੇ ਮੁਹੱਲੇ ਦੇ ਕੁਝ ਬੰਦਿਆਂ ਨੂੰ ਨਾਲ ਕੇ ਠਾਣੇਦਾਰ ਨਾਲ ਵਖਰੇ ਤੌਰ ਤੇ ਗੱਲ ਕੀਤੀ, "ਸਾਬ੍ਹ ਮਾਨ੍ਹੇ ਨੇ ਹੁਣ ਆਪਣਾ ਜੁਰਮ ਇਕਬਾਲ ਕਰ ਲਿਆ। ਹੁਣ ਇਸ ਨੂੰ ਅਜਿਹੀ ਸਖ਼ਤ ਤੋਂ ਸਖ਼ਤ ਸਜ਼ਾ ਦੁਆਈ ਦੇਗ ਕਿ ਇਨ੍ਹਾਂ ਦੀ ਹਰਕਤ ਕਰਨ ਦਾ ਹੀਆ ਨਾ ਕਰੀ ਸਕੇ।" "ਓ ਬਈ. ਸਜ਼ਾ ਹੋਣੀ ਨਾ ਹੋਣੀ ਇਹ ਤਾਂ ਕੋਰਟਾਂ ਦਾ ਕੰਮ ਏ। ਆਪਾਂ ਐਫ. ਆਈ. ਆਰ. ਲਾਜ ਕਰਕੇ ਐਸ. ਡੀ. ਐਮ. ਕੋਲ ਭੇਜ ਦੇਵਾਂਗੇ। ਬਾਕੀ ਫਿਰ ਤੁਹਾਡੀ ਸ਼ਿਕਾਇਤ ਤੇ ਜਦੋਂ ਇਹ ਕਾਰਵਾਈ ਹੋਵੇਗੀ ਉਸ ਮਗਰੋਂ ਤੁਹਾਨੂੰ ਗਵਾਹ ਪੇਸ਼ ਕਰਨੇ ਪੈਣੇ ਨੇ। ਮੰਨ ਲਉ ਹੇਠਲੀ ਕੋਰਟ ਵਿਚ ਮਾਨ੍ਹਾ ਹਾਰ ਗਿਆ, ਪੈਸੇ ਧੇਲੇ ਵਾਲੀ ਅਸਾਮੀ ਏ। ਹਾਈਕੋਰਟ ਵਿਚ ਚੌਲਿਆ ਗਿਆ ਫਿਰ। ਤੁਹਾਡੇ 'ਚ ਹੈਗੀ ਇੰਨੀ ਹਿੰਮਤ, ਕਰ ਸਕਦੇ ਹੋ ਪੈਰਵੀ ਤਾਂ ਦੱਸੋ। ਮੈਨੂੰ ਕੀ ਹੈ ਸਵੇਰੇ ਜਾਂਦਿਆਂ ਈ ਕਾਰਵਾਈ ਪਾ ਦਿੰਦਾ ਹਾਂ। ਮੈਨੂੰ ਤੁਹਾਡੇ ਨਾਲ ਪੂਰੀ ਹਮਦਰਦੀ ਏ।"

ਠਾਣੇਦਾਰ ਦੀ ਦਲੀਲ ਨੇ ਬਲਵੰਤ ਤੇ ਉਸ ਦੇ ਸਾਥੀਆਂ ਨੂੰ ਸੋਚੀ ਪਾ ਤਾ। ਉਹ ਲੋਕ ਤਾਂ ਦਿਹਾੜੀ-ਟੱਪਾ ਕਰਦੇ ਨੇ। ਉਹ ਆਪਣੀ ਰੋਜ਼ੀ ਰੋਟੀ ਦਾ ਜੁਗਾੜ ਕਰਨਗੇ ਜਾਂ ਕੋਰਟ ਕਚਹਿਰੀਆਂ 'ਚ ਧੱਕੇ ਖਾਣਗੇ। ਸੂਰਮ ਜਮਾਂ ਅਨਪੜ੍ਹ ਏ। ਪੱਲੇ ਟਕਾ ਹੈ ਨੀ। ਉਸ ਮੁਹੱਲੇ 'ਚ ਬਹੁਤ ਹੀ ਉਸ ਵਰਗੇ ਨੇ। ਕੌਣ ਜਾਵੇਗਾ ਸੂਰਮੇ ਨਾਲ ਆਪਣੀ ਦਿਹਾੜੀ ਛੱਡ ਕੇ। ਉਨ੍ਹਾਂ ਨੂੰ ਠਾਣੇਦਾਰ ਦੀ ਗਲ 'ਚ ਵਜ਼ਨ ਨਜ਼ਰ ਆਇਆ।

"ਸਰਕਾਰ, ਫਿਰੀ ਤਾਂ ਮਾਨ੍ਹਾ ਸਾਫ-ਸਾਫ ਬਚੀ ਜਾਣਾ. ਫਿਰੀ ਤਾਂ ਕਲ੍ਹ ਨੂੰ ਇਹ ਕਿਸੇ ਦੀ ਧੀ ਭੈਣ ਨੂੰ ਊਆਂ ਈ ਚੁੱਕੀ ਕੇ ਲਈ ਜਾਗੇ ਇਨ੍ਹਾਂ ਨੂੰ ਕੋਈ ਸਬਕ ਨੀ ਮਿਲਿਆ ਤਾਂ।" ਬਲਵੰਤ ਨੇ ਸ਼ੰਕਾ ਜਾਹਿਰ ਕੀਤਾ।

"ਸਬਕ ਤਾਂ ਇਨ੍ਹਾਂ ਨੂੰ ਪੂਰਾ ਸਿਖਾਵਾਂਗੇ, ਅੱਜ ਜਿਹੜੀ ਇਨ੍ਹਾਂ ਨਾਲ ਹੋਈ ਏ, ਉਹ ਥੋੜੀ ਨੀ। ਮਾਸਾ ਵੀ ਸ਼ਰਮ ਹਿਆ ਹੋਵੇ ਤਾਂ ਸੌਰੀ ਦੇ ਡੁਬ ਕੇ ਮਰ ਜਾਣ! ਘਬਰਾਉਣਾ ਨਾ ਤੁਸੀਂ ਇਹ ਕੰਮ ਮੇਰੇ ਤੇ ਛੱਡ ਦਿਓ।" ਠਾਣੇਦਾਰ ਨੇ ਉਨ੍ਹਾਂ ਨੂੰ ਹੌਂਸਲਾ ਦਿੱਤਾ। ਬਲਵੰਤ ਹੁਰਾਂ ਨਾਲ ਗੱਲ ਕਰਨ ਮਗਰੋਂ ਠਾਣੇਦਾਰ ਨੂੰ ਦੂਸਰੀ ਧਿਰ ਨੇ ਘੇਰ ਲਿਆ।

"ਸਾਬ੍ਹ ਬਹਾਦਰ, ਫਿਰੀ ਕੀ ਸੋਚਿਆ ਏ ਤੁਸੀਂ ਮਾਨ੍ਹੇ ਬਾਰੇ।" ਕੈਪਟਨ ਗੰਡਾ ਸਿੰਘ (ਰਿਟਾਇਰ) ਨੇ ਮੋਹਰੀ ਹੋ ਕੇ ਗੱਲ ਸ਼ੁਰੂ ਕੀਤੀ।

"ਕਰਨਾ ਕੀ ਏ, ਮਾਨ੍ਹੇ ਨੇ ਆਪਣਾ ਜੁਰਮ ਇਕਬਾਲ ਕਰ ਲਿਆ ਏ। ਸਵੇਰੇ ਆਪਾ ਐਫ. ਆਈ. ਆਰ. ਦਰਜ ਕਰਕੇ ਕੇਸ ਬਣਾ ਦੇਣਾ ਏ। ਆਪਣਾ ਤਾਂ ਹੁਣ ਬਸ ਇੰਨਾ ਹੀ ਕੰਮ ਏ।"

"ਨਈਂ ਸਰ, ਕੋਈ ਵਿਚਕਾਰਲਾ ਰਸਤਾ ਲੱਭੀ ਲੱਗੇ। ਸੱਪ ਵੀ ਮਰੀ ਜਾਵੇ ਤਾ ਲਾਠੀ ਵੀ ਨਾ ਟੁੱਟੇ। ਕੈਪਟਨ ਗੰਡਾ ਸਿੰਘ ਨੇ ਬੇਨਤੀ ਕੀਤੀ।

"ਤੁਹਾਡੀ ਗੱਲ ਠੀਕ ਏ, ਪਰ ਮਾਨ ਤੋਂ ਕੇਸ ਹੀ ਇਨਾਂ ਵੱਡਾ ਬਣਦਾ ਏ, ਜੇ ਕਿਸੇ ਨੇ ਮੇਰੀ ਸ਼ਿਕਾਇਤ ਕਰ ਦਿੱਤੀ ਫੇਰ ਮੈਂ ਕਿਹਦੀ ਮਾ ਨੂੰ ਮਾਸੀ ਕਹਾਂਗਾ, ਦੱਸੋ।"

ਫਿਰ ਅੱਧੀ ਰਾਤ ਤਾਈਂ ਮਾਨ੍ਹੇ ਵਾਲੀ ਧਿਰ ਠਾਣੇਦਾਰ ਨੂੰ ਮਨਾਉਂਦੀ ਰਹੀ ਤੇ ਅਖੀਰ ਗੱਲ ਇੱਥੇ ਮੁੱਕੀ ਕੇ ਮਾਨ੍ਹਾ ਪੰਝੀ ਹਜ਼ਾਰ ਰੁਪਏ ਕਮਲੋ ਦੇ ਇਲਾਜ ਤੇ ਉਸ ਦੇ ਵਿਆਹ ਖਾਤਿਰ ਸੂਰਮ ਚੰਦ ਨੂੰ ਦੇਵੇਗਾ ਅਤੇ ਪੰਝੀ ਹਜ਼ਾਰ ਹੀ ਕੇਸ ਨੂੰ ਰਫਾ ਦਫਾ ਕਰਨ ਲਈ ਪੁਲਿਸ ਨੂੰ ਮਿਹਨਤਾਨਾ ਦੇਵੇਗਾ। ਰਾਤੋਂ ਰਾਤ ਮਾਨ੍ਹੇ ਨੂੰ ਆਪਣੀ ਪੈਲੀ ਭਰਜਾਈ ਨੇ ਆਪਣੇ ਜ਼ੇਵਰ ਗਹਿਣੇ ਸਮਝੌਤੇ ਤੇ ਦੋਹਾਂ ਧਿਰਾਂ ਦੇ ਦਸਤਖਤ/ਅੰਗੂਠੇ ਲੁਆ ਕੇ ਠਾਣੇਦਾਰ ਆਪਣੇ ਅਮਲੇ ਸਮੇਤ ਮੂੰਹ ਹਨ੍ਹੇਰੇ ਹੀ ਪਿੰਡੋ ਚਲਿਆ ਗਿਆ।

ਦੂਸਰੇ ਦਿਨ ਖੂਹ ਤੇ ਪਾਣੀ ਭਰਨ ਆਏ ਲੋਕੀ ਆਪਣੇ-ਆਪਣੇ ਕਿਆਸ ਲਾ ਰਹੇ ਸਨ। ਕੋਈ ਕਹਿੰਦਾ ਮਾਨ੍ਹਾ ਤੇ ਉਸ ਦੀ ਭਰਜਾਈ ਹੁਣ ਸਾਰੀ ਉਮਰ ਜੇਲ੍ਹ ਦੀ ਚੱਕੀ ਪੀਸਣਗੇ। ਕੋਈ ਦਾਵੇ ਨਾਲ ਕਹਿੰਦਾ ਕਮਲੋ ਹੁਣ ਮਾਨ੍ਹੇ ਦੇ ਹੀ ਬਸੂਗੀ। ਕੋਈ ਕਮਲੋ ਨੂੰ ਵੀ ਬਰਾਬਰ ਦੀ ਕਸੂਰਵਾਰ ਠਹਿਰਾ ਰਿਹਾ ਸੀ ਤੇ ਕੋਈ ਕਮਲੋ ਨੂੰ ਮਾਨ੍ਹੇ ਦੇ ਬਸਾਉਣ ਲਈ ਸੂਰਮ ਦੀ ਘੜੀ ਸਾਜਿਸ਼ ਦਸ ਰਿਹਾ ਸੀ। ਹਰ ਕੋਈ ਆਪਣੀ ਗੱਲ ਨੂੰ ਸਹੀ ਗਰਦਾਨਣ ਲਈ ਵੱਧ ਚੜ ਕੇ ਦਲੀਲਾਂ ਪੇਸ਼ ਕਰ ਰਿਹਾ ਸੀ। ਹਰ ਕੋਈ ਜਾਨਣ ਲਈ ਉਤਸੁਕ ਸੀ ਕਿ ਰਾਤੀਂ ਠਾਣੇਦਾਰ ਕੀ ਕਰ ਕੇ ਗਿਆ ਏ।

ਉਧਰ ਬਲਵੰਤ ਨੇ ਪੰਝੀ ਹਜ਼ਾਰ ਰੁਪਏ ਸੂਰਮ ਦੀ ਤਲੀ ਤੇ ਧਰਦਿਆਂ ਕਿਹਾ, "ਜੀਆਂ ਅਸੀਂ ਚਾਹੁੰਦੇ ਸੀ, ਊਆਂ ਤਾਂ ਨੀ ਹੋਇਆ, ਪਰ ਫਿਰੀ ਵੀ ਠਾਣੇਦਾਰੇ ਦੀਆਂ ਕੋਸ਼ਸ਼ਾਂ ਨਾਲ ਪੈਸੇ-ਧੇਲੇ ਵਲੋਂ ਤਾਂ ਥੱਲੇ ਲੱਗੇ ਈ ਨਾ, ਨਾਲ ਜਿੜੀ ਝਾੜ ਝੰਬ ਹੋਈ ਓ ਵੱਖਰੀ।" ਇਸ ਤੋਂ ਪਹਿਲੋਂ ਕਿ ਸੂਰਮ ਕੋਈ ਜਵਾਬ ਦਿੰਦਾ, ਕਮਲੋ ਨੇ ਚਿਹਰੇ ਤੇ ਨਫਰਤ ਦੇ ਭਾਵ ਲਿਆਉਂਦਿਆਂ ਕਿਹਾ, 'ਪਰ ਚਾਚਾ ਮਿੰਨੂ ਕਿਹੜਾ ਇਨਸਾਫ ਮਿਲਿਆ—ਇਨ੍ਹਾਂ ਪੈਸਿਆਂ ਨਾਲ ਮੈਂ ਸਾਲ ਭਰ ਪੈਲ੍ਹੋ ਵਰਗੀ ਹੋ ਜਾਂਗੀ...।"
ਬਲਵੰਤ ਤੇ ਸੂਰਪ ਨਿਰਉੱਤਰ ਹੋ ਗਏ ਸਨ।

**-1154-ਆਈ. ਟੀ3-ਸੀ ਸੈਕਟਰ-4, ਤਲਵਾੜਾ ਟਾਊਨਸ਼ਿਪ 144216**

-0-

## ਆਜ਼ਾਦੀ/ਗੁਰਬਖ਼ਸ਼ ਸਿੰਘ ਭੰਡਾਲ

ਦੂਰ ਤੱਕ ਝੀਲ ਦਾ ਠਹਿਰਿਆ ਪਾਣੀ,
ਪਾਣੀ ਉੱਤੇ ਵਿਛਾਈ ਹਰੀ ਕਾਈ,
ਕਾਈ ਦੇ ਮੁੱਢੀਂ ਪਿਆ ਸੰਘਣਾ ਜਾਲਾ,
ਅਤੇ
ਉਸ ਜਾਲ੍ਹੇ 'ਚ ਫਸੀ ਮੱਛੀ ਸੋਚਦੀ ਹੈ
ਕਿ
ਕੀ ਇਹੋ ਹੈ,
ਖੁੱਲ੍ਹੇ ਪਾਣੀਆਂ 'ਚ ਤਾਰੀਆਂ ਲਾਉਣ ਦੀ ਆਜ਼ਾਦੀ?



## ਕਾਫ਼ੀ/ ਹਰਭਜਨ ਸਿੰਘ ਹੁੰਦਲ

ਸੱਜਣ ਜੀ।
ਤੁਸੀਂ ਕਿਹੜੀ ਗੱਲੋਂ ਰੁੱਸੇ-?
ਹੋਈ ਅਸਾਥੋਂ ਕਵਣ ਖੁਨਾਮੀ
ਤੁਸੀਂ ਲਗਦੇ ਗੁੱਸੇ ਗੁੱਸੇ।

ਕਿਹੜੀਆਂ ਖੋਹੀਆ ਮਿਲਖ ਜਗੀਰਾਂ
ਤੇ ਕਿਹੜੇ ਤਖ਼ਤ ਹਜ਼ਾਰੇ।
ਥਾਂ ਥਾਂ ਮਹਿਮਾਂ ਹੋਏ ਤੁਹਾਡੀ
ਤੇ ਆਪਾਂ ਕਵੂਣ ਵਿਚਾਰੇ।
ਸਾਡਾ ਨਾ ਕੋਈ ਠਾਹੁਰ ਟਿਕਾਣਾ
ਤੇ ਲੱਭੀਏ ਰੋਜ਼ ਸਹਾਰੇ।
ਜਨਮ ਜਨਮ ਦੇ ਅਸੀਂ ਗੁਨਾਹੀਂ
ਧ੍ਰਿੱਗ ਆਸਾਡੇ ਜੁੱਸੇ।

ਅਸੀਂ ਤਾਂ ਮੁੱਢੋਂ ਸਿੱਧ ਪੱਧਰੇ ਸੀ
ਤੁਸੀਂ ਤਾਂ ਬਹੁਤ ਸਿਆਣੇ।
ਪਾਈਆਂ ਪੈੜਾਂ ਪੂਜਣ ਵਾਲੇ।
ਅਸੀਂ ਗ਼ਰੀਬ ਨਿਮਾਣੇ।
ਤੁਸੀਂ ਤਾਂ ਜਿਸ ਦਿਨ ਪ੍ਰਗਟ ਹੋਏ
ਜੰਮਦੇ, ਅਕਲ ਸਰ੍ਹਾਣੇ।
ਚੜ੍ਹਦੀ ਕਲਾ ਹਮੇਸ਼ ਤੁਹਾਡੀ
ਤੇ ਅਸੀਂ ਲਗਦੇ ਹੁੱਸੇ ਹੁੱਸੇ।

ਜੇ ਚਾਨਣ ਨਹੀਂ ਚੰਗਾ ਲਗਦਾ
ਜਗੇ 'ਚਿਰਾਗ਼' ਬੁਝਾਈਏ
ਜਿੰਨੇ ਸਵਾਸ ਅਸਾਡੇ ਬਚਦੇ
ਅਸੀਂ ਨਾਮ ਤੁਹਾਡੇ ਲਾਈਏ।
ਜਿਸ ਰਾਹੋਂ ਤੁਸੀਂ ਹਟਕ ਦਿਓਗੇ
ਉਸ ਰਾਹ ਕਦੇ ਨਾ ਜਾਈਏ
ਸੱਜਣਾ ਨੂੰ ਅਣਡਿੱਠ ਨਾ ਕਰੀਏ
ਤੇ ਜੱਗ ਭਾਵੇਂ ਸਭ ਖੁੱਸੇ।

ਜਿੱਥੇ ਤੀਕ ਪਹੁੰਚ ਗਏ ਸੱਜਣ
ਹੋਰ ਨਾ ਕੋਈ ਪੁੱਜੇ।
ਗੱਲ ਕਰਨ ਤਾਂ ਰਾਹੀ ਰੁਕਦੇ
ਭਰਨ ਸਮੁੰਦਰ ਕੁੱਜੇ।
ਸਾਨੂੰ ਹੀ ਕੁਝ ਸਮਝ ਨਹੀਂ ਸੀ
ਉਹ ਤੇ ਜੱਗ ਉਧਾਰਨ ਰੁੱਝੇ।
ਸੱਜਣ ਵਗਦੇ ਦਰਿਆ ਵਰਗੇ
ਤੇ ਅਸੀਂ ਪਾਣੀ ਬੁੱਸੇ ਬੁੱਸੇ।

ਬਾਲ 'ਚਿਰਾਗ਼' ਬਨ੍ਹੇਰੇ ਧਰਿਆ
ਤੇ ਅਸਾਂ ਹੋਰ ਗੁਨਾਹ ਨਾ ਕੀਤਾ।

ਸੁੱਚਾ ਜਲ ਕਿਸ ਕੰਮ ਅਸਾਡੇ
ਅਸਾਂ ਲੈ ਚਰਨਾਮਤ ਪੀਤਾ
ਗਲ ਦਾ ਭੋਸ਼ਣ ਛਿੱਜਿਆ ਛਿੱਜਿਆ
ਤੇ ਅਸਾਂ ਮੁੜ ਮੁੜ ਇਸ ਨੂੰ ਸੀਤਾ
ਇਹ ਵੀ ਲਾਹ ਕੇ ਸੁੱਟ ਦਿਆਂਗੇ
ਜੇ ਸੱਜਣ ਹੋਣ ਨਾ ਗੁੱਸੇ।
ਸੱਜਣ ਜੀ ਤੁਸੀਂ ਕਿਹੜੀ ਗੱਲੋਂ ਰੁੱਸੇ?

## ਜ਼ੀਰੋ ਕਾਵਿ/ ਪ੍ਰੇਮ ਸਾਹਿਲ

ਉੱਚਾ ਸਨਮਾਨ ਦੇਵੋ
ਕੌਮੀ ਇਨਾਮ ਦੇਵੋ
ਰੁਤਬਾ ਆਰਾਮ ਦੇਵੋ
ਜਾਮ ਨਾਲ ਜਾਮ ਦੇਵੋ
ਸੱਦਾ ਪੱਤਰ ਖਾਸ ਦੇਵੋ
ਯਾਤਰਾ ਲਈ ਪਾਸ ਦੇਵੋ

ਸ਼ਹਿਰ 'ਚ ਮਕਾਨ ਦੇਵੋ
ਕਾਰ ਆਲੀਸ਼ਾਨ ਦੇਵੋ

ਚਰਚੇ ਹਜ਼ਾਰ ਦੇਵੋ
ਸੌਖਾ ਕਾਰੋਬਾਰ ਦੇਵੋ
ਕਾਕਿਆਂ ਨੂੰ ਪਿਆਰ ਦੇਵੋ
ਵੱਡਾ ਰੁਜ਼ਗਾਰ ਦੇਵੋ
ਦਫ਼ਤਰਾਂ 'ਚ ਯਾਰ ਦੇਵੋ
ਜ਼ੀਰੋ ਇੰਤਜ਼ਾਰ ਦੇਵੋ

ਪਿਛਲੇ ਉਲਾਹਮੇਂ ਸਾਰੇ
ਗਿਣ ਗਿਣ ਲਾਹਵਾਂਗੇ
ਅਸੀਂ ਵੀ ਤੁਹਾਡੇ ਬਾਰੇ
ਇੰਝ ਫਰਮਾਵਾਂਗੇ
ਦੇਸ਼ ਦੇ ਸਿਰ 'ਤੇ
ਨਾ ਕਰਜ਼ ਨਾ ਉਧਾਰ ਹੈ
ਬਹੁ-ਕੌਮੀ ਵਸਤਾਂ ਦੇ
ਨਾਲ ਬੇੜਾ ਪਾਰ ਹੈ

ਚੰਗੀ ਸਰਕਾਰ ਹੈ ਜੀ
ਲੋਕਾਂ ਨੂੰ ਕਰਾਰ ਹੈ
ਤਾਰਾਂ ਵਿਚ ਬਿਜਲੀ ਹੈ
ਟੂਟੀਆਂ 'ਚ ਪਾਣੀ ਹੈ
ਪਾਵਰ ਦੇ ਨਾਲ
ਗਾਈ ਜਾਂਦੀ ਗੁਰਬਾਣੀ ਹੈ
ਦੂਈ ਨਾ ਦਵੈਤ ਕਿਤੇ
ਨਾ ਹੀ ਵੰਡ ਕਾਣੀ ਹੈ
ਲੋਕਾਂ ਰਾਹੀਂ ਲੋਕਾਂ ਲਈ
ਲੋਕਾਂ ਦੀ ਕਹਾਣੀ ਹੈ

ਕਾਲਜਾਂ ਸਕੂਲਾਂ ਵਿਚ
ਦਾਖਲੇ ਅਪਾਰ ਨੇ
ਪਾੜ੍ਹਿਆਂ ਨੂੰ ਰੋਜ਼ਗਾਰ
ਦਿੱਤੇ ਸਰਕਾਰ ਨੇ

ਹੋਰ ਵੀ ਬਥੇਰਾ ਕੁਝ
ਲਿਖ ਕੇ ਛਪਾਵਾਂਗੇ
ਗੀਤ ਕੌਮੀ ਏਕਤਾ ਦੇ
ਗਾ ਕੇ ਸੁਣਾਵਾਂਗੇ।

ਦਾਸ ਹਾਂ ਤੁਹਾਡੇ ਅਸੀਂ
ਸਾਨੂੰ ਪੁਚਕਾਰ ਦੇਵੋ
ਬੋਟੀਆਂ ਚੁਰਾਈਆਂ
ਸਾਡੇ ਮੂਹਰੇ ਵੀ ਖਲਾਰ ਦੇਵੋ।

-0-

## ਜ਼ਰੂਰੀ ਸੂਚਨਾ

'ਚਿਰਾਗ਼' ਦੀ ਪ੍ਰਕਾਸ਼ਨਾ ਜੁਲਾਈ/ਸਤੰਬਰ 1992 ਦੇ ਪਹਿਲੇ ਅੰਕ ਨਾਲ ਆਰੰਭ ਹੋਈ ਸੀ। ਪਹਿਲਾਂ ਇਹ ਪੁਸਤਕ-ਲੜੀ ਦੇ ਰੂਪ ਵਿੱਚ ਛਪਦਾ ਰਿਹਾ ਸੀ।

10 ਅੰਕਾਂ ਤੋਂ ਬਾਅਦ ਏਸੇ ਨਾਂ ਦੀ ਪ੍ਰਵਾਨਗੀ ਮਿਲ ਜਾਣ ਕਾਰਨ ਇਹ ਜਨਵਰੀ 1995 ਤੋਂ ਰਜਿਸਟਰਡ ਹੋ ਕੇ ਛਪ ਰਿਹਾ ਹੈ। ਹੁਣ ਤੀਕ, ਦੋਹਾਂ ਰੂਪਾਂ ਵਿੱਚ ਇਸ ਦੇ 26 ਅੰਕ ਛਪ ਚੁੱਕੇ ਹਨ। ਅੱਗੇ ਤੋਂ ਨਵੀਂ ਲੜੀ ਅਧੀਨ ਇਸ ਦਾ 27 ਅੰਕ ਛਪ ਰਿਹਾ ਹੈ। ਪਾਠਕ ਨੋਟ ਕਰ ਲੈਣ।

-ਸੰਪਾਦਕ-





### ਕਹਾਣੀ

## ਭਉ/ ਅਹਿਮਦ ਰਸ਼ੀਦ ਭੱਟੀ

ਮੈਂ ਸਿੰਧ ਦੇ ਏਸ ਦੂਰ ਦੁਰਾਡੇ ਪਿੰਡ ਵਿਚ ਬੈਠਾ ਵਿਹੜੇ ਵਿਚ ਖੇਡਦੇ ਬਾਲਾਂ ਤੱਕੀ ਜਾਨਾਂ। ਇਹਨਾਂ ਬਾਲਾਂ ਵਿਚ ਪੁਰਾਣੇ ਸਿੰਧੀ ਵਸਨੀਕਾਂ ਦੇ ਬਾਲ ਵੀ ਨੇ ਤੇ ਉਹਨਾਂ ਨਵਿਆਂ ਸਿੰਧੀਆਂ ਦੇ ਬਾਲ ਵੀ ਜਿਹੜੇ ਬਤਾਲੀ ਤਰਤਾਲੀ ਵਰ੍ਹੇ ਪਹਿਲੋਂ ਏਥੇ ਆਣ ਵੱਸੇ ਸਨ।

"ਬਾਲ ਕਿਵੇਂ ਇਕੋ ਮਿੱਕੀ ਨੇ।" ਮੈਂ ਬਾਲਾਂ ਨੂੰ ਵੇਖਕੇ ਸੋਚਦਾ ਤੇ ਮੇਰੇ ਸਾਹਮਣੇ ਪਈਆਂ ਉਰਦੂ ਤੇ ਸਿੰਧੀ ਅਖ਼ਬਾਰਾਂ ਵਿਚ ਦਰਾੜਾਂ ਪਈਆਂ ਹੋਈਆਂ।

ਖ਼ਿਆਲਾਂ ਦੇ ਡਰਾਉਣੇ ਪੰਖੀ ਬਤਾਲੀ ਤਰਤਾਲੀ ਵਰ੍ਹੇ ਦੂਰ ਵਸਦੇ ਇਕ ਕਸਬੇ ਦੇ ਬਜ਼ਾਰ ਵਿਚ ਵੀਹ ਫੁੱਟ ਲੰਮੇ ਤੇ ਛੇ ਫੁੱਟ ਚੌੜੇ ਇਕ ਥੜੇ ਉੱਤੇ ਜਾ ਬੈਠੇ ਨੇ। ਇਹ ਚੜ੍ਹਦੇ ਪੰਜਾਬ ਦਾ ਇੱਕ ਕਸਬਾ ਏ। ਏਸ ਕਸਬੇ ਵਿਚ ਮੈਂ ਅੱਖ ਖੋਲ੍ਹੀ ਸੀ, ਅਸਮਾਨ ਨੀਲਾ ਤੇ ਉਸ ਅਸਮਾਨ ਦੇ ਤਾਰਿਆਂ ਨੂੰ ਤੱਕਿਆ ਸੀ। ਉਹ ਦੀ ਧਰਤੀ ਤੇ ਆਪਣੇ ਨਿੱਕੇ ਨਿੱਕੇ ਪੈਰ ਜਮਾ ਕੇ ਖੜਾ ਹੋਇਆ ਸਾਂ।

ਉਦੋਂ ਮੈਂ ਬਹੁਤ ਛੋਟਾ ਸਾਂ ਚਾਰ ਪੰਜ ਵਰ੍ਹਿਆਂ ਦਾ ਜਦ ਮੇਰੀ ਅੰਮਾਂ ਮੈਨੂੰ ਉਸ ਭਉ ਬਿੱਲੇ ਤੋਂ ਡਰਾਇਆ ਸੀ ਜਿਹੜਾ ਮੇਰੀ ਅੰਮਾਂ ਦੇ ਆਖੇ ਮੂਜਬ ਸਾਡੀ ਘੁੱਪ ਹਨੇਰੀ ਕੋਠੜੀ ਵਿਚ ਰਹਿੰਦਾ ਸੀ।

ਜਿਵੇਂ ਰੋਂਦਿਆਂ ਬਾਲਾਂ ਨੂੰ ਮਾਵਾਂ (ਖੌਰੇ ਸਾਰੀਆਂ ਈ ਮਾਵਾਂ) ਡਰਾਉਂਦੀਆਂ ਹੋਣ। "ਚੁੱਪ ਕਰ ਜਾ...ਉਹ ਵੇਖ ਭਉ ਆ ਗਿਆ।" ਤੇ ਬਾਲ ਪਤਾ ਨਹੀਂ ਕੀ ਸਮਝ ਕੇ ਚੁੱਪ ਹੋ ਜਾਂਦੇ ਹੋਣ ਜਿਵੇਂ ਮੈਂ...ਆਪਣੀ ਅਨ੍ਹੇਰੀ ਕੋਠੜੀ ਤੋਂ।

ਹੁਣ ਮੈਨੂੰ ਸਮਝ ਆਂਦੀ ਏ ਪਈ ਹਰ ਬੰਦੇ ਦੇ ਆਪਣੇ ਅੰਦਰ ਇਕ ਅਨ੍ਹੇਰੀ ਕੋਠੜੀ ਹੁੰਦੀ ਏ ਜਿਹਦੇ ਅੰਦਰ ਇਕ ਭਉ ਵਸਦਾ ਏ ਜਿਹੜਾ ਸਾਰੀ ਹਯਾਤੀ ਬੰਦੇ ਨੂੰ ਖ਼ੌਫ਼ ਦੀ ਦਲ ਦਲ ਵਿਚ ਗੱਡੀ ਰੱਖਦਾ ਏ।

ਸਾਡੇ ਘਰ ਦੀ ਉਸ ਕੋਠੜੀ ਵਿਚ ਨਾ ਈ ਤੇ ਕੋਈ ਤਾਕੀ ਸੀ ਨਾ ਕੋਈ ਰੋਸ਼ਨਦਾਨ। ਉਹਦੀਆਂ ਤਿੰਨਾਂ ਕੰਧਾਂ ਨਾਲ ਵੱਡੀਆਂ ਵੱਡੀਆਂ ਮੱਟੀਆਂ ਮੌਢੇ ਨਾਲ ਮੌਢਾ ਲਾ ਕੇ ਖਲੋਤੀਆਂ ਹੁੰਦੀਆਂ ਸਨ ਤੇਂ ਉਹਨਾਂ ਦੀਆਂ ਧੌਣਾਂ ਤੇ ਦੁੱਧ ਰਿੜਕਣ ਵਾਲੀਆਂ ਚਾਟੀਆਂ ਚੁੱਪ ਚਾਪ ਬੈਠੀਆਂ ਰਹਿੰਦੀਆਂ ਸਨ। ਮੱਟੀਆਂ ਵਿਚ ਦਾਣੇ ਤੇ ਚਾਟੀਆਂ ਵਿਚ ਦਾਲਾਂ, ਗੁੜ, ਸ਼ੱਕਰ, ਚੌਲ ਤੇ ਹੋਰ ਏਹੋ ਈ ਜਿਹੀਆਂ ਸ਼ੈਆਂ ਸਾਂਭੀਆਂ ਹੁੰਦੀਆਂ ਸਨ।

ਪੁੱਨਲ ਦਾ ਪੋਤਰਾ ਰੋਂਦਾ ਚੀਕਦਾ ਮੇਰੇ ਕੋਲ ਆਣ ਖਲੋਤਾ। "ਦਾਦਾ ਫ਼ਰੀਦ ਮੇਰਾ ਘੋੜਾ ਖੁਸ ਲਿਆ ਏ।"

ਬਤਾਲੀ ਤਰਤਾਲੀ ਵਰ੍ਹੇ ਦੂਰ ਇਕ ਥੜੇ ਤੇ ਬੈਠਾ ਪੰਖੀ ਫੱਟੜ ਹੋ ਕੇ ਮੇਰੇ ਪੈਰਾਂ ਵਿਚ ਆਣ ਡਿੱਗਿਆ।

ਮੈਂ ਫ਼ਰੀਦ ਨੂੰ ਕੋਲ ਸੱਦਿਆ। ਉਸ ਛੋਟੇ ਬਾਲ ਦੇ ਅੰਦਰ ਖ਼ੌਫ਼ ਵੀ ਉਹਦੇ ਚਿਹਰੇ ਤੇ ਆਣ ਬੈਠਾ ਸੀ।

"ਓਏ ਦੇ ਉਹਦਾ ਖਿਡੌਣਾ...ਵਾਪਸ ਦੇ। ਖ਼ਬਰਦਾਰ ਜੇ ਇਕ ਦੂਜੇ ਦੀਆਂ ਸ਼ੈਆਂ ਖੱਸੀਆਂ ਤੇ..." ਨਾਲ ਈ ਮੈਂ ਆਪਣੇ ਪੋਤਰੇ ਦੇ ਇੱਕ ਚਮਾਟ ਮਾਰ ਦਿੱਤੀ.....ਮੇਰੇ ਅੰਦਰ ਦੀ ਕੋਠੜੀ ਦੇ ਭਉ ਨੇ ਵੀ ਮੈਨੂੰ ਪੀਲਾ ਕਰ ਛੱਡਿਆ ਸੀ।

"ਓਏ...ਓਏ ਰਹੀਮ ਦਾਦ!....ਉਹ ਕਿਉਂ ਮਾਰਨਾ ਏ ਨਿਆਣਿਆਂ ਨੂੰ" ਮੇਰੇ ਸਾਹਮਣੇ ਪੁੱਨਲ ਖੜਾ ਸੀ।

"ਉਹ ਯਾਰ ਇਕ ਦੂਜੇ ਦੀਆਂ ਸ਼ੈਆਂ ਖੱਸਦੇ ਨੇ..."

ਉਹ ਮੇਰੇ ਕੋਲ ਬਹਿ ਗਿਆ।

"ਹੋਰ ਸੁਣਾ ਅਖ਼ਬਾਰਾਂ ਦੀ ਕੀਹ ਖ਼ਬਰਾਂ ਨੇਂ।"

ਮੇਰੇ ਖਿਆਲ ਦਾ ਫੱਟੜ ਪੰਖੀ ਬਤਾਲੀ ਤਰਤਾਲੀ ਵਰ੍ਹੇ ਦੂਰ ਬਜ਼ਾਰ ਵਿੱਚ ਬਣੇ ਹੋਏ ਥੜੇ ਤੇ ਜਾ ਬੈਠਾ।

ਮੈਂ ਪੰਜਵੀਂ ਜਮਾਤ ਦਾ ਪੜ੍ਹਿਆਰ ਆਂ। ਦੂਜੀ ਵੱਡੀ ਜੰਗ ਦਾ ਜ਼ਮਾਨਾ ਏ। ਬਜ਼ਾਰ ਵਿੱਚ ਹਿੰਦੂ, ਮੁਸਲਮਾਨ ਤੇ ਸਿੱਖ ਬਾਬੇ, ਤਾਏ, ਚਾਚੇ ਮੇਰੇ ਦਵਾਲੇ ਘੇਰਾ ਪਾਈ ਬੈਠੇ ਨੇ ਤੇ ਮੈਂ ਪਰਤਾਪ, ਮਿਲਾਪ, ਅਹਿਸਾਨ ਤੇ ਜ਼ਿਮੀਦਾਰ ਅਖ਼ਬਾਰਾਂ ਚੋਂ ਦੁਨੀਆਂ ਵਿਚ ਭੜਕੀ ਹੋਈ ਜੰਗ ਦੀ ਅੱਗ ਤੇ ਲਾਂਬੂ ਕੱਢ ਕੱਢ ਕੇ ਉਹਨਾਂ ਅੱਗੇ ਰੱਖੀ ਜਾਨਾ ਵਾ। ਤੇ ਉਹਨਾਂ ਨੇ ਮੈਨੂੰ ਇੰਜ ਜਾਪਿਆ ਜਿਵੇਂ ਅਗਲਾ ਬੰਬ ਏਸੇ ਈ ਥੜੇ ਤੇ ਆਣ ਡਿੱਗੇਗਾ ਤੇ ਅਸੀ ਸਾਰੇ ਈ ਏਸ ਥੜੇ ਨਾਲ ਹਵਾ ਵਿਚ ਉੱਡ ਜਾਵਾਂਗੇ।

ਜਿਵੇਂ ਇੰਗਲੈਂਡ, ਰੂਸ, ਜਪਾਨ ਉਡੀ ਜਾਂਦੇ ਨੇ। ਜਿਵੇਂ ਹੀਰੋਸ਼ੀਮਾ ਤੇ ਨਾਗਾਸਾਕੀ ਇਕ ਵੱਡੀ ਤਾਕਤ ਹੱਥੋਂ ਸੜ ਕੇ ਸਵਾਹ ਹੋ ਗਏ ਨੇ।

"ਤੂੰ ਕਿਹੜੇ ਵਹਿਣਾ ਵਿਚ ਪੈ ਗਿਆ ਏ।"

ਪੁੱਨਲ ਮੇਰਾ ਮੋਢਾ ਹਲੂਣਦਾ ਏ।

ਤੇ ਮੈਂ ਫਿਰ ਇਕ ਵਾਰੀ ਵਿਹੜੇ ਵਿਚ ਵੱਸੀ ਹੋਈ ਧੁੱਪ ਵਿਚ ਆ ਬਹਿਨਾਂ ਤੇ ਪੁੱਨਲ ਨੂੰ ਬੜੇ ਗਹੁ ਨਾਲ ਵੇਖਦਾ ਤੇ ਸੋਚਦਾ ਇਹਨੂੰ ਆਖਾਂ "ਯਾਰਾ ਅਖ਼ਬਾਰਾਂ ਦੀਆਂ ਖ਼ਬਰਾਂ ਮੈਥੋਂ ਨਾ ਸੁਣਿਆ ਕਰ....।"

"ਹਾਂ ਸਭ ਠੀਕ ਏ....ਸਾਰਾ ਕੁਝ ਆਪਣੀ ਜਗਹ ਤੇ ਵੇ।" ਪੁੱਨਲ ਹੁੱਕੇ ਦੇ ਚਾਰ ਪੰਜ ਸੂਟੇ ਲਾ ਕੇ ਟੁਰਨ ਲੱਗਾ ਆਖਦਾ ਈ। "ਕਰਾਚੀ...ਕਰਾਚੀ.....ਕਰਾਚੀ....ਮੈਂ ਸੋਚੀ ਜਾਨਾਂ ਉਥੇ ਮੇਰੇ ਦੋ ਪੁੱਤਰ ਨੇ....ਕਮਾਉਣ ਗਏ ਹੋਏ ਨੇ. "ਉਦੋਂ ਮੇਰਾ ਵੱਡਾ ਭਰਾ ਵੀ ਤੇ ਚੜ੍ਹਦੇ ਪੰਜਾਬੋਂ ਵੀ....

"ਬਾਬਾ ਜੀ! ਅੰਮੀ ਆਂਹਦੀ ਏ ਸ਼ਾਮਾਂ ਉਤਰ ਆਈਆਂ ਨੇ। ਅੰਦਰ ਆ ਜਾਉ।...ਫਰੀਦ ਮੈਨੂੰ ਫੇਰ ਜਿਊਂਦੀ ਦੁਨੀਆਂ ਵਿਚ ਖਿੱਚ ਲਿਆਉਂਦਾ ਹੈ।......ਸ਼ਾਮਾਂ ਫੇਰ ਉੱਤਰ ਆਈਆਂ ਨੇ।" ਮੈਂ ਆਪਣੇ ਆਪ ਨੂੰ ਆਖਿਆ ਤੇ ਅਖ਼ਬਾਰਾਂ ਕੱਠੀਆਂ ਕਰ ਕੇ ਅੰਦਰ ਨੂੰ ਟੁਰ ਪਿਆ।

"ਫਰੀਦ! ਆਪਣੀ ਅੰਮੀ ਨੂੰ ਆਖ ਹੁੱਕਾ ਚੁੱਕ ਲਿਆਵੇ।"

ਦਲਾਨ ਵਿਚ ਸੁਗ਼ਰਾ ਖੜੀ ਮੈਨੂੰ ਉਡੀਕ ਰਹੀ ਸੀ।

"ਅੱਬਾ ਜੀ! ਕਰਾਚੀ ਵਿਚ ਤੇ ਫੇਰ ਖ਼ੈਰ ਏ ਨਾ?" ਉਹਦੇ ਆਲੇ ਵਿੱਚ ਬੰਦੂਕ ਦੀ ਅਵਾਜ਼ ਤੋਂ ਡਰੇ ਹੋਏ ਪੰਖੀ ਪਰ ਸੁਕੇੜੀ ਬੈਠੇ ਨੇਂ।

"ਹਾਂ ਪੁੱਤਰ....ਅੱਲ੍ਹਾ ਖ਼ੈਰ ਕਰੇਸੀ...ਠੀਕ ਏ ਸਭ। ਸਭ ਠੀਕ ਏ....ਬਾਹਰੋਂ ਮੇਰਾ ਹੁੱਕਾ ਚੁੱਕੀ ਆ ਤੇ ਚਿਲਮ ਵੀ ਭਰ ਦਈ...ਚੰਗਾ?"

"ਸਭ ਖ਼ੈਰ ਏ...ਅੱਲ੍ਹਾ ਚੰਗਾ ਕਰੇਸੀ।" ਮੈਂ ਆਪਣੇ ਆਪ ਨਾਲ ਗੱਲਾਂ ਕਰਦਾ ਮੰਜੇ ਵੱਲ ਨੂੰ ਵਧ ਗਿਆ।

ਕਰਾਚੀ ਵਿੱਚ ਗੋਲੀ ਚੱਲ ਰਹੀ ਏ। ਕਰਫਿਊ ਲੱਗੇ ਹੋਏ ਨੇ।

ਬੰਦੂਕਾਂ, ਛੱਵੀਆਂ, ਤਲਵਾਰਾਂ।

ਮੈਂ ਚੜ੍ਹਦੇ ਪੰਜਾਬ ਵਿਚ ਆਪਣੇ ਕਸਬੇ ਦੇ ਘਰ ਦੇ ਵਿਹੜੇ ਵਿਚ ਖਲੋਤਾਂ। ਬਜ਼ਾਰ ਦਾ ਥੜਾ ਉੱਜੜ ਚੁੱਕਿਆ ਏ। ਲੋਕੀਂ ਆਪਣੀਆਂ ਆਪਣੀਆਂ ਜਾਨਾਂ ਬਚਾਉਣ ਲਈ ਪਤਾ ਨਹੀਂ ਕਿੱਧਰ ਚਲੇ ਗਏ ਨੇ। ਹਿੰਦੂ ਵੀ ਤੇ ਮੁਸਲਮਾਨ ਵੀ ਤੇ ਸਿੱਖ ਵੀ.... ਸਾਡੇ ਮੁਹੱਲੇ ਵਾਂਗੂ ਬਹੁਤ ਸਾਰੇ ਮੁਹੱਲਿਆਂ ਦੇ ਵਾਸੀ ਕਬੂਤਰ ਵਾਂਗੂ ਸ਼ਹਿ ਮਾਰੀ ਬੈਠੇ ਨੇਂ। ਅੱਖਾਂ ਬੰਦ ਕਰ ਕੇ.....

ਪਰ ਬਿੱਲੀ ਤੇ ਸਿਰ ਤੇ ਅੱਪੜ ਗਈ ਏ।

"ਵਾਹਿਗੁਰੂ ਕਾ ਖ਼ਾਲਸਾ...." ਤਲਵਾਰਾਂ, ਛੱਵੀਆਂ ਤੇ ਕਿਰਪਾਨਾਂ "ਵਾਹਿਗੁਰੂ ਕਾ ਖ਼ਾਲਸਾ...ਅੱਲਹ ਹੂ ਅਕਬਰ...ਜੋ ਬੋਲੇ ਸੋ ਨਿਹਾਲ...ਅੱਲਾ ਹੂ ਅਕਬਰ.....

ਮੇਰੇ ਕੱਚੇ ਵਿਹੜੇ 'ਚ ਮੇਰੀ ਮਾਂ ਆਪਣੇ ਲਹੂ ਨਾਲ ਰੰਗੇ ਰੱਤੇ ਸਾਲੂ ਤੇ ਲੰਮੀ ਪਈ ਅੱਖਾਂ ਟੱਡੀ ਅਸਮਾਨ ਵੱਲੇ ਆਪਣੇ ਰੱਬ ਨੂੰ ਤੱਕੀ ਜਾਂਦੀ ਏ। ਮੈਂ ਉਹਨੂੰ ਹਲੂਣਦਾ...ਪਰ ਉਹ ਮੇਰੇ ਵੱਲ ਤੱਕਦੀ ਈ ਨਹੀਂ।

ਕਿਆਮਤ ਖ਼ੌਰੇ ਗੁਜ਼ਰ ਗਈ ਏ ਹਰ ਪਾਸੇ ਚੁੱਪ ਚਾਨ ਏ....

"ਹੁੱਕਾ ਅੱਬਾ ਜੀ..." ਸੁਗ਼ਰਾਂ ਮੇਰੀ ਬਾਂਹ ਫੜ ਕੇ ਮੈਨੂੰ ਕਬਰਸਤਾਨ ਵਿੱਚੋਂ ਖਿੱਚ ਲਿਆਈ। ਮੈਂ



ਉਹਦੇ ਵੱਲ ਤੱਕਿਆ....

ਜਿਵੇਂ ਉਹ ਵੀ ਆਪਣੇ ਈ ਅੰਦਰ ਦੀ ਕਿਸੀ ਕਬਰੇ ਦੱਬੀ ਹੋਈ ਸੀ। "ਚਾਹ ਤੇ ਬਣਾ ਲਿਆ ਪੁੱਤਰ....." ਮੈਂ ਉਹਦਾ ਸਰੀਰ ਕਬਰ ਚੋਂ ਖਿੱਚਣ ਦੀ ਕੋਸ਼ਿਸ਼ ਕਰਦਾ। ਤੇ ਆਪੂੰ ਫੇਰ ਜਾ ਕੇ ਕਬਰਾਂ ਵਿਚ ਲੁਕ ਜਾਨਾਂ। ਜਿਵੇਂ ਜਿਉਂਦੇ ਲੋਕ ਵੀ ਕਬਰਸਤਾਨੀ ਜਾ ਵੱਸੇ ਹੋਣ।

"ਕਮਾਉਣ ਵਾਸਤੇ ਗਿਆ ਹੋਇਆ ਸੀ"

ਮੇਰੇ ਖ਼ਿਆਲਾਂ ਦਾ ਪੰਖੀ ਉਡਾਰੀ ਮਾਰ ਕੇ ਉਸ ਬਜ਼ਾਰ ਦੇ ਥੜੇ ਤੇ ਜਾ ਬਹਿੰਦਾ ਏ।

ਮੈਂ ਅੱਠਵੀਂ ਵਿਚ ਪੜਦਾ ਸਾਂ। ਅਖ਼ਬਾਰ ਫੇਰ ਉਡਾਰੀ ਮਾਰ ਕੇ ਥੜੇ ਤੇ ਆਣ ਬੈਠੇ। ਮੈਂ ਫੇਰ ਬਾਬਿਆਂ, ਦਾਦਿਆਂ, ਤਾਇਆ, ਚਾਚਿਆਂ ਦੇ ਘੇਰੇ ਵਿਚ ਬੈਠ ਗਿਆ।

ਗਾਂਧੀ, ਜਿਨਾਹ, ਜਵਾਹਰ ਲਾਲ ਨਹਿਰੂ, ਨਿਆਕਤ ਅਲੀ, ਸਰ ਛੋਟੂ ਰਾਮ ਤੇ ਪਤਾ ਨਹੀਂ ਕਿਹੜੇ ਕਿਹੜੇ ਲੀਡਰਾਂ ਨੇ ਅਖ਼ਬਾਰਾਂ ਵਿਚੋਂ ਸਿਰ ਕੱਢਣੇ ਸ਼ੁਰੂ ਕਰ ਦਿੱਤੇ ਸਨ ਤੇ ਹੌਲੀ ਹੌਲੀ ਇਹਨਾਂ ਦੇ ਮੂੰਹਾਂ ਵਿਚੋਂ ਅੱਗਾਂ ਦੀਆਂ ਚਿੰਗਾਰੀਆਂ ਉਡਣ ਲਗ ਪਈਆਂ।

ਉੜਕ ਇਕ ਦਿਹਾੜੇ ਮੈਂ ਸਕੂਲੋ ਆ ਕੇ ਵੇਖਿਆ ਉਹ ਥੜਾ ਦੂੰਹ ਹਿੱਸਿਆਂ ਵਿਚ ਵੰਡਿਆ ਗਿਆ ਸੀ। ਏਸ ਦੇ ਨਾਲ ਈ ਮੈਂ ਵੀ ਵੰਡਿਆ ਗਿਆ ਤੇ ਮੁਸਲਮਾਨ ਬਾਬਿਆ ਨੇ ਮੇਰੇ ਹੱਥ 'ਅਹਿਸਾਨ' ਤੇ 'ਜ਼ਿਮੀਦਾਰ' ਅਖ਼ਬਾਰ ਫੜਾ ਦਿੱਤੇ ਤੇ ਨਾਲ ਈ ਮੱਤ ਦਿੱਤੀ ਪਈ ਉਧਰ ਨਹੀਂ ਜਾਣਾ।

ਮੈਨੂੰ ਇੰਜ ਜਾਪਿਆ ਜਿਵੇਂ ਆਵਣ ਵਾਲੀ ਕੱਲ ਨੂੰ ਇਹ ਬਾਬੇ ਤਾਏ ਚਾਚੇ ਮੇਰੇ ਅੰਦਰ ਦੀ ਕੋਈ ਸ਼ੈਅ ਤੋੜ ਕੇ ਵੰਡੀਆਂ ਪਾ ਲੈਣਗੇ ਤੇ ਮੇਰਾ ਬੁੱਤ ਅੰਦਰੋਂ ਖਾਲੀ ਤੇ ਥੋਥਾ ਹੋ ਕੇ ਰਹਿ ਜਾਏਗਾ ਤੇ ਇਹ ਸਾਰੇ ਲੋਕ ਜਿਹੜੇ ਮੇਰੇ ਲਈ ਪਿਆਰ ਦੀਆਂ ਛੱਲਾਂ ਨੇ ਇਕ ਦਿਨ ਮੇਰੇ ਆਲ ਦਵਾਲੇ ਨਫ਼ਰਤ ਦੀ ਸਾੜਦੀ ਧੁਪ ਦੀਆਂ ਕੰਧਾਂ ਖੜੀਆਂ ਕਰ ਦੇਣਗੇ, ਜਿਹਨਾਂ ਅੰਦਰ ਮੈਂ ਹੀਰੋਸ਼ੀਮਾ ਤੇ ਨਾਗਾਸਾਕੀ ਵਾਂਗੂੰ ਸੜ ਕੇ ਸਵਾਹ ਹੋ ਜਾਵਾਂਗਾ।

ਮੇਰੇ ਅੰਦਰ ਦੀ ਕੋਠੜੀ ਦੀਆਂ ਕੰਧਾਂ ਨਾਲ ਲੱਗ ਕੇ ਖਲੋਤੇ ਭਉ ਮੈਨੂੰ ਸਾਰੀ ਰਾਤ ਜਗਾਈ ਰੱਖਦੇ।

ਕਦੀ ਤੇ ਉਹ ਕਾਲੇ ਲੀੜਿਆਂ ਵਿੱਚ ਮੂੰਹ ਲੁਕੋ ਰੋਂਦੇ ਤੇ ਚਮਕਦੀਆਂ ਤਲਵਾਰਾਂ ਨਾਲ ਮੈਨੂੰ ਮਾਰ ਦੇਂਦੇ ਪਰ ਮੇਰੇ ਖਾਲੀ ਤੇ ਥੋਥੇ ਬੁੱਤ ਵਿਚੋਂ ਇਕ ਵੀ ਤੁਬਕਾ ਲਹੂ ਨਾ ਨਿਕਲਦਾ। ਫੇਰ ਉਹ ਮੈਨੂੰ ਲਹੂ ਦੇ ਦਰਿਆ ਵਿਚ ਸੁੱਟ ਕੇ ਉੱਚੀ ਉੱਚੀ ਹੱਸਣ ਲੱਗ ਪੈਂਦੇ ਤੇ ਮੇਰੀਆਂ ਚੀਕਾਂ ਸੁਣ ਕੇ ਮੇਰੀ ਅੰਮਾਂ ਨੀਂਦਰ ਵਿਚੋਂ ਅਭੱੜਵਾਹੀ ਉੱਠਦੀ ਤੇ ਮੇਰੀ ਮੰਜੀ ਤੇ ਬਹਿ ਕੇ ਮੈਨੂੰ ਪੁਛਦੀ।

'ਕੀਹ ਹੋਇਆ ਏ ਪੁੱਤਰ....ਖ਼ਾਬ ਵਿਚ ਡਰ ਗਿਆ ਏਂ?'

ਉਹ ਦੀਆਂ ਕਮਜ਼ੋਰ ਬਾਹਵਾਂ ਮੈਨੂੰ ਆਪਣੇ ਅੰਦਰ ਵਲ੍ਹੇਟ ਲੈਂਦੀਆਂ। ਖ਼ੌਫ਼ ਨਾਲ ਮੇਰੀਆਂ ਪਾਟੀਆਂ ਪਾਟੀਆਂ ਅੱਖਾਂ ਕੋਠੜੀ ਦੇ ਬੰਦ ਬੂਹੇ ਨੂੰ ਤੱਕਦੀਆਂ ਰਹਿੰਦੀਆਂ।

ਪੁੱਨਲ ਕਦੀ ਕਦੀ ਮੇਰੇ ਤੇ ਕਾਵੜ ਜਾਂਦਾ ਏ। ਆਖਦਾ ਏ "ਤੂੰ ਹਮੇਸ਼ ਆਪਣੇ ਪਿਛੋਕੜ ਵਿਚ ਕਿਉਂ ਵੜਿਆ ਰਹਿਨਾ ਏਂ। ਏਥੇ ਤੇਰੇ ਕੋਲ ਸਭ ਕੁਝ ਏ। ਜ਼ਮੀਨ ਏ। ਘਰ ਏ, ਦੋ ਪੁੱਤਰ ਨੇਂ। ਉਹਨਾਂ ਦੀਆਂ ਔਲਾਦਾਂ ਨੇਂ, ਉਹਨਾਂ ਦੇ ਟੱਬਰ ਨੇਂ। ਖੁਸ਼ੀ ਏ, ਸੁਖ ਏ ਹੋਰ.....ਹੋਰ ਤੂੰ ਆਪਣੇ ਪਿਛੋਕੜ ਚੋਂ ਕੀ ਲੱਭਦਾ .... ਕੀ...."

ਮੈਂ ਉਹਨੂੰ ਨਹੀਂ ਦੱਸ ਸਕਦਾ....ਉਹ ਮੇਰੇ ਪਿਛੋਕੜ ਨੂੰ ਸਮਝ ਵੀ ਨਹੀਂ ਸਕਦਾ।

ਉਸ ਖ਼ੂਨ ਦੇ ਸਮੁੰਦਰ ਦੀ ਕਹਾਣੀ, ਖ਼ੂਨ ਦਾ ਸਮੁੰਦਰ ਤੇ ਉਸ ਵੇਖਿਆ ਈ ਨਹੀਂ। ਫ਼ੇਰ ਉਹਨੂੰ ਉਸਦੇ ਖ਼ੌਫ ਦਾ ਕੀਹ ਪਤਾ ਹੋਵੇ। ਹਜ਼ਾਰਾਂ ਤੇ ਲੱਖਾਂ ਲੋਕਾਂ ਨਾਲ ਮੈਂ ਉਹ ਸਮੁੰਦਰ ਤਰ ਕੇ ਤੇ ਆਇਆ ਸਾਂ। ਉਸ ਮਾਸੂਮ ਲਹੂ ਦਾ ਸਵਾਦ ਤੇ ਹਾਲੀ ਤੀਕ ਮੇਰੇ ਸਰੀਰ ਨਾਲ ਚਮੜਿਆ ਪਿਆ ਏ।

ਉਸ ਵਿਚਾਰੇ ਨੇ ਤੇ ਅੱਗ 'ਚ ਸੜਦਿਆਂ ਇਨਸਾਨਾਂ ਦੇ ਗੋਸ਼ਤ ਦੀ ਬੂ ਵੀ ਕਦੇ ਸੁੰਘੀ ਹੋਸੀ। ਜਿਹੜੀ ਅੱਜ ਵੀ ਮੇਰੇ ਸਾਹਵਾਂ ਵਿਚ ਰਚੀ ਹੋਈ ਏ ਤੇ ਅੱਜ ਵੀ ਪੋਹ ਮਾਘ ਦੀਆਂ ਰਾਤੀਂ ਜਦ ਮੈਂ ਰਜ਼ਾਈ ਨਾਲ ਮੂੰਹ ਵਲੇਟ ਕੇ ਪੈਨਾਂ ਤੇ ਉਹ ਸਾਰੀ ਬੂ ਜਿਹੜੀ ਗੰਗਾ ਜਮਨਾ ਤੋਂ ਲੈ ਕੇ ਰਾਵੀ ਤੇ

ਸਤਲੁਜ ਤਕ ਫੈਲੀ ਹੋਈ ਸੀ, ਰਜ਼ਾਈ 'ਚ ਆਣ ਵੜਦੀ ਏ ਤੇ ਮੇਰੀਆਂ ਅੱਖਾਂ ਦੇ ਨੀਂਦਰ ਦੇ ਪਲਾਂ ਨੂੰ ਆਪਣੇ ਵਿਚ ਵਲ੍ਹੇਟ ਲੈਂਦੀ ਏ। ਫਿਰ ਉਸ ਕੋਠੜੀ ਦਾ ਖ਼ੌਫ...ਮੈਂ ਉਹਨੂੰ ਕਿਵੇਂ ਦੱਸਾਂ ਪਈ ਇਹ ਮੈਨੂੰ ਹਰ ਵੇਲੇ ਘੇਰੀ ਰੱਖਦਾ ਏ। ਮੈਂ ਤਾਂ ਉਸ ਕੋਠੜੀ ਤੇ ਘਰ ਦੇ ਬੂਹੇ ਨੂੰ ਕੁੰਡੀ ਵੀ ਨਹੀਂ ਮਾਰ ਕੇ ਆਇਆ ਸਾਂ।

ਡੰਗਰਾਂ ਦੇ ਰੱਸੇ ਖੋਲ੍ਹਦਿਆਂ ਮੈਨੂੰ ਮੇਰੇ ਚਾਚੇ ਆਖਿਆ ਸੀ।

"ਬੂਹੇ ਬੰਦ ਕਰ ਦੇ ਜੰਦਰਾਂ ਲਾ ਦੇਵੀਂ।"

ਉਸ ਵੇਲੇ ਅਸੀਂ ਉਹ ਧਰਤੀ ਛੱਡ ਰਹੇ ਸਾਂ। "ਨਹੀਂ" ਮੈਂ ਉਹਨੂੰ ਇਕ ਲਫ਼ਜ਼ਾ ਜਵਾਬ ਦਿੱਤਾ ਸੀ।

ਮੈਂ ਇਹ ਬੂਹੇ ਹਮੇਸ਼ ਲਈ ਨਹੀਂ ਬੰਦ ਕਰਨਾ ਚਾਂਹਦਾ। ਮੇਰੀ ਮਾਂ ਦੀ ਬੇ-ਕਫ਼ਨੀ ਲੋਥ ਆਪਣੇ ਈ ਲਹੂ ਦੇ ਸਾਲੂ ਉਤੇ ਪਈ...ਅਸਮਾਨ ਵਲੇ ਤੱਕੀ ਜਾਂਦੀ ਖ਼ੌਰੇ ਕੀਹ ਲੱਭਦੀ ਸੀ......?

"ਚਾਹ ਅੱਬਾ ਜੀ..."

ਸੁਗ਼ਰਾਂ ਮੈਨੂੰ ਉਸ ਲੋਥ ਦੇ ਸਿਰਹਾਂਣਿਉਂ ਚੁਕ ਲਿਆਂਦਾ "ਭਲਾ ਹੋਣੀ ਪੁੱਤਰ.....ਸ਼ਾਲਾ ਆਪਣੀ ਛਾਂ ਥੱਲੇ ਰਵ੍ਹੇਂ" ਆਪਣੇ ਡਰਾਉਣੇ ਖ਼ਾਬ ਚੋਂ ਨਿਕਲ ਕੇ ਮੈਂ ਉਸਨੂੰ ਦੁਆ ਦਿੱਤੀ...ਤੇ ਉਹਦੀਆਂ ਅੱਖਾਂ ਦੇ ਬੱਦਲਾਂ ਵਿਚੋਂ ਭਾਦਰੋਂ ਵਸ ਗਈ।

"ਅੱਬਾ ਜੀ...ਸੁਵੇਲੇ ਤਾਰ ਤੇ ਦਿਉ ਫ਼ਰੀਦ ਏ, ਅੱਬੂ ਨੂੰ" ਹੱਛਾ....ਹੱਛਾ ਪੁੱਤਰ....ਜ਼ਰੂਰ....ਪਰ ਤੂੰ ਦਿਲ ਤੇ ਹੌਲਾ ਨਾ ਕਰ....ਜ਼ਰੂਰ ਤਾਰ ਦੇਵਾਂਗਾ....."

ਸੁਗ਼ਰਾਂ ਨੂੰ ਮੈਂ ਤਸੱਲੀ ਦੇ ਤੇ ਦਿੱਤੀ ਏ ਪਰ ਮੇਰਾ ਸਾਰਾ ਸਰੀਰ ਮੇਰੇ ਅੰਦਰ ਦੀ ਕੋਠੜੀ ਦੇ ਖ਼ੌਫ ਵਿਚ ਡਿਗ ਗਿਆ ਏ। ਇਕ ਤਾਰ ਮੈਂ ਲਾਹੌਰ ਦੇ ਵਾਲਟਨ ਕੈਂਪ ਤੋਂ ਵੀ ਦਿੱਤਾ ਸੀ। ਪਤਾ ਮੈਨੂੰ ਹਾਲੀ ਤੀਕ ਯਾਦ ਏ। 132 ਕਨਾਟ ਪੈਲੇਸ ਦਿੱਲੀ। ਆਪਣੇ ਵੱਡੇ ਭਰਾ ਨੂੰ। ਨਾ ਤਾਰ ਦਾ ਜਵਾਬ ਸੀ...ਨਾ ਤਾਰ ਵਾਲਾ ਬਹੁੜਿਆ ਸੀ। ਵਾਕਫ਼ਕਾਰਾਂ ਨੇ ਸਿਰਫ਼ ਏਨਾ ਕੁ ਈ ਦੱਸਿਆ ਸੀ ਜਿੰਨਾ ਕੁ ਮੈਂ ਆਪਣੇ ਘਰ ਵਿਚ ਛਡ ਆਇਆ ਸਾਂ।

ਪਰ ਨਹੀਂ ਮੈਨੂੰ ਏਡਾ ਡਰਾਕਲ ਨਹੀਂ ਹੋਣਾ ਚਾਹੀਦਾ।

ਮੈਂ ਕੱਲ੍ਹ ਆਪਣੇ ਪੁੱਤਰ ਨੂੰ ਸ਼ਹਿਰੋਂ ਜਾ ਕੇ ਤਾਰ ਜ਼ਰੂਰ ਦੇਵਾਂਗਾ, ਰਾਤ ਉੱਤਰ ਆਈ.....

ਖ਼ਮੋਸ਼ੀ ਚਾਰੋਂ ਪਾਸੇ ਖਿੱਲਰ ਗਈ। ਇਹ ਪਿੰਡ ਸ਼ਾਮ ਤੋਂ ਈ ਸੌਂ ਜਾਂਦੇ ਨੇ।

ਮੇਰੇ ਤਾਏ ਚਾਚੇ ਵਾਲਟਨ ਕੈਂਪ ਛੱਡ ਕੇ ਜਾਂਦੇ ਪਏ ਸਨ "ਇਹ ਦੁਨੀਆਂ..... ਇਹ ਕਿਹੜੀ ਦੁਨੀਆਂ ਏ।

ਇਹ ਕੋਈ ਲੋਕ ਨੇਂ, ਮੇਰੇ ਨਾਲ ਤੇ ਜਿਹੜੇ ਲੋਕ ਆਏ ਸਨ...ਟੁੱਟੇ ਭੱਜੇ ਸਨ। ਟੁੱਟੇ ਟੁੱਟੇ ਹੋਏ ਖਿਲਰੇ ਹੋਏ ਲੋਕ।

ਮੈਂ ਮਹਾਜਰ ਕੈਂਪ ਦੀ ਬੈਰਕ ਵਿੱਚ ਪਿਆ ਸਾਰੀ ਸਾਰੀ ਰਾਤ ਪਿਆ ਸੋਚਦਾ ਰਹਿੰਦਾ।

ਇਹ ਲੋਕ ਇਸ ਧਰਤੀ ਤੇ ਆ ਕ ਇਕ ਦਮ ਬਦਲ ਗਏ ਨੇਂ ਮੇਰੇ ਚਾਚੇ ਤਾਏ ਵੀ। ਜਿਹਨਾਂ ਦਾ ਮੈਂ ਪੁੱਤਰ ਸਾਂ, ਜਿਹਨਾਂ ਥੜੇ ਦੀ ਵੰਡ ਨਾਲ ਮੈਨੂੰ ਵੀ ਵੰਡ ਕੇ ਆਪਣੇ ਪਾਸੇ ਲੈ ਆਂਦਾ ਸੀ। ਅੱਜ ਮੇਰੀ ਗੱਲ ਈ ਨਹੀਂ ਸੁਣਦੇ। ਅੱਜ ਮੇਰ ਸਿਰ ਤੇ ਆਪਣੇ ਹੱਥਾਂ ਦੀ ਛਾਂ ਵੀ ਨਹੀਂ ਕਰਦੇ।

ਦਿੱਲੀ ਵਿਚ ਜਿਹਨਾਂ ਦਾ ਜਵਾਨ ਪੁੱਤਰ ਮਰ ਗਿਆ ਏ ਉਹਦੇ ਬੀਵੀ ਬੱਚੇ ਮਰ ਗਏ ਨੇਂ। ਇਹਨਾਂ ਦੀ ਅੱਖ ਵਿਚ ਇਕ ਵੀ ਅੱਥਰੂ ਨਹੀਂ ਆਇਆ। ਇਹਨਾਂ ਦੇ ਬੁੱਲ੍ਹਾਂ ਤੇ ਤਸੱਲੀ ਦਾ ਇਕ ਅੱਖਰ ਵੀ ਮੈਨੂੰ ਨਹੀਂ ਦਿਸਿਆ।

ਬਸ ਭਾਜੜ ਜਿਹੀ ਪਈ ਹੋਈ ਹੈ। ਭੱਜੀ ਜਾਂਦੇ ਨੇਂ ਜ਼ਮੀਨਾਂ ਵਲੇ, ਮਕਾਨਾਂ ਵਲੇ, ਦੌਲਤਾਂ ਵਲੇ ਇਹ ਕਿਵੇਂ ਦੇ ਲੋਕ ਨੇਂ। ਆਪਣਾ ਪਿਆਰ ਆਪਣੀਆਂ ਮੁਹੱਬਤਾਂ ਕਿੱਥੇ ਰੱਖ ਕੇ ਭੁਲ ਆਏ ਨੇਂ। ਖ਼ੌਰੇ ਉਸ ਥੜੇ ਤੇ ਈ ਉਹਨਾਂ ਦਾ ਸਭ ਕੁਝ ਰਹਿ ਗਿਆ ਏ।

ਹੁਣ ਤੇ ਇੰਜ ਲੱਗਦਾ ਏ ਸਭ ਕੁਝ ਗਵਾ ਦੇਣ ਦਾ ਖ਼ੌਫ, ਉਹਦੇ ਬਦਲੇ ਉਤੋਂ ਵੀ ਬਹੁਤਾ ਪਾਵਣ ਦਾ ਖ਼ੌਫ, ਪਰਛਾਵੇਂ ਵਾਂਗੂੰ ਏਹਨਾਂ ਦੇ ਪਿੱਛੇ ਲੱਗਾ ਹੋਇਆ ਏ।

ਲੁੱਟ ਦਾ ਮਾਲ....ਲੁੱਟ ਦਾ ਮਾਲ, ਜਿਵੇਂ ਇਹ ਧਰਤੀ ਲੁੱਟ ਦਾ ਮਾਲ ਹੋਏ।



...ਆਂ...ਲੁੱਟ ਦਾ ਮਾਲ....ਏਹ ਸਦੀਆਂ ਤੋਂ ਮੇਰੇ ਪਿੱਛੇ ਲੱਗਾ ਹੋਇਆ ਭਉ ਮੈਨੂੰ ਮਾਰ ਕਿਉਂ ਨਹੀਂ ਦੇਂਦਾ ਮੈਂ ਕਿਥੇ ਜਾਵਾਂ.....? ਜਿੱਥੇ ਇਹ ਸਾਰੇ ਲੋਕ ਨਾ ਹੋਵਣ ਤਾਏ, ਚਾਚੇ, ਬਾਬੇ।

"ਤੂੰ ਮੇਰੇ ਨਾਲ ਚੱਲ ਤੈਨੂੰ ਗੁਜਰਾਂ ਵਾਲੇ ਜ਼ਮੀਨ ਪੈ ਗਈ ਏ ਤੇ ਮਕਾਨ ਵੀ ਮਿਲ ਗਿਆ ਏ।"

ਤੂੰ ਮੇਰ ਨਾਲ ਚੱਲ ਲਾਇਲਪੁਰ

ਤੂੰ ਮੇਰ ਨਾਲ ਚੱਲ ਮੈਨੂੰ ਵੀ ਤੇਰੇ ਹਿੱਸੇ ਦੀ ਜ਼ਮੀਨ ਤੇ ਮਕਾਨ ਲੈ ਦੇਵਾਂਗਾ।

ਮੈਂ ਚੁੱਪ ਖਲੋਤਾ ਰਹਿ ਗਿਆ। ਮੈਂ ਉਹਨਾਂ ਨੂੰ ਕੀਹ ਆਂਹਦਾ, ਕਿਵੇਂ ਆਂਹਦਾ ਪਈ ਮੇਰੀ ਮਾਂ ਦੀ ਲੋਥ ਲਈ ਤੇ ਛੇ ਫੁੱਟ ਜ਼ਮੀਨ ਪਵਾ ਦੇਵੋ....ਕਾਲੇ ਰਾਹਵਾਂ ਵਿਚ ਵਿਛੀਆਂ ਹੋਈਆਂ ਲੋਥਾਂ ਨੂੰ ਗਿੱਧ ਤੇ ਕੁੱਤੇ ਖਾ ਗਏ ਨੇਂ।

ਪਹਿਲੇ ਉਹਨਾਂ ਲਈ ਤੇ ਜ਼ਮੀਨ ਪਵਾ ਲਉ।

ਦੂਜਿਆਂ ਦਾ ਹੱਕ ਖਾਈ ਜਾਂਦੇ ਓ...ਮਰਿਆਂ ਦੀਆਂ ਕਬਰਾਂ ਦੀ ਥਾਂ ਵੀ ਆਪਣੇ ਨਾਂ ਲਵਾਈ ਜਾਂਦੇ ਓ। ਤੁਸੀਂ ਕਿੱਦਾਂ ਦੇ ਲੋਕ ਓ....ਮੈਂ ਚੁੱਪ ਖਲੋਤਾ ਰਹਿ ਗਿਆ ਤੇ ਉਹ ਸਾਰੇ ਲੋਕ ਟੁਰ ਗਏ, ਤੇ ਮੇਰੇ ਲਈ ਮੇਰ ਅੰਦਰ ਦੀ ਕੋਠੜੀ ਛੱਡ ਗਏ। ਡਰ ਤੇ ਖ਼ੌਫ ਨਾਲ ਭਰੀ ਹੋਈ ਹਯਾਤੀ......

ਚਿੱਟੇ ਦਿਨਾਂ ਦਾ ਖ਼ੌਫ ਕਾਲੀਆਂ ਰਾਤਾਂ ਦਾ ਖ਼ੌਫ, "ਕੀਹ ਹੋਇਆ ਪੁੱਤਰ, ਖ਼ਾਬ ਵਿਚ ਡਰ ਗਿਆ ਏਂ?"

ਦੋ ਕਮਜ਼ੋਰ ਬਾਹਵਾਂ ਮੈਨੂੰ ਆਪਣੇ ਅੰਦਰ ਵਲ੍ਹੇਟ ਲੈਂਦੀਆਂ ਹੁੰਦੀਆਂ ਸਨ। ਪਰ ਹੁਣ ਤੇ ਮੈਂ ਕੱਲ ਮਕੱਲਾ ਰਹਿ ਗਿਆ ਸਾਂ ਤੇ ਮੇਰੇ ਖ਼ੌਫ ਨੇ ਮੈਨੂੰ ਲੁੱਟ ਖਸੁੱਟ ਤੋਂ ਬਚਾਵਣ ਲਈ ਮੈਨੂੰ ਆਪਣੇ ਅੰਦਰ ਵਲ੍ਹੇਟ ਲਿਆ ਹੋਇਆ ਸੀ।

"ਰੋਟੀ ਅੱਬਾ ਜੀ...." ਸੁਗ਼ਰਾਂ ਫ਼ੇਰ ਮੈਨੂੰ ਜਗਾ ਲੈਂਦੀ ਏ।

ਰਜ਼ਾਈ ਵਲ੍ਹੇਟ ਕੇ ਮੈਂ ਸੌਣ ਦੇ ਜਤਨਾਂ ਵਿੱਚ ਆਂ। ਬਾਹਰ ਬਚੋਲਤਸਾਨੀ ਹਵਾਵਾਂ ਸ਼ਾਂ ਸ਼ਾਂ ਮਚਾਈ ਹੋਈ ਏ। ਠੰਢ ਮੇਰੇ ਹੱਡਾਂ ਨੂੰ ਇੰਜ ਅਕੜਾਈ ਜਾਂਦੀ ਏ ਜਿਵੇਂ ਮੌਤ ਜਾਨਦਾਰ ਨੂੰ। ਠੰਢੀ ਲੰਮੀ ਤੇ ਸ਼ਾਂ ਸ਼ਾਂ ਕਰਦੀ ਰਾਤ।

ਉਹ ਰਾਤ ਠੰਢੀ ਨਹੀਂ ਸੀ ਨਾ ਈ ਬਹੁਤੀ ਲੰਮੀ ਸੀ...ਕਾਲੀ....ਸ਼ਾਂ ਸ਼ਾਂ ਕਰਦੀ ਰਾਤ ਸੀ। ਪਰ ਮੇਰੀ ਹਯਾਤੀ ਦੀਆਂ ਸਾਰੀਆਂ ਰਾਤਾਂ ਤੋਂ ਬਹੁਤ ਡਰਾਉਣੀ ਤੇ ਆਵਣ ਵਾਲੀ ਕੱਲ ਤੇ ਖ਼ੌਫ ਵਿਚ ਭਿੱਜੀ ਹੋਈ ਰਾਤ। ਦਿਨ ਚੜ੍ਹੇ ਇਹ ਮਹਾਜਰਾ ਦਾ ਕੈਂਪ ਉਜੜ ਜਾਣਾ ਸੀ। ਰੇਲ ਬੇ-ਵਸੀਲੇ ਲੋਕਾਂ ਨੂੰ ਪਤਾ ਨਹੀਂ ਕਿੱਥੇ ਲਿਜਾਵਣ ਵਾਸਤੇ ਸ਼ਾਮ ਤੋਂ ਈ ਪਟੜੀ ਤੇ ਖਲੋਤੀ ਸੀ।

ਏਸ ਰਾਤ ਮੈਂ ਕੱਚੀ ਜ਼ਮੀਨ ਤੇ ਆਪਣੀ ਮਾਂ ਦੇ ਲਹੂ ਦੇ ਲਾਲ ਸਾਲੂ ਕੋਲ ਬੈਠਾ ਸੋਚ ਰਿਹਾ ਸਾਂ ਏਸ ਸਾਲੂ ਨੂੰ ਇਸ ਧਰਤੀ ਤੋਂ ਚੁੱਕ ਕੇ ਉਹਦੀ ਬੁੱਕਲ ਮਾਰ ਲਵਾਂ ਨਹੀਂ ਤੇ ਮੈਂ ਵੇਲੇ ਦੇ ਠੰਡੇ ਵਰਤਾਰੇ ਨਾਲ ਮਰ ਜਾਂਗਾ।

ਮੈਂ ਉਹਦੇ ਵਲੇ ਹੱਥ ਈ ਵਧਾਇਆ ਸੀ ਤੇ ਮੈਨੂੰ ਇੰਜ ਲੱਗਾ ਜਿਵੇਂ ਸਦੀਆਂ ਲੰਮੀ ਚੀਕ ਨੇ ਮੈਨੂੰ ਸਾਕਤ ਕਰ ਛੱਡਿਆ ਹੋਵੇ।

"ਨਾ ਉਏ ਪੁੱਤਰਾ.....ਮੈਨੂੰ ਆਪਣੀ ਧਰਤੀ ਤੋਂ ਵੱਖ ਨਾ ਕਰ..... ਜਾ ਸ਼ਾਬਾਸ਼....ਆਪਣੀ ਨਵੀਂ ਦੁਨੀਆਂ ਵਿਚ ਜਾ...ਖੁਸ਼ੀਆਂ ਵੰਡਦਾ ਰਹੀਂ...ਸੋਹਣਾ ਰੱਬ ਤੈਨੂੰ ਵੀ ਖੁਸ਼ ਰੱਖੇ" ਮੈਂ ਉਭੜਵਾਹੇ ਨੀਂਦ ਚੋਂ ਉੱਠ ਕੇ ਬਹਿ ਗਿਆ।

ਮੇਰਾ ਸਾਰਾ ਜੁੱਸਾ ਸੂਹੇ ਸ਼ਾਲੂ ਦੀਆਂ ਦੁਆਵਾਂ ਨਾਲ ਭਿੱਜਾ ਹੋਇਆ ਸੀ। ਅਗਲੀ ਸਵੇਰ ਮੈਂ ਗੱਡੀ ਵਿਚ ਬੈਠਾ ਸੋਚ ਰਿਹਾ ਸਾਂ, ਮੇਰੀ ਮੰਜ਼ਲ ਕਿੱਥੇ ਈ। ਗੱਡੀ ਕਿਸ ਛੋਟ ਜਿਹੇ ਟੇਸ਼ਨ ਤੇ ਰਾਤ ਨੂੰ ਰੁਕੀ ਤੇ ਖਿੜਕੀ ਸੀ ਖ਼ੌਰੇ ਗਲੀ ਫੈਸਲਾ ਨਹੀਂ ਸੀ ਹੋਇਆ ਪਈ ਇਨਸਾਨਾਂ ਦੇ ਏਸ ਹੜ੍ਹ ਨੂੰ ਕਿਹੜੇ ਸਮੁੰਦਰ ਵਿਚ ਸੁਟਿਆ ਜਾਵੇ।

ਕਿਸੇ ਨੇ ਦੱਸਿਆ ਕਾਇਦੇ ਆਜ਼ਮ ਚੱਲ ਵੱਸੇ ਨੇਂ।

ਕਾਇਦੇ ਆਜ਼ਮ ਚੱਲ ਵੱਸੇ ਨੇਂ? ਮੈਂ ਸੋਚਿਆ। ਇਹ ਦੁੱਖਾਂ ਦੀ ਫਸਲ ਜਿਹੜੀ ਉਹ ਕੱਟ ਕੇ ਲਿਆਏ ਸਨ ਇਹ ਕੌਣ ਜ਼ਖ਼ੀਰਾ ਕਰਸੀ ਕਿਥੇ ਜ਼ਖ਼ੀਰਾ ਹੋਸੀ....?

ਮੇਰੀ ਸੋਚ ਦਾ ਕੋਈ ਜਵਾਬ ਨਹੀਂ ਸੀ...ਮੇਰੇ ਚਾਰੇਂ ਪਾਸੇ ਗੂੰਗੇ ਤੇ ਬੋਲੇ ਲੋਕ ਸਨ ਜਿਹੜੇ ਚੁੱਪ ਚੁਪੀਤੇ ਲੁੱਟ ਖਸੁੱਟ 'ਚ ਰੁੱਝੇ ਹੋਏ ਸਨ। ਕਿਸੇ ਨੇ ਗੌਲਿਆ ਈ ਨਹੀਂ ਕੌਣ ਮਰ ਗਿਆ ਏ ਕਿਥੇ ਦੱਬਿਆ ਗਿਆ ਏ।

ਗੱਡੀ ਜੂੰ ਦੀ ਟੋਰਨੇ ਰੀਂਘਦੀ ਸਿੰਧ ਦੇ ਇਕ ਉਜਾੜ ਜਿਹੇ ਟੇਸ਼ਨ ਤੇ ਆ ਕੇ ਖਾਲੀ ਹੋ ਗਈ ਤੇ ਆਪਣਾ ਭਾਰ ਪਲੇਟ ਫਾਰਮਾਂ ਤੇ ਖਿਲਾਰ ਕੇ ਟੁਰ ਗਈ।

ਐਲਾਨ ਹੋਇਆ ਕੋਈ ਬੰਦਾ ਟੇਸ਼ਨ ਨਾ ਛੱਡੇ, ਤਪੇ ਦਾਰ ਹੁਣੇ ਆਸਨ ਤੇ....ਕੀਹ ਪਤਾ ਕੀਹ ਹੋਣ ਵਾਲਾ ਸੀ, ਤਪੇਦਾਰ ਨੂੰ ਉਡੀਕ ਰਹੀ ਸੀ।

"ਕਿੱਥੋਂ ਆਏਂ ਓ ਦਾਦਾ....? ਪਨਾਹਗੀਰ ਓ? ਮੇਰੀ ਕੁ ਉਮਰ ਦਾ ਜਣਾ ਸੀ ਉਹ ਜਿਹਨੇ ਮੈਥੋਂ ਪਹਿਲਾਂ ਸਵਾਲ ਪੁੱਛਿਆ....? ਮੈਂ ਉਹਦੇ ਵਲ ਤੱਕਿਆ।

"ਪਨਾਹਗੀਰ......ਮੈਂ ਸੋਚਿਆ "ਉਹ ਤੇ ਕਹਿੰਦੇ ਸਨ ਹੁਣ ਏਹੋ ਤੇਰਾ ਦੇਸ ਏ। ਏਹੋ ਤੇਰੀ ਧਰਤੀ ਏ...ਏਹੋ ਪਨਾਹਗੀਰ....?

"ਹਾਂ ਸ਼ੈਤ" ਮੈਂ ਨਾਲ ਈ ਸਿਰ ਹਿਲਾਇਆ, ਉਹ ਮੇਰੇ ਕੋਲ ਬੈਠਾ ਰਿਹਾ ਮੇਰਾ ਪਿਛੋਕੜ ਫੋਲਦਾ ਰਿਹਾ ਤੇ ਉਸ ਇਕ ਘੰਟੇ 'ਚ ਉਹ ਮੇਰਾ ਬੇਲੀ ਬਣ ਗਿਆ।

ਉਹਦਾ ਨਾਂ ਪੁੱਨਲ ਸੀ।

ਤਪੇਦਾਰ ਤੋਂ ਆਪਣ ਚਾਚੇ ਦੀ ਖ਼ਾਸ ਸਿਫ਼ਾਰਸ਼ ਨਾਲ ਉਹਨੇ ਮੈਨੂੰ ਮਕਾਨ ਲੈ ਦਿੱਤਾ....ਸਮਾਨ ਨਾਲ ਭਰਿਆ ਹੋਇਆ ਇਨਸਾਨਾਂ ਤੋਂ ਖਾਲੀ ਮਕਾਨ, ਮੁਸਲਮਾਨ ਮਕਾਨ ਦੇ ਬਦਲੇ ਵਿਚ ਇਕ ਹਿੰਦੂ ਮਕਾਨ...ਹਿੰਦੂ ਮਕਾਨ ਮੁਸਲਮਾਨ ਮਕਾਨ ਪਤਾ ਨਹੀਂ ਮੈਂ ਕਿਉਂ ਹੱਸ ਪਿਆ।

"ਜ਼ਮੀਨ ਵੀ ਲੈ ਕੇ ਦੇਸਾਂ ਅਦਾ....ਪੁੱਨਲ ਮੇਰਾ ਦਿਲ ਬਨਾਉਣ ਨੂੰ ਲੱਗਾ ਹੋਇਆ ਸੀ...ਉਹ ਪਿਆਰ ਮੁਹੱਬਤ ਜਿਹੜਾ ਮੇਰੇ ਆਪਣਿਆਂ ਕੋਲੋਂ ਸਰਹੱਦ ਪਾਰ ਕਰਦਿਆਂ ਈ ਖੁੱਸਿਆ ਗਿਆ ਸੀ। ਮੈਨੂੰ ਇੰਜ ਲੱਗਾ ਉਹ ਸਾਰਾ ਪਿਆਰ ਸਾਰੇ ਰਿਸ਼ਤੇ ਨਾਤੇ ਪੁੱਨਲ ਦੇ ਅੰਦਰ ਆ ਵਸੇ ਹੋਣ। ਜਿਵੇਂ ਉਹ ਮੇਰਾ ਦਿੱਲੀ ਵਿਚ ਮਰਨ ਵਾਲਾ ਭਰਾ ਸੀ....ਜਿਵੇਂ ਮੇਰੇ ਵਿਹੜੇ 'ਚ ਪਈ ਮੇਰੀ ਮਾਂ ਸੀ। ਜਿਵੇਂ ਲਾਇਲਪੁਰ ਗੁਜਰਾਂਵਾਲੇ ਤੇ ਮਿੰਟਗੁਮਰੀ ਮਿਟ ਜਾਣ ਵਾਲੇ ਮੇਰੇ ਤਾਏ ਚਾਚੇ ਸਨ।

ਡਾਢਾ ਉਦਾਸ ਦਿਨ ਸੀ ਉਹ "ਯਾਰ ਏਹ ਮਕਾਨ ਤੇ ਮੈਨੂੰ...... ਇੰਜ ਲੱਗਦਾ ਏ ਜਿਵੇਂ ਬਹੁਤ ਸਾਰੇ ਉਦਾਸ ਬੰਦੇ ਬੁਢੀਆਂ ਮੈਨੂੰ ਘੇਰਾ ਪਾਈ ਬੈਠੇ ਰਹਿੰਦੇ ਨੇਂ ਤੇ ਪੁਛਦੇ ਨੇਂ "ਤੂੰ ਕੌਣ ਏਂ....ਤੂੰ ਤੇ ਸਾਡਾ ਧਰਮ ਭਰਿਸ਼ਟ ਕਰ ਛੱਡਿਆ ਏ ਸਾਡੇ ਭਾਂਡੇ ਸਾਡਾ ਚੁੱਲ੍ਹਾ ਚੌਂਕਾ ਸਾਡੇ ਭਗਵਾਨ ਦਾ ਕਮਰਾ....." ਮੈਂ ਪੁੱਨਲ ਨੂੰ ਆਖ ਰਿਹਾ ਸਾਂ।

ਪੁੱਨਲ ਬੜੇ ਗਹੁ ਨਾਲ ਮੈਨੂੰ ਤੱਕੀ ਜਾਂਦਾ ਸੀ।

"ਮੈਂ ਯਾਰ ਉਹਨਾਂ ਦੇ ਭਗਵਾਨ ਨੂੰ ਤੇ ਕੁਝ ਨਹੀਂ ਆਖਿਆ ਸਗੋਂ ਮੈਂ ਤਾਂ ਸੰਭਾਲ ਕੇ ਉਸ ਨੂੰ ਉਹਨਾਂ ਦੀ ਬਿਸਤਰਿਆਂ ਵਾਲੀ ਵੱਡੀ ਪੇਟੀ ਵਿਚ ਰੱਖ ਛੱਡਿਆ ਏ.....ਉਹ ਮੈਨੂੰ ਵੇਖ ਵੇਖ ਕੇ ਹੱਸਿਆ ਕਰਦਾ ਸੀ ਤੇ ਉਹਦਾ ਉਹ ਹਾਸਾ ਮੈਨੂੰ ਭੋਰਾ ਵੀ ਚੰਗਾ ਨਹੀਂ ਸੀ ਲੱਗਦਾ।"

"ਪਾਗ਼ਲ ਏਂ ਯਾਰ" ਪੁੱਨਲ ਆਖਿਆ। "ਉਸ ਸਹੁਰੇ ਨੂੰ ਬਾਹਰ ਸੁੱਟ ਕੱਢ ਕੇ..."

"ਬਾਹਰ ਸੁੱਟਾਂ.....?" ਮੈਂ ਆਪਣੇ ਆਪ ਨੂੰ ਆਖਿਆ।

"ਨਹੀਂ, ਪੁੱਨਲ" ਮੈਂ ਉਸ ਨੂੰ ਆਖਿਆ

"ਮੈਂ ਤੇ ਕਿਸੇ ਇਨਸਾਨ ਨੂੰ ਵੀ ਬੇ-ਘਰ ਨਹੀਂ ਕਰ ਸਕਦਾ। ਬੇ-ਘਰ ਹੋਣਾ ਤਾਂ ਦੁਨੀਆਂ ਦਾ ਸਭ ਤੋਂ ਵੱਡਾ ਦੁੱਖ ਏ।

ਫੇਰ ਉਹ ਤੇ ਉਹਨਾਂ ਦਾ ਭਗਵਾਨ ਏ।

ਭਗਵਾਨ ਤੇ ਰੱਬ ਦਾ ਚੱਕਰ ਬੇਸ਼ਕ ਮੇਰੀ ਸਮਝ 'ਚ ਨਹੀਂ ਆਂਵਦਾ ਏਸ ਚੱਕਰ ਨੇ ਇਨਸਾਨ ਇਨਸਾਨਾਂ ਤੋਂ ਵੱਖ ਕਰ ਛੱਡੇ ਨੇਂ....ਜਾਂ ਫੇਰ ਇਹ ਸਾਰੀ ਕਾਰਸਤਾਨੀ ਏਹਨਾਂ ਦੇ ਮੰਨਣ ਵਾਲਿਆਂ ਦੀ ਏ। ਜੇ ਇਹ ਗੱਲ ਸੱਚ ਏ ਤੇ ਫੇਰ ਸ਼ਾਂਤੀ ਰਹਿਣ ਦੇ। ਏਸ ਭਗਵਾਨ ਨੂੰ।"

"ਯਾਰ...." ਪੁੱਨਲ ਹੌਲੀ ਜਿਹੀ ਬੋਲਿਆ।



"ਅਸਲ ਗੱਲ ਮੈਨੂੰ ਜਾਪਦਾ ਏ ਤੇਰਾ ਇਕਲਾਪਾ ਏ। ਜਿਹੜਾ ਤੈਨੂੰ ਹਰ ਵੇਲੇ ਸੋਚਾਂ ਵਿਚ ਪਾਈ ਰੱਖਦਾ ਏ।" ਮੈਂ ਸੋਚਿਆ ਪੁੱਨਲ ਠੀਕ ਕਹਿੰਦਾ ਏ।

ਇਕ ਇਕਲਾਪਾ ਈ ਏ ਜਿਹੜਾ ਮੈਨੂੰ ਤੁਬਕਾ ਤੁਬਕਾ ਜ਼ਹਿਰ ਪਿਲਾਈ ਰੱਖਦਾ ਏ...ਸੋਚਾਂ ਦਾ ਜ਼ਹਿਰ...ਪਿਛੋਕੜ ਦਾ ਜ਼ਹਿਰ...ਯਾਦਾਂ ਦਾ ਜ਼ਹਿਰ।

ਉੜਕ ਪੁੱਤਰ ਏਸ ਇਕਲਾਪੇ ਦੇ ਜ਼ਹਿਰ ਦਾ ਤਰਿਆਕ ਲੱਭ ਈ ਲਿਆ। ਅਗਲੇ ਈ ਦਿਹਾੜੇ ਉਹ ਆਪਣੇ ਵਾਲਦ ਨੂੰ ਨਾਲ ਲੈ ਆਇਆ।

ਚਾਚਾ ਅੱਲ੍ਹਾ ਦੀਨ ਪੰਜਾਹ ਕੁ ਵਰ੍ਹਿਆ ਦਾ ਚੰਗੇ ਹੱਡ ਪੈਰਾਂ ਦਾ ਬੰਦਾ ਸੀ। ਹਾਲ ਚਾਲ ਪੁੱਛਣ ਤੋਂ ਬਾਅਦ ਬੋਲਿਆ। "ਕੱਲਾ ਕਿੰਨਾ ਕੁ ਚਿਰ ਰਹਿਸੀ" ਉਹਨੇ ਗੱਲ ਦਾ ਮੁਢ ਬੰਨ੍ਹਣ ਦੀ ਜ਼ਰੂਰਤ ਵੀ ਮਹਿਸੂਸ ਨਹੀਂ ਕੀਤੀ।

"ਵਿਆਹ ਸ਼ਿਆਹ ਕਰ ਕੇ ਆਪਣਾ ਘਰ ਬਣਾ ਪੁੱਤਰ....ਉਹ ਪਲ ਕੁ ਰੁਕਿਆ "ਮੈਂ ਆਪਣੇ ਭਰਾ ਨਾਲ ਗੱਲ ਕੀਤੀ ਸੀ....."

ਮੈਂ ਹੈਰਾਨੀ ਨਾਲ ਉਹਦੇ ਵੱਲ ਤਕਿਆ।

"ਉਹ ਤੇਰੇ ਲਈ ਜ਼ਮੀਨ ਸ਼ਮੀਨ ਲਈ। ਰਬ ਸੋਹਣਾ ਚੰਗਾ ਈ ਕਰਸੇਂ ਜੋ ਜਾਨੇਂ ....ਤੇਰੇ ਕਾਗ਼ਤ ਕੁਗ਼ਤ ਮੈਂ ਉਹਨੂੰ ਵਿਖਾਏ ਸੂ.. "

"ਮਿਹਰਬਾਨੀ ਚਾਚਾ...ਤੁਸਾਂ ਮੈਨੂੰ ਬੜਾ ਸੌਖਾਲਾ ਦਿੱਤਾ ਏ। ਮੈਂ ਤੇ ਪਤਾ ਨਹੀਂ ਉਸ ਪਲੇਟਫਾਰਮ ਤੇ ਈ ਰੁਲ ਖੁਲ ਜਾਣਾ ਸੀ।"

"ਅੱਲ੍ਹਾ...." ਉਹਨੂੰ ਅਸਮਾਨ ਵਲੇ ਹੱਥ ਚੁੱਕੇ।

"ਉਹ ਈ ਸਭ ਦੇ ਕੰਮ ਸਵਾਰਨ ਵਾਲਾ ਏ।"

"ਹਾਂ ਚਾਚਾ....ਦੁਖ ਸੁਖ ਸਭ ਉਹਦੇ ਖ਼ਜ਼ਾਨੇ 'ਚੋਂ ਆਉਂਦੇ ਨੇ"

ਚਾਚਾ ਅੱਲ੍ਹਾ ਦੀਨ ਕੁਝ ਚਿਰ ਸੋਚ ਕੇ ਫੇਰ ਵਿਆਹ ਦੀ ਗੱਲ ਟੋਰ ਦਿੱਤੀ ਤੇ ਇੰਜ ਚਾਚੇ ਅੱਲ੍ਹਾ ਦੀਨ ਦੀ ਧੀ ਪੁੱਨਲ ਦੀ ਵੱਡੀ ਭੈਣ ਮੇਰੀ ਹਯਾਤੀ ਦਾ ਸਾਥੀ ਬਣ ਕੇ ਏਸ ਘਰ ਦੀ ਮਾਲਕਣ ਬਣ ਗਈ। ਮੇਰੇ ਚਾਚੇ ਦੀ ਧੀ ਸਕੀਨਾ ਜਿਹੜੀ ਮੇਰੀ ਨਿੱਕਿਆਂ ਹੁੰਦਿਆਂ ਦੀ ਮੰਗ ਸੀ ਗੁਜਰਾਂਵਾਲੇ ਦੇ ਕਿਸੇ ਪਿੰਡ ਵਿਚ ਪਤਾ ਨਹੀਂ ਕਿਹਦੇ ਘਰ ਦੀ ਰਾਣੀ ਹੋਸੀਂ।

ਵੇਲੇ ਦਾ ਮਜ਼ਾਕ....

ਦਿਨ ਉਘੜ ਆਇਆ ਏ। ਸੁਗ਼ਰਾਂ ਰੋਟੀ ਤੇ ਮੱਖਣ ਰੱਖ ਕੇ ਮੇਰੇ ਅੱਗੇ ਰੱਖ ਗਈ ਏ।

ਚਾਹ ਦੀ ਪਿਆਲੀ ਮੁਕਾ ਕੇ ਮੈਂ ਟੇਸ਼ਨ ਵਲੇ ਟੁਰ ਪੈਨਾਂ। ਗੱਡੀ ਵੀ ਆਵਣ ਵਾਲੀ ਏ। ਇਹ ਟੇਸ਼ਨ ਸਿੰਧ ਦੇ ਏਸ ਟੁਕੜੇ ਤੇ ਮੇਰੀ ਅੰਮਾਂ ਦੀ ਗੋਦੀ ਜਿਹਾ ਏ ਜਿਹਨੇ ਮੈਨੂੰ ਨਿੱਘਾ ਪਿਆਰ ਦਿੱਤਾ ਸੀ। ਮੈਨੂੰ ਇੰਜ ਲੱਗਦਾ ਏ ਜਿਵੇਂ ਏਹੋ ਮੇਰੀ ਇਬਾਦਤਗ਼ਾਹ ਹੋਏ। ਮੇਰੀ ਮਸੀਤ, ਮੇਰਾ ਮੰਦਰ, ਮੇਰਾ ਕਾਅਬਾ, ਮੇਰਾ ਕਾਸ਼ੀ.....

ਤਾਰ ਬਾਊ ਦੀ ਖਿੜਕੀ ਨਾਲ ਲੱਗਾ ਮੈਂ ਆਪਣੀ ਔਲਾਦ ਲਈ ਦੁਆਵਾਂ ਪੜ੍ਹਦਿਆਂ ਆਖਿਆ।

"ਡਬਲ ਤਾਰ.....ਬਾਊ ਜੀ"

ਉਸ ਪੁੱਛਿਆ।

"ਜਵਾਬੀ ਬਾਬਾ ਜੀ.....?"

"ਹਾਂ ਪੁੱਤਰ......"

ਮੈਂ ਤਾਰ ਦੇ ਕੇ ਦੁਆਵਾਂ ਆਪਣੇ ਗਿਰਦ ਵਲ੍ਹੇਟ ਕੇ ਵਾਪਸ ਆ ਗਿਆ।

"ਅੱਬਾ ਜੀ.....ਤਾਰ .......?" ਸੁਗ਼ਰਾਂ ਦਾ ਪਹਿਲਾ ਸਵਾਲ ਸੀ।

"ਹਾਂ ਪੁੱਤਰ..... ਆ ਜਾਸੀਂ ਜਵਾਬ ਸ਼ਾਮ ਤੱਕ ਆ ਜਾਸੀਂ"

**—ਲਿਪੀਆਂਤਰ—ਜੋਗਿੰਦਰ ਪਾਲ ਮਾਨ**

ਗ਼ਜ਼ਲ

1.

**ਮੱਖਣ ਸਿੰਘ 'ਕੁਹਾੜ'**

ਦਾਵਾਨਲ ਛੇੜਨ ਲਈ ਉਹ ਸਭ ਬਾਂਸ ਭਿੜਾ ਕੇ ਵੇਖਣਗੇ।
ਫਿਰ ਵੀ ਅੱਗ ਜੇ ਨਾ ਭੜਕੀ ਖੁਦ ਤੀਲ ਲਗਾ ਕੇ ਵੇਖਣਗੇ।
ਜੁਗਨੂੰ ਬਾਲਕੇ ਵੇਖਣਗੇ, ਤਾਰੇ ਸੜਵਾ ਕੇ ਵੇਖਣਗੇ,
ਸੂਰਜ ਡੋਬਣ ਖਾਤਰ ਉਹ ਹਰ ਚੰਦ ਚੜ੍ਹਾ ਕੇ ਵੇਖਣਗੇ।
ਸਿਦਕ ਉਹ ਸਾਡਾ ਪਰਖਣਗੇ, ਉਹ ਚਾਲ ਅਸਾਡੀ ਘੋਖਣਗੇ,
ਤੋੜੇ ਤੋੜੀ ਸਾਡੇ ਰਾਹ 'ਚ ਪੁਲ ਸਭ ਢਾਹ ਕੇ ਵੇਖਣਗੇ।
ਮਾਰੂਥਲ ਜਿਹੇ ਪਿੰਡੇ ਸਾਡੇ ਕਿੰਨੇ ਕੰਡੇ ਜਰਦੇ ਨੇ,
ਸਾਡੇ ਘਰ ਦੇ ਬੂਹੇ ਅੱਗੇ ਥੋਹਰਾਂ ਲਾ ਕੇ ਵੇਖਣਗੇ।
ਉਹ ਜਿੰਨ੍ਹਾਂ ਦੇ ਕੋਲ 'ਦਰੋਣਾ' ਹੈ ਨਾ ਕੋਈ ਦੱਸ਼ਣਾ ਹੈ,
ਉਹ ਵੀ ਬਣ ਇੱਕਲਵਯਾ ਏਥੇ ਤੀਰ ਚਲਾ ਕੇ ਵੇਖਣਗੇ।
ਸੂਰਜ, ਚੰਦ, ਸਿਤਾਰੇ ਰਲਕੇ ਖੇਡਣਗੇ ਜਦ ਸਾਡੇ ਵਿਹੜੀਂ,
ਨੇਹਾਰ ਇਹ ਜਾਦੂਗਰ ਸਭ ਮੰਤਰ ਲਾ ਕੇ ਵੇਖਣਗੇ।
ਜ ਵੀ ਬਾਲ ਅੰਞਾਣਾਂ ਕਿਧਰੇ ਰੋਟੀ ਖਾਤਰ ਵਿਲਕੇਗਾ,
ਉਸਨੂੰ ਸੁੰਦਰ ਰੋਟੀ ਵਰਗਾ ਬੰਬ ਵਖਾ ਕੇ ਵੇਖਣਗੇ।
ਜਿੰਨ੍ਹਾਂ ਦੇ ਹਿੱਸੇ ਦੀ ਧੁੱਪ ਹੈ, ਮਾਰੂਥਲ ਵਿੱਚ ਵਿਲਕ ਰਹੀ,
ਉਹ ਵੀ ਸਾਡੀ ਧੁੱਪ ਓੜਨ ਲਈ ਜ਼ੋਰ ਲਗਾ ਕੇ ਵੇਖਣਗੇ।
ਮਾਣ ਬੜਾ ਸੀ ਰੁਸ ਜਾਵਾਂਗੇ, ਆਕੇ ਆਪ ਮਨਾਉਣਗੇ ਸਾਨੂੰ,
ਆਸ ਨਹੀਂ ਸੀ ਸੱਜਣ ਹੀ ਖੁਦ ਆਪ ਰੁਸਾ ਕੇ ਵੇਖਣਗੇ।
ਪਰਤੇ ਹਾਂ ਇਸ ਆਸ 'ਚ ਹਾਲੇ, ਲਹਿ ਜਾਵੇਗਾ ਆਖਰ ਨੂੰ ਹੜ,
ਗੋਤੇ ਖਾਂਦੇ ਪੁਲ ਫਿਰ ਸਾਡਾ ਸਾਥ ਨਿਭਾ ਕੇ ਵੇਖਣਗੇ।
ਵੇਖਣਗੇ ਉਹ ਬਾਜ ਦੀ ਕਿੱਦਾਂ ਝਪਟ ਨਕਾਰਾ ਕਰਨੀ ਹੈ,
ਤਲੀਆਂ ਤੇ ਚਿੜੀਆਂ ਦੇ ਮਾਸ ਦਾ ਚੋਗ ਚੁਗਾ ਕੇ ਵੇਖਣਗੇ।

2.

**ਸੁਰਿੰਦਰ ਸੋਹਲ**

ਅਕਸ ਮੇਰਾ ਵੀ ਤਾਂ ਇਸ ਵਿੱਚ ਤਿੜਕਿਆ ਹੀ ਦਿਸ ਰਿਹਾ ਏ।
ਸੋਚਦਾ ਹਾਂ ਕਿਉਂ ਮੈਂ ਹੱਥੀਂ ਦਿਲ ਦਾ ਸ਼ੀਸ਼ਾ ਤੋੜਿਆ ਏ।
ਗਰਮੀਆਂ ਨੇ ਸਾੜਿਆ ਸਿਰ ਸਰਦੀਆਂ ਨੇ ਠਾਰਿਆ ਏ।
ਹੁਣ ਗਵਾਚੀ ਪੱਗ ਦਾ ਅਹਿਸਾਸ ਹੁੰਦਾ ਜਾ ਰਿਹਾ ਏ।
ਜੇ ਕਿਤੇ ਅਪਣਤ ਦੀ ਛਤਰੀ ਮਿਲੇ ਤਾਂ ਫਿਰ ਬਚਾ ਏ।
ਭੀੜ ਦੀ ਬਰਖਾਂ 'ਚ ਬਾਵਾ ਹੋਂਦ ਵਾਲਾ ਖੁਰ ਰਿਹਾ ਏ।
ਸ਼ੱਕ ਨੇ ਕਾਤਿਲ ਦੀ ਬਾਬਤ ਰਾਏ ਪਰਗਟ ਇੰਜ ਕੀਤੀ,
ਕਤਲ ਹੋਈ ਬਾਂਸੁਰੀ ਦੀ ਲੋਰ ਵੀ ਤਾਂ ਲਾਪਤਾ ਏ।
ਰਾਹ ਵਿੱਚ ਖੌਰੇ ਉਹ ਕੀ ਕੁਝ ਛੱਡ ਆਇਆ ਹੈ ਸੁਰਿੰਦਰ,
ਆਕੇ ਮੰਜ਼ਿਲ ਤੇ ਪਿਛਾਂਹ ਵੱਲ ਵੇਖ ਕੇ ਜੋ ਰ ਪਿਆ ਏ।

3.

ਐਨੀ ਡੂੰਘੀ ਰਾਤ ਵਿੱਚ ਵਿਲਕਣ ਨੂੰ ਕਿਸਦਾ ਚਿਤ ਕਰੇ।
ਰੋ ਰਹੇ ਪੰਛੀ ਹੋਣੇ ਨੇ ਪਰ ਕਟੇ ਕੁਝ ਬੇਘਰੇ।
ਉਂਝ 'ਤੇ ਮਾਂ ਤੇਰੇ ਜਿਹੇ ਚਿਹਰੇ ਬਹੁਤ ਮਿਲਦੇ ਨੇ ਪਰ,
ਛਿਕ ਤੇ 'ਜੈਦੇਵੀ' ਕੁਈ ਉੱਥੂ ਤ ਨਾ ਆਖੇ 'ਖੁਰੇ'



ਜੋ ਕਦੇ ਚਿੜੀਆਂ ਦੀ ਰੱਖਿਆ ਵਾਸਤੇ ਮਸ਼ਹੂਰ ਸੀ,
ਵੱਜਕੇ ਪੱਖੇ 'ਚ ਚਿੜੀਆਂ ਮਰਦੀਆਂ ਹੁਣ ਉਸ ਘਰੇ।
ਵਲ ਕੇ ਰਸਤਾ ਵੇਲ ਕਚਿਆਂ ਕੋਲਿਆਂ ਤੇ ਜਾ ਚੜ੍ਹੀ,
ਉਸ ਨੇ ਤਕਿਆ ਜਦ ਖਲੋਤਾ ਬਿਰਖ ਥੰਮੀਆਂ ਆਸਰੇ।
ਉਸਦੇ ਦਿਲ ਅੰਦਰ ਕੋਈ ਖੰਡਰਾਤ ਹੋਵੇਗਾ ਜ਼ਰੂਰ,
ਬੁਰਜ ਡਿੱਗਦਾ ਵੇਖਕੇ ਵੀ ਨਾ ਜਿਦ੍ਹੇ ਨੇਤਰ ਭਰੇ।

4.

**ਡਾ.ਐੱਸ. ਤਰਸੇਮ**

ਕਰਦੇ ਕਰਦੇ ਦੋਸਤੋ ਕੰਧਾਂ ਦੀ ਪੜਚੋਲ
ਪੌਣਾਂ ਸੰਗ ਵੀ ਹੋ ਗਏ ਇੱਕ ਦੋ ਬੋਲ-ਕਬੋਲ
ਰਾਵਣ ਲੀਲ੍ਹਾ ਹੋ ਰਹੀ ਇੱਥੇ ਉੱਥੇ ਰੋਜ਼
ਰਾਮ ਚੰਦਰ ਜੀ ਕਰ ਰਹੇ ਖੁਦ ਰਾਵਣ ਦਾ ਰੋਲ
ਚੀਰ ਹਰਣ ਤੋਂ ਰੇਪ ਤੱਕ ਪਹੁੰਚੇ ਕੌਰਵ ਹੱਥ
ਭੀਮ ਫੇਰ ਵੀ ਚੁੱਪ ਹੈ, ਖੜ੍ਹਾ ਦੁਸਾਸ਼ਣ ਕੋਲ
ਭੇਜੇ ਕੁਝ ਮਰਜੀਵੜੇ ਭਾਲਣ ਅੰਮ੍ਰਿਤ ਕੁੰਭ
ਪਰਤੇ ਜਦ ਤਾਂ ਕੋਲ ਸੀ ਵਿਸ਼ ਦਾ ਭਰਿਆ ਢੋਲ
ਵਗਦੀ ਤੱਤੀ ਪੌਣ ਹੈ ਹੇਠਾਂ ਉੱਤੇ ਰੇਤ
ਕਿਸ ਕੰਮ ਇਨ੍ਹਾਂ ਵਾਸਤੇ ਦਰਿਆਵਾਂ ਦੇ ਬੋਲ
ਸ਼ਹਿਰਾਂ ਦੇ ਵਿੱਚ ਲੋਕ ਸਭ ਹਰ ਪਲ ਝੁਰਦੇ ਰਹਿਣ
ਜੰਗਲ ਦੇ ਵਿੱਚ ਰਾਤ ਦਿਨ ਪੰਛੀ ਕਰਨ ਕਲੋਲ
ਤੁਲਦੇ ਵਿਕਦੇ ਰੋਜ਼ ਹੀ ਹੀਰੇ ਪੰਨੇ ਲਾਲ
ਤੁਲਦੇ ਵਿਕਦੇ ਫੁੱਲ ਵੀ ਮਹਿਕ ਨਾ ਹੁੰਦੀ ਤੋਲ।

821, ਗੁਰੂ ਨਾਨਕ ਕਾਲੋਨੀ, ਮਾਲੇਰਕੋਟਲਾ-148023

5.

**ਸੁਲੱਖਣ ਸਰਹੱਦੀ**

ਇੱਕ ਪਾਗਲ ਮੰਦਿਰੋਂ ਪੱਥਰ ਉਠਾ ਕੇ ਤੁਰ ਗਿਆ,
ਰੌਲੇ ਪੈ ਗੇ ਸ਼ਹਿਰ ਵਿੱਚ ਕਿ ਰੱਬ ਚੁਰਾ ਕੇ ਤੁਰ ਗਿਆ।
ਇਸ ਤੋਂ ਵੱਧ ਕੇ ਹੋਰ ਕੀ ਪੈਣਾ ਸੀ ਨ੍ਹੇਰਾ ਇਸ ਨਗਰ,
ਕਾਫਰ ਇੱਕ ਬੁਝ ਚੁੱਕੇ ਘਰ ਦੀਵਾ ਜਗਾ ਕੇ ਤੁਰ ਗਿਆ।
ਫੁੱਲੀਆਂ ਤੇ ਬਹੁਤ ਹੀ ਜਦ ਲੱਟੂ ਸੀ ਇੱਕ ਆਦਮੀ,
ਬਾਂਦਰ ਆਇਆ ਓਸ ਨੂੰ ਪੂਛਲ ਲਗਾ ਕੇ ਤੁਰ ਗਿਆ।
ਅਧ-ਸਦੀ ਆਜ਼ਾਦੀ ਦੇ ਜਦ ਬਹੁਤ ਵੱਜੇ ਰਾਜਾ-ਢੋਲ,
ਨੰਗਾ ਜਿਹਾ ਇੱਕ ਬੰਦਾ ਸੀ ਉਹ ਢਿੱਡ ਵਜਾ ਕੇ ਤੁਰ ਗਿਆ।
ਕਹਿ ਗਿਆ ਕਿ ਯਾਦ ਰੱਖ, ਏਸੇ ਨੇ ਆਉਣਾ ਕੰਮ ਅਖੀਰ,
ਪਿਉ ਮੇਰਾ ਆਪਣੀ ਛੜੀ ਮੈਨੂੰ ਫੜਾ ਕੇ ਤੁਰ ਗਿਆ।
ਕੀ ਕਰੂ ਵਿਗਿਆਨ ਏਥੇ? ਕੀ ਅਦਾਲਤ ਕਰ ਸਕੂ?
ਇੱਕ ਅਲੂੰਏਂ ਬੋਟ ਨੂੰ ਸ਼ਿਕਰਾ ਉਡਾ ਕੇ ਤੁਰ ਗਿਆ।
ਉਸਨੂੰ ਕੀ ਇਲਮ ਸੀ ਕਿ ਇਸਤੇ ਲਗਣੇ ਚੋਰ ਫੁਲ,
ਭੋਲਾ ਗਾਂਧੀਵਾਦ ਦਾ ਬੂਟਾ ਲਗਾ ਕੇ ਤੁਰ ਗਿਆ।
ਮੇਰੇ ਕੰਨ ਤੇ ਦੀਵਾਲੀ ਤੇ ਪੋਤੇ ਪਿਸਟਲ ਖੇਡਿਆ,

ਦਸ ਵਰ੍ਹੇ ਅੱਤਵਾਦ ਦੇ ਮੈਨੂੰ ਗਿਣਾ ਕੇ ਤੁਰ ਗਿਆ।
ਹੋਈਆਂ ਆਖਰ ਨੰਗੀਆਂ ਮਨਸੂਰੀਆਂ ਤਬਰੇਜ਼ੀਆਂ,
ਮੈਂ ਗ਼ਜ਼ਲ ਆਖੀ ਤਾਂ ਨੇਤਾ ਨੀਵੀਂ ਪਾ ਕੇ ਤੁਰ ਗਿਆ।

ਪਿੰਡ ਕੁਹਾੜ ਡਾਕ. ਡਿਹਰੀਵਾਲ ਦਰੋਗਾ, ਜ਼ਿਲ੍ਹਾ ਗੁਰਦਾਸਪੁਰ

6.

**ਰਮਿੰਦਰ ਸਿੰਘ ਬੇਰੀ**

ਕੋਈ ਵਿਰਲਾ ਮੁਹੱਬਤ ਦਾ, ਜ਼ਿਆਦਾ ਜ਼ਹਿਰ ਦੇ ਰਿਸ਼ਤੇ।
ਅਸੀਂ ਤਾਂ ਰੋਜ਼ ਤਕਦੇ ਹਾਂ ਖ਼ਲਾਅ ਵਿੱਚ ਤੈਰਦੇ ਰਿਸ਼ਤੇ।
ਜਿਨ੍ਹਾਂ ਦੇ ਆਸਰੇ ਬੁਣੀਏ ਸੁਨਹਿਰੇ ਜਾਲ ਖ਼ਾਬਾਂ ਦੇ,
ਹਕੀਕਤ ਸਾਮ੍ਹਣੇ ਕੁਝ ਪਲ ਵੀ ਨਾਂ ਉਹ ਠਹਿਰਦੇ ਰਿਸ਼ਤੇ।
ਪਰਾਣੀ ਸਾਂਝ ਦੇ ਪੁਲ ਇੱਕ ਝਟਕੇ ਨਾਲ ਕਰ ਢੇਰੀ,
ਪਤਾ ਲੱਗਦਾ ਨਹੀਂ ਬਣ ਜਾਣ ਕਦ ਉਹ ਕਹਿਰ ਦੇ ਰਿਸ਼ਤੇ।
ਸਿਤਾਰਾ ਚਮਕਿਆ ਤਕ ਕੇ ਕਿਸੇ ਵੀਰਾਨ ਵਿਹੜੇ ਦਾ,
ਪਲਾਂ ਵਿੱਚ ਨਿਕਲ ਆਉਂਦੇ ਨੇ ਬਿਨਾਂ ਸਿਰ ਪੈਰ ਦੇ ਰਿਸ਼ਤੇ।
ਦਿਖਾਵੇ ਤੀਕ ਹੀ ਸੀਮਤ ਨੇ ਇਸ ਜੋ ਚਮਕਦੇ ਦੂਰੋਂ,
ਸੁਆਸਾਂ ਨਾਲ ਤਾਂ ਨਿਭਦੇ ਨੇ ਮਨ ਦੀ ਲਹਿਰ ਦੇ ਰਿਸ਼ਤੇ।
ਇਹ ਟੁੱਟਣ ਜੁੜਨ ਦਾ ਤਾਂ ਸਿਲਸਿਲਾ ਚਲਦਾ ਉਮਰ ਸਾਰੀ,
ਭੁਲਾਇਆਂ ਨਾਂ ਮਗਰ ਭੁਲਦੇ ਉਹ ਪਹਿਲੇ ਪਹਿਰ ਦੇ ਰਿਸ਼ਤੇ।
ਇਨ੍ਹਾਂ ਨੇਹਾਂ ਤੋਂ 'ਬੇਰੀ' ਮਾਸ ਨਾਂ ਵੱਖਰਾ ਕਦੇ ਹੋਵੇ,
ਸਲਾਮਤ ਰਹਿਣ ਸ਼ਾਲਾ! ਹਰ ਗਲੀ ਹਰ ਸ਼ਹਿਰ ਦੇ ਰਿਸ਼ਤੇ।

7.

ਚੁਫ਼ੇਰੇ ਫੈਲ ਚੁੱਕੀ ਚੁੱਪ 'ਚੋਂ ਆਵਾਜ਼ ਲੱਭਦੇ ਹੋ।
ਪਰਾਂ ਨੂੰ ਕੁਤਰ ਕੇ ਹੱਥੀਂ ਕਿਹੀ ਪਰਵਾਜ਼ ਲੱਭਦੇ ਹੋ।
ਸੁਰੀਲੀ ਤਾਨ ਵਾਲੀ ਵੰਝਲੀ ਨੂੰ ਰੱਖ ਕੇ ਗਿਰਵੀ,
ਕਿਰਾਏ ਦੇ ਸੁਰਾਂ 'ਚੋਂ ਜ਼ਿੰਦਗੀ ਦਾ ਰਾਜ਼ ਲੱਭਦੇ ਹੋ।
ਸਮੇਂ ਦਾ ਦਰਦ ਸੀਨੇ ਦਫ਼ਨ ਕਰਕੇ ਸੌਂ ਗਏ ਜਿਹੜੇ,
ਸਰਾਪੇ ਵਿਹੜਿਆਂ 'ਚੋਂ ਜੀਣ ਦਾ ਅੰਦਾਜ਼ ਲੱਭਦੇ ਹੋ।
ਹੈ ਆਪਣੇ ਆਪ ਤੋਂ ਲੱਗਦਾ ਭਰੋਸਾ ਉੱਠ ਗਿਆ ਅੱਜਕੱਲ੍ਹ,
ਜੁ ਚਸਕੇ-ਖੋਰਿਆਂ ਦੀ ਭੀੜ 'ਚੋਂ ਹਮਰਾਜ਼ ਲੱਭਦੇ ਹੋ।
ਕਦੇ ਲੱਭਦੇ ਹੋ ਸ਼ਾਇਰੀ ਮੌਸਮਾਂ ਦੀ ਬੇਵਫ਼ਾਈ 'ਚੋਂ,
ਕਦੇ ਸੁੰਨੇ ਘਰਾਂ 'ਚੋਂ ਧੜਕਣਾਂ ਦਾ ਸਾਜ਼ ਲੱਭਦੇ ਹੋ।
ਜੇ ਵੱਸ ਚੱਲਿਆ ਉਹ ਮਾਂ-ਬੋਲੀ ਦੇ ਕੱਪੜੇ ਵੀ ਉਤਾਰਨਗੇ,
ਜਿਨ੍ਹਾਂ ਮੂੰਹੋਂ ਤੁਸੀਂ ਸਤਿਕਾਰ ਦੇ ਅਲਫ਼ਾਜ਼ ਲੱਭਦੇ ਹੋ।
ਸੁਭਾਵਿਕ ਹੈ ਤੁਹਾਡੀ ਨੀਤ 'ਤੇ ਚਿੜੀਆਂ ਨੂੰ ਸ਼ਕ ਹੋਣਾ,
ਜੋ ਖ਼ੂਨੀ ਸ਼ਿਕਰਿਆਂ ਦੀ ਦੋਸਤੀ 'ਚੋਂ ਨਾਜ਼ ਲੱਭਦੇ ਹੋ।

ਝਿਲਮਿਲ ਦੁਪੱਟਾ ਸੈਂਟਰ, ਮੁਕਤਸਰ

8.

**ਜਗਰੂਪ ਵਿਸ਼ਵਾਸ**

ਮੇਰੀ ਆਸ ਦਾ ਇੰਜ ਹੀ ਢਲ ਗਿਆ ਸੂਰਜ।
ਕੁਝ ਇਸ ਤਰ੍ਹਾਂ ਮੈਨੂੰ ਛਲ ਗਿਆ ਸੂਰਜ।



ਢੋਇਆ ਨ ਬੂਹਾ ਦਿਲ ਦਾ ਰੌਸ਼ਨੀ ਖ਼ਾਤਿਰ,
ਰੀਝਾਂ ਹੀ ਧੁੱਪੇ ਸਾੜ ਕੇ ਚਲ ਗਿਆ ਸੂਰਜ।
ਪੀ ਕੇ ਜ਼ਹਿਰ ਮੈਂ ਨ੍ਹੇਰ ਦਾ ਪੁੱਛਾਂਗਾ ਜ਼ਰੂਰ,
ਜ਼ਿੰਦਗੀ 'ਚ ਜੇ ਕਿਤੇ ਫ਼ਿਰ ਮਿਲ ਗਿਆ ਸੂਰਜ।
ਮਾਰਾਂਗਾ ਪੱਥਰ ਨਦੀ 'ਚ ਵੇਖ ਟਿੱਕੀ ਓਸਦੀ,
ਹੋਊ ਇਹ ਭਰਮ ਕਿ ਪਾਣੀ 'ਚ ਘੁਲ ਗਿਆ ਸੂਰਜ।
ਰਾਤ ਲੰਮੀ ਹੋ ਗਈ ਮੇਰੇ ਗ਼ਮਾਂ ਦੀ ਦੋਸਤੋ,
ਲੱਗਦੈ ਏਸ ਤੋਂ ਹੀ ਡਰਕੇ ਟਲ ਗਿਆ ਸੂਰਜ।

9.

ਬੂੰਦਾਂ ਨਾਲ ਨਈਂ ਭਰਦਾ ਸਾਗਰ ਭਰ ਕੇ ਵੇਖ ਲਿਆ।
ਕੱਚਿਆਂ ਨਾਲ ਪਾਰ ਨਈਂ ਹੁੰਦਾ, ਤਰ ਕੇ ਵੇਖ ਲਿਆ।
ਖ਼ੌਰੇ ਕਿਉਂ ਭੁਲ ਜਾਂਦੇ ਸੱਜਣ ਰਸਤਾ ਸਾਡੇ ਘਰ ਦਾ,
ਦਿਲ ਵੀ ਬਾਲ ਤਲੀ ਦੇ ਉੱਤੇ ਧਰ ਕੇ ਵੇਖ ਲਿਆ।
ਮਿਲੀ ਨਾ ਅੱਗੋਂ ਜ਼ਿੰਦਗੀ ਫੁੱਲਾਂ-ਹਾਰ ਪਰੋ ਕੇ,
ਜਿਉਂਦੇ ਜੀ ਹਰ ਰੋਜ਼ ਈ ਮਰ ਕੇ ਵੇਖ ਲਿਆ।
ਸੱਚ ਬੋਲਣ ਤੇ ਸੂਲੀ ਚੜ੍ਹਿਆ ਸੀ ਸੁਣਿਆ ਮਨਸੂਰ,
ਚੁੱਪ ਚੁਪੀਤੇ ਲੂਣ ਵਾਂਗ ਖਰ-ਖਰ ਕੇ ਵੇਖ ਲਿਆ।
ਕਹਿਣ ਸਿਆਣੇ ਲੈ ਜਾਂਦੇ ਨੇ ਜਿਹੜੇ ਮੰਜ਼ਿਲ ਤੀਕ,
ਉਹਨਾਂ ਰਾਹਾਂ 'ਚੋਂ ਵੀ ਅਸੀਂ ਗੁਜ਼ਰ ਕੇ ਵੇਖ ਲਿਆ।
ਚੁੱਕ ਕੇ ਸੀਨੇ ਨਾਲ ਜੁ ਲੌਂਦਾ ਐਸਾ ਕੋਈ ਨਾ ਮਿਲਿਆ,
ਕਦਮਾਂ ਵਿੱਚ ਵੀ ਫੁੱਲਾਂ ਵਾਂਗ ਬਿਖ਼ਰ ਕੇ ਵੇਖ ਲਿਆ।
ਮਰਦੈਂ ਤੂੰ 'ਜਗਰੂਪ' ਜਿੰਦੇ ਲਈ ਉਹਨੇ ਹੁਣ ਕੀ ਔਣਾ,
ਛੱਡ ਪਰ੍ਹਾਂ 'ਵਿਸ਼ਵਾਸ' ਬਥੇਰਾ ਕਰ ਕੇ ਵੇਖ ਲਿਆ।

ਪਿੰਡ ਥਾਂਦੇਵਾਲ (ਮੁਕਤਸਰ)

10.

**ਬਚਨ ਸਿੰਘ 'ਮੌਜ'**

ਆਓ ਪਿਆਰ ਬਗੀਚਾ ਲਾਈਏ, ਦਿਲ ਦੇ ਕੋਮਲ ਵਿਹੜੇ ਅੰਦਰ
ਐਸੀ ਦੁਨੀਆਂ ਨਵੀਂ ਵਸਾਈਏ, ਦਿਲ ਦੇ ਕੋਮਲ ਵਿਹੜੇ ਅੰਦਰ
ਕਿਸੇ ਸੁਰਗ ਦੀ ਆਸ ਨਾਂ ਰੱਖੀਏ, ਨਾ ਡਰ ਹੋਣ ਨਰਕਾਂ ਦਾ
ਆਓ ਕਵੀਓ ਸੁਰਗ ਬਣਾਈਏ, ਦਿਲ ਦੇ ਕੋਮਲ ਵਿਹੜੇ ਅੰਦਰ
ਰਹਿਣ ਨਾ ਦੇਈਏ ਕਾਲੀ ਰਾਤਾਂ, ਐਸਾ ਚਾਨਣ ਕਰ ਜਾਈਏ
ਐਸਾ ਪਿਆਰਾ ਦੀਪ ਜਗਾਈਏ, ਦਿਲ ਦੇ ਕੋਮਲ ਵਿਹੜੇ ਅੰਦਰ
ਦੂਈ ਦਵੈਤ ਈਰਖਾ ਨਫ਼ਰਤ, ਸੀਨੇ ਵਿਚੋਂ ਕੱਢ ਦਈਏ
ਇਕਮਿਕ ਹੋ ਕੇ ਸ਼ਗਨ ਮਨਾਈਏ, ਦਿਲ ਦੇ ਕੋਮਲ ਵਿਹੜੇ ਅੰਦਰ
ਮੁੱਕ ਜਾਵੇਗੀ ਦਿਲ ਦੀ ਭਟਕਣ, ਅੰਦਰ ਸਾਡੇ ਸਾੜ ਰਹੀ
ਠੰਡੀ ਠੰਢੀ ਪੌਣ ਵਗਾਈਏ, ਦਿਲ ਦੇ ਕੋਮਲ ਵਿਹੜੇ ਅੰਦਰ
ਦਿਲ ਦਾ ਕੋਮਲ ਨਾਜ਼ਕ ਸ਼ੀਸ਼ਾ, ਵੇਖੋ ਠੋਕਰ ਮਾਰੋ ਨਾਂ
ਪਿਆਰ ਨਾਲ ਫਿਰ ਮੌਜ ਮਨਾਈਏ, ਦਿਲ ਦੇ ਕੋਮਲ ਵਿਹੜੇ ਅੰਦਰ

1481 ਏ 18, ਏਕਤਾ ਬਿਹਾਰ, ਸਲਾਰਪੁਰ ਰੋਡ ਕੁਰਕਸ਼ੇਤਰ, ਹਰਿਆਣਾ

# ਕਾਵਿ-ਕਲਾ ਸੰਬੰਧੀ ਮੇਰੀ ਧਾਰਨਾ/ ਹਰਭਜਨ ਸਿੰਘ ਹੁੰਦਲ

ਹਰ ਕਵੀ ਦੇ ਸਾਹਮਣੇ ਰਚਨਾ ਕਰਦੇ ਸਮੇਂ ਕੁਝ ਕਲਪਿਤ ਜਾਂ ਯਥਾਰਥਕ ਮਨੋਰਥ ਹੁੰਦੇ ਹਨ। ਉਹ ਸਿਰਜਣਾ ਕਰਦੇ ਹੋਏ ਅਚੇਤ ਜਾਂ ਸੁਚੇਤ ਕੁਛ ਕਹਿਣਾ ਚਾਹੁੰਦਾ ਹੁੰਦਾ ਹੈ। ਸ਼ੁਰੂ-ਸ਼ੁਰੂ ਵਿੱਚ ਉਹ ਆਤਮ-ਪ੍ਰਗਟਾਵੇ ਲਈ ਕਵਿਤਾ ਲਿਖਣ ਲੱਗਦਾ ਹੈ। ਕਾਲਜ ਪੜ੍ਹਦੇ ਸਮੇਂ ਬਹੁਤੇ ਵਿਦਿਆਰਥੀ ਕਾਲਜ-ਮੈਗਜ਼ੀਨ ਵਿੱਚ ਆਪਣਾ ਨਾਂ ਛਪਵਾਉਣ ਲਈ ਕੁਝ ਨਾ ਕੁਝ ਲਿਖਣ ਦੀ ਕੋਸ਼ਿਸ਼ ਕਰਦੇ ਹਨ। ਕਈ ਵਾਰ ਉਹ ਨਾਂ ਛਪਵਾਉਣ ਖਾਤਰ ਕਿਸੇ ਹੋਰਸ ਕਵੀ ਦੀ ਕੋਈ ਕਵਿਤਾ ਆਪਣੇ ਨਾਂ ਹੇਠ ਛਪਵਾਉਣ ਨੂੰ ਕੋਈ ਬੁਰਾ ਨਹੀਂ ਸਮਝਦੇ। ਉਹਨਾਂ ਦੀ ਕੋਸ਼ਿਸ਼ ਇਹ ਹੁੰਦੀ ਹੈ ਕਿ ਸਾਡਾ ਨਾਂ ਕਾਲਜ ਦੇ ਮੁੰਡੇ ਕੁੜੀਆਂ ਵਿੱਚ ਮਸ਼ਹੂਰ ਹੋ ਜਾਵੇ। ਹਰ ਕਵੀ ਦੀ ਪਹਿਲੀ ਰਚਨਾ ਬਹੁਤ ਵਾਰ ਹੁਧਾਰੀ ਲਈ ਜਾਂ ਚੁਰਾਈ ਹੋਈ ਹੁੰਦੀ ਹੈ। ਮੇਰੇ ਨਾਂ ਤੇ ਪਹਿਲੀ ਵਾਰੀ ਕਾਲਜ ਮੈਗਜ਼ੀਨ ਵਿੱਚ ਛਪੀ ਕਵਿਤਾ, ਹੁਧਾਰੀ ਲਈ ਹੋਈ ਸੀ, ਜੋਗਿੰਦਰ ਸ਼ਮਸ਼ੇਰ ਕੋਲੋਂ।

ਪਹਿਲੀ ਰਚਨਾ ਛਪਣ ਤੋਂ ਬਾਅਦ ਮੈਂ ਇਕਦਮ ਇਹ ਅਨੁਭਵ ਕਰ ਲਿਆ ਕਿ ਮੇਰੀ ਅਗਲੀ ਰਚਨਾ, ਮੇਰੀ ਆਪਣੀ ਲਿਖੀ ਹੋਈ ਹੋਵੇਗੀ। ਪਰ ਕਵਿਤਾ ਕਿਵੇਂ ਲਿਖੀਦੀ ਹੈ, ਮੈਨੂੰ ਇਸ ਕਲਾ ਦਾ ਕੋਈ ਇਲਮ ਨਹੀਂ ਸੀ-ਕਵਿਤਾ ਨਾ ਸਹੀ, ਵਾਰਤਕ ਤਾਂ ਹਰ ਬੰਦਾ ਲਿਖ ਹੀ ਸਕਦਾ ਹੈ। ਇਹ ਸੋਚ ਕੇ ਵਾਰਤਕ ਦਾ ਪਹਿਲਾ ਟੁਕੜਾ ਆਲੋਚਨਾ ਦਾ ਲਿਖਿਆ। ਇਹ ਟੋਟਾ ਮੈਂ ਅਮਰੀਕੀ ਲੇਖਕ ਤੇ ਨਾਵਲਕਾਰ ਹਾਵਲਡ ਫਾਸਟ ਦੀ ਪੁਸਤਕ Literature & Reality ਵਿਚੋਂ ਕੁਝ ਵਿਚਾਰ ਲੈ ਕੇ ਵਿਕਸਿਤ ਕੀਤਾ ਸੀ।

ਇੱਕ ਹੋਰ ਤਰੀਕੇ ਇਸ਼ਕ ਦੀ ਕਵਿਤਾ ਲਿਖਣ ਦਾ ਵੀ ਹੁੰਦਾ ਹੈ। ਚੜ੍ਹਦੀ ਜਵਾਨੀ ਵਿੱਚ ਹਰ ਮੁੰਡਾ, ਕੁੜੀਆਂ ਨਾਲ ਨੇੜਤਾ ਪ੍ਰਾਪਤ ਕਰਨਾ ਚਾਹੁੰਦਾ ਹੈ। ਪਰ ਸਾਡੇ ਸਮਾਜੀ ਪ੍ਰਬੰਧ ਵਿੱਚ ਬੜੀ ਘੁਟਨ ਹੋਣ ਕਾਰਨ ਅਜਿਹੇ ਮੌਕੇ ਖੁਲ੍ਹਮ-ਖੁਲ੍ਹਾ ਪ੍ਰਾਪਤ ਨਹੀਂ ਹੋ ਸਕਦੇ। ਦੂਸਰੀ ਧਿਰ ਨੂੰ ਆਪਣੇ ਵੱਲ ਆਕਰਸ਼ਤ ਕਰਨ ਲਈ ਕਈ ਤਰ੍ਹਾਂ ਦੇ ਗਲਤ ਜਾਂ ਠੀਕ ਢੰਗ-ਤਰੀਕੇ ਵਰਤਣੇ ਪੈਂਦੇ ਹਨ। ਕਵਿਤਾ ਲਿਖ ਕੇ ਆਪਣਾ ਨਾਂ ਚਮਕਾਉਣਾ ਵਧੀਆ ਤਰੀਕਾ ਹੈ। ਹੌਲੀ-ਹੌਲੀ ਇਸ ਪਾਸੇ ਤੁਰਦੇ-ਤੁਰਦੇ ਬੰਦਾ ਕੁਝ ਨਾ ਕੁਝ ਜੋੜਦਾ, ਲਿਖਦਾ ਤੁਰਿਆ ਜਾਂਦਾ ਹੈ। ਏਸੇ ਕਾਰਨ ਬਹੁ-ਗਿਣਤੀ ਕਵੀਆਂ ਦੀ ਕਵਿਤਾ ਦਾ ਆਰੰਭ ਪਿਆਰ-ਕਾਵਿ ਤੋਂ ਹੁੰਦਾ ਹੈ ਸਾਡੇ ਵਕਤ, ਪੇਂਡੂ ਮੁੰਡਿਆਂ ਲਈ, ਸ਼ਹਿਰੀ ਕੁੜੀਆਂ ਨਾਲ ਸੰਪਰਕ ਕਰਨਾ ਅਸੰਭਵ ਹੁੰਦਾ ਸੀ। ਇੱਕ ਝਿਜਕ ਇੱਕ ਸੰਕੋਚ ਹਰ ਵੇਲੇ ਮਨ ਤੇ ਭਾਰੀ ਰਹਿੰਦਾ ਸੀ। ਪਰ ਕੁਝ ਲੜਕੇ ਇਸ ਝਿਜਕ ਨੂੰ ਤੋੜਨ ਵਿੱਚ ਸਫਲ ਹੋ ਜਾਂਦੇ ਹਨ। ਮੇਰੇ ਨਾਲ ਪੜ੍ਹਦਾ ਸ.ਸ. ਮੀਸ਼ਾ ਪੇਂਡੂ ਹੋਣ ਦੇ ਬਾਵਜੂਦ ਸ਼ਹਿਰੀ ਕੁੜੀਆਂ ਨਾਲ ਨਿਰਸੰਕੋਚ ਗੱਲਾਂ ਕਰ ਸਕਦਾ ਸੀ, ਪਰ ਮੈਂ ਖੁਦ ਨਹੀਂ ਸੀ ਕਰ ਸਕਦਾ।

ਪਰ ਕਵਿਤਾ ਲਿਖਣ ਦੀ ਤਮੰਨਾ ਮੇਰੇ ਮਨ ਵਿੱਚ ਪੈਦਾ ਹੋ ਚੁੱਕੀ ਸੀ। ਪਰ ਆਲੋਚਨਾ ਦੇ ਕਾਰਜ ਨੂੰ ਸੌਖੇਰਾ ਸਮਝ ਮੈਂ ਬੀ.ਏ. ਦੇ ਆਖਰੀ ਸਾਲ ਤੀਕ 'ਸੁਜਾਨ ਸਿੰਘ ਦੀ ਕਹਾਣੀ-ਕਲਾ ਦਾ ਵਿਕਾਸ' ਨਾਂ ਦਾ ਲੰਮਾ ਲੇਖ ਸਾਹਿਤ-ਸਮਾਚਾਰ (ਲੁਧਿਆਣਾ) ਵਿੱਚ ਛਪਵਾਉਣ ਵਿੱਚ ਸਫਲ ਹੋ ਗਿਆ ਸੀ। ਕਵਿਤਾ ਮੈਂ ਦੋ ਤਿੰਨ ਸਾਲ ਬਾਅਦ ਫਗਵਾੜੇ ਬੀ.ਟੀ. ਕਰਦਿਆਂ ਲਿਖਣ ਲੱਗਾ। ਕਵਿਤਾ ਦਾ ਵੇਗ ਜਦ ਫੁੱਟ ਨਿਕਲਿਆ ਤਾਂ ਆਪ-ਮੁਹਾਰੇ, ਰੋਜ਼ ਹੀ, ਸ਼ਾਮ ਦੀ ਸੈਰ ਸਮੇਂ ਕਵਿਤਾ ਸੁੱਝ ਜਾਂਦੀ ਸੀ ਤੇ ਮੈਂ ਜੇਬ ਵਿੱਚ ਪਾਏ ਕਾਗਜ਼ ਉੱਤੇ ਨਾਲੋਂ-ਨਾਲ ਲਿਖੀ ਜਾਂਦਾ ਸੀ। ਇਹ ਸਿਲਸਿਲਾ ਕਈ ਦਿਨ ਚੱਲਦਾ ਰਿਹਾ।

ਪਰ ਕਵਿਤਾ ਦੇ ਮਨੋਰਥ ਬਾਰੇ ਮੈਂ ਬਹੁਤਾ ਸੁਚੇਤ ਨਹੀਂ ਸੀ। ਉਂਝ ਮੇਰਾ ਉੱਤੇ ਬੀ.ਏ. ਕਰਦਿਆਂ ਪ੍ਰਗਤੀਵਾਦੀ ਸਾਹਿਤਕ ਲਹਿਰ ਅਤੇ ਸਮਾਜਵਾਦੀ ਵਿਚਾਰਾਂ ਦਾ ਮੁਢਲਾ ਪ੍ਰਭਾਵ ਪੈ ਚੁੱਕਾ ਸੀ। ਮੈਨੂੰ ਉਹੀ ਕਵਿਤਾ ਚੰਗੀ ਲੱਗਦੀ ਸੀ, ਜਿਹੜੀ ਆਮ ਲੋਕਾਂ ਦੇ ਦੁੱਖਾਂ, ਤਕਲੀਫਾਂ ਜਾਂ ਇਹਨਾਂ ਵਿਚੋਂ ਬਾਹਰ ਨਿਕਲਣ ਦੀ ਗੱਲ ਕਰਦੀ ਹੋਵੇ। ਉਹਨੀਂ ਦਿਨੀਂ ਸਾਰੇ ਹੀ ਕਵੀ ਅਜਿਹੀ ਕਵਿਤਾ ਲਿਖ ਰਹੇ ਸਨ। ਅੰਮ੍ਰਿਤਾ-ਪ੍ਰੀਤਮ, ਪ੍ਰੋ. ਮੋਹਨ ਸਿੰਘ ਤਾਂ ਕਾਫ਼ੀ ਸਥਾਪਤ ਹੋ ਚੁੱਕੇ ਸਨ, ਪਰ ਉਹ ਵੀ ਪ੍ਰਗਤੀਵਾਦੀ



ਲਹਿਰ ਤੇ ਅਮਨ ਲਹਿਰ ਤੋਂ ਪ੍ਰਭਾਵਤ ਹੋ ਚੁੱਕੇ ਸਨ। ਪ੍ਰੀਤ ਲੜੀ ਮਾਸਕ-ਪੱਤਰ ਦਾ ਪ੍ਰਭਾਵ ਹਰ ਇੱਕ ਲੇਖਕ ਉੱਤੇ ਪੈ ਰਿਹਾ ਸੀ। ਤੇਰਾ ਸਿੰਘ ਚੰਨ, ਅਜਾਇਬ ਚਿੱਤਰਕਾਰ, ਹਰਨਾਮ ਸਿੰਘ ਨਾਜ਼, ਬਲਬੀਰ ਸਿੰਘ (ਸੁਖਬੀਰ) ਗੁਰਚਰਨ ਤੇ ਸੁਰਜੀਤ ਰਾਮਪੁਰੀ ਅਤੇ ਸੰਤਖ ਸਿੰਘ ਧੀਰ ਉਹਨਾਂ ਵੇਲਿਆਂ ਦੇ ਅਥਵਾ ਛੇਵੇਂ ਦਹਾਕੇ ਦੇ ਉਭਰ ਰਹੇ ਨੌਜਵਾਨ ਪ੍ਰਗਤੀਵਾਦੀ ਕਵੀ ਸਨ। ਹਰ ਕੋਈ ਪ੍ਰਗਤੀਵਾਦੀ ਸਾਹਿਤਕ ਲਹਿਰ ਤੋਂ ਪ੍ਰਭਾਵਤ ਸੀ ਅਤੇ ਅਮਨ ਆਜ਼ਾਦੀ, ਸਮਾਜਿਕ ਇਨਸਾਫ਼ ਤੇ ਲੋਕ-ਸੰਘਰਸ਼ਾਂ ਦੀ ਗੱਲ ਪਿਆ ਕਰਦਾ ਸੀ।

ਮੇਰੇ ਉੱਤੇ ਵੀ ਇਸ ਲਹਿਰ ਦਾ ਮੁਢਲਾ ਪ੍ਰਭਾਵ ਸੀ। ਸਾਹਿਤਕ-ਰਚਨਾ ਲੋਕਾਂ ਲਈ ਹੋਵੇ, ਇਹ ਸਾਡੀ ਸਮਝ-ਸੂਝ ਨੂੰ ਗਹਿਰਾ ਕਰੇ, ਸਮਾਜਕ-ਪਰਿਵਰਤਕ ਲਈ ਪ੍ਰੇਰਤ ਕਰੇ। ਇਸਦਾ ਕੋਈ ਸਪੱਸ਼ਟ ਸਰਲ ਮਨੋਰਥ ਹੋਵੇ, ਜਿਹੜਾ ਪਾਠਕ ਤੀਕ ਸਹਿਜੇ ਹੀ ਪਹੁੰਚ ਸਕੇ। ਇਹਨਾਂ ਗੱਲਾਂ ਤੇ ਧਾਰਨਾਵਾਂ ਦਾ ਮੇਰੇ ਅਚੇਤ ਤੇ ਸੁਚੇਤ ਮਨ ਤੇ ਅਸਰ ਪੈ ਚੁੱਕਾ ਸੀ। ਸੰਸਾਰ ਪੱਧਰ ਤੇ ਚੱਲੀ ਅਮਨ-ਲਹਿਰ ਦਾ ਮਨੋਰਥ, ਜੰਗ ਤੇ ਐਟਮ-ਬੰਬ ਦੀ ਵਿਰੋਧਤਾ ਕਰਨਾ ਸੀ।

ਸੋ ਜਦੋਂ ਮੈਂ ਕਵਿਤਾ ਲਿਖਣੀ ਆਰੰਭ ਕੀਤੀ ਤਾਂ ਇਸ ਦੇ ਸਾਹਮਣੇ ਸਮਾਜਕ-ਮਨੋਰਥ ਪਹਿਲਾਂ ਹੀ ਸਪੱਸ਼ਟ ਹੋ ਚੁੱਕਾ ਸੀ। ਉਸ ਵੇਲੇ ਬਾਹਰ ਮੁਖੀ ਸਮਾਜਕ/ਰਾਜਸੀ ਯਥਾਰਥ ਦਾ ਯੰਤਰਿਕ ਭਾਂਤ ਦਾ ਪ੍ਰਗਟਾਵਾ ਸਾਡੇ ਸਾਹਿਤ ਦਾ ਮੁੱਖ ਰੁਝਾਨ ਬਣ ਚੁੱਕਾ ਸੀ। ਮੇਰੇ ਉੱਤੇ ਵੀ ਇਸ ਬਣੇ ਬਣਾਏ ਸਾਹਿਤਕ-ਚੌਖਟੇ ਦਾ ਪ੍ਰਛਾਵਾਂ ਸੀ। ਇਸ ਵਿਚੋਂ ਨਿਕਲ ਜਾਂ ਇਸ ਨਾਲੋਂ ਟੁੱਟ ਕੇ ਵੱਖਰੇ ਤੇ ਮੌਲਿਕ ਕਾਵਿ-ਸ਼ਾਸ਼ਤਰ ਦਾ ਨਿਰਮਾਣ ਕਰਨ ਦੀ ਸੂਝ ਹਾਲੀ ਪੈਦਾ ਹੀ ਨਹੀਂ ਸੀ ਹੋਈ।

ਇਹ ਸਿਲਸਿਲਾ ਕਈ ਸਾਲ ਚੱਲਦਾ ਰਿਹਾ। ਪ੍ਰਯੋਗਵਾਦੀ ਲਹਿਰ ਦੇ ਉਥਾਨ ਨਾਲ ਸਾਹਿਤ ਵਿੱਚ ਖਾਸ ਤੌਰ ਤੇ ਕਵਿਤਾ ਵਿੱਚ ਇਸ ਯਾਂਤਰਿਕਤਾ ਦੇ ਵਿਰੁੱਧ ਗੱਲ ਹੋਣ ਲੱਗੀ। ਪਰ ਮੇਰਾ ਮਨ ਉੱਤੇ ਪ੍ਰਗਤੀਵਾਦੀ ਸਾਹਿਤਕ ਲਹਿਰ ਦਾ ਪ੍ਰਭਾਵ ਏਨਾ ਗੂਹੜਾ ਸੀ ਕਿ ਮੈਂ ਨਵੇਂ ਪ੍ਰਯੋਗਾਂ ਬਾਰੇ ਸੋਚਦੇ ਹੋਏ ਵੀ, ਸਮਾਜਕ-ਪ੍ਰੀਵਰਤਨ ਦੀ ਗੱਲ ਛੱਡਣ ਨੂੰ ਤਿਆਰ ਨਹੀਂ ਸੀ। ਪ੍ਰਯੋਗ ਹੋਣ, ਪਰ ਸਾਰਥਕ ਹੋਣ! ਮਨ-ਅੰਦਰ ਦੀ ਵੀ ਗੱਲ ਹੋਵੇ, ਪਰ ਬਾਹਰ ਦੀ ਦੁਨੀਆਂ ਨਾਲੋਂ ਟੁੱਟੀ ਹੋਈ ਨਾ ਹੋਵੇ। ਪ੍ਰਯੋਗਵਾਦੀ ਕਵੀ ਬਾਹਰਲੇ ਸੰਸਾਰ ਨਾਲੋਂ ਟੁੱਟ ਕੇ ਅੰਦਰ ਦੀਆਂ ਅਤ੍ਰਿਪਤ ਇਛਾਵਾਂ ਦੇ ਪ੍ਰਗਟਾਵੇ ਦੀਆਂ ਗੱਲਾਂ ਕਰਦੇ ਨੰਗੇਜ਼ ਦੇ ਨਿਸੰਗ ਵਰਨਣ ਨੂੰ ਹੀ, ਅਸਲ ਸਾਹਿਤਕ ਮਨੋਰਥ ਸਮਝਣ ਲੱਗ ਪਏ ਸਨ। ਇਹ ਗੱਲਾਂ ਸੱਤਵੇਂ ਦਹਾਕੇ ਦੇ ਅੰਤਲੇ ਵਰ੍ਹਿਆਂ ਵਿੱਚ ਹੋਣ ਲੱਗੀਆਂ ਸਨ।

ਵੇਖੋ-ਵੇਖੀ, ਮੇਰਾ ਮਿੱਤਰ ਅਵਤਾਰ ਜੰਡਿਆਨਵੀ ਛੇਤੀ ਹੀ ਪ੍ਰਯੋਗਵਾਦੀ ਲਹਿਰ ਤੋਂ ਪ੍ਰਭਾਵਤ ਹੋ ਕੇ ਅਜਿਹੀਆਂ ਕਵਿਤਾਵਾਂ ਲਿਖਣ ਲੱਗ ਪਿਆ ਸੀ। ਪਰ ਮੇਰੇ ਆਪਣੇ ਮਨ ਵਿੱਚ ਅੰਦਰੂਨੀ ਕਸ਼ਮਕਸ਼ ਹਾਲੀ ਚੱਲ ਰਹੀ ਸੀ। ਅਚਾਨਕ ਇੱਕ ਦਿਨ ਕਾਫ਼ੀ ਹਾਊਸ ਵਿੱਚ ਮੈਂ ਨਵਤੇਜ ਸਿੰਘ ਸੰਪਾਦਕ ਪ੍ਰੀਤ-ਲੜੀ ਦੇ ਹੱਥ ਵਿੱਚ ਇੱਕ ਕਿਤਾਬ ਵੇਖੀ। ਲੈ ਕੇ ਫੋਲੀ ਤੇ ਜਾਪਿਆ, ਇਹ ਕਿਤਾਬ ਮੈਨੂੰ ਵੀ ਲੈ ਕੇ ਪੜ੍ਹਨੀ ਚਾਹੀਦੀ ਹੈ। ਉਸ ਕਿਹਾ ਕਿ ਇੱਕ ਕਾਪੀ ਹੋਰ ਨੀਊ ਬੁੱਕ ਕੰਪਨੀ ਵਿੱਚ ਪਈ ਹੈ। ਮੈਂ ਰਿਕਸ਼ਾ ਲੈ ਦੁਕਾਨ ਤੋਂ ਉਹ ਕਿਤਾਬ ਖਰੀਦ ਲਿਆਇਆ ਤੇ ਪੜ੍ਹਨ ਲੱਗਾ। ਇਹ ਕਿਤਾਬ ਸੀ, The Necessity of Art By Earnest Fisher.

ਇਸ ਪੁਸਤਕ ਵਿੱਚ ਸਾਹਿਤ ਵਿੱਚ ਨਵੇਂ ਪ੍ਰਯੋਗਾਂ ਬਾਰੇ ਤੇ ਇਹਨਾਂ ਦੀ ਮਹੱਤਤਾ ਬਾਰੇ ਬੜਾ ਸਪੱਸ਼ਟ ਲਿਖਿਆ ਹੋਇਆ ਸੀ, "ਇਹ ਬਿਲਕੁਲ ਬਕਵਾਸ ਗੱਲ ਹੋਵੇਗੀ ਜੇ ਕਿਹਾ ਜਾਵੇ ਕਿ ਰੂਪ ਨੂੰ, ਜਾਂ ਕਲਾ ਦੇ ਖੇਤਰ ਵਿੱਚ ਰੂਪ ਦੇ ਵਿਕਾਸ ਨੂੰ ਕੋਈ ਵਜ਼ਨ ਨਾ ਦਿੱਤਾ ਜਾਵੇ। ਰਸਮੀਂ ਭਾਂਤ ਦੀਆਂ ਨਵੀਆਂ ਕਾਢਾਂ ਵਿਕਸਿਤ ਕਰਨ ਤੋਂ ਬਗੈਰ, ਸਾਹਿਤ, ਪਾਠਕਾਂ ਦੇ ਨਵੇਂ ਵਰਗ ਤੀਕ ਨਵੀਆਂ ਜੀਵਨ-ਦ੍ਰਿਸ਼ਟੀਆਂ ਨਹੀਂ ਲਿਆ ਸਕਦਾ। ਅਸੀਂ ਆਪਣੇ ਘਰ ਮਲਕਾ ਅਲਿਜ਼ਬੱਥ ਦੇ ਸਮੇਂ ਨਾਲੋਂ ਵੱਖਰੀ ਤਰ੍ਹਾਂ ਉਸਾਰਦੇ ਹਾਂ ਤੇ ਆਪਣੇ ਨਾਟਕ ਉਸ ਸਮੇਂ ਨਾਲੋਂ ਵੱਖਰੀ ਭਾਂਤ ਦੇ ਲਿਖਦੇ ਹਾਂ। ਇਹ ਸਪੱਸ਼ਟ ਹੈ ਕਿ ਉਸ ਸਮੇਂ ਖੋਟੇ (Spurious) ਪ੍ਰਯੋਗਾਂ ਦਾ ਵਿਰੋਧ ਕੀਤਾ ਜਾਣਾ ਚਾਹੀਦਾ ਹੈ, ਜਦੋਂ ਕਿ ਸਭ ਤੋਂ ਮਹੱਤਵਪੂਰਨ ਗੱਲ ਇਹ ਹੁੰਦੀ ਹੈ ਕਿ ਮਨੁੱਖਤਾ ਨੂੰ ਉਹ ਘੱਟਾ, ਆਪਣੀਆਂ ਅੱਖਾਂ ਵਿੱਚ ਰਗੜ ਕੇ ਬਾਹਰ ਕੱਢਣ ਦੀ ਲੋੜ ਹੈ, ਜਿਹੜਾ ਉਸਦੀਆਂ ਅੱਖਾਂ ਵਿੱਚ ਪਾਇਆ ਜਾ ਰਿਹਾ ਹੈ। ਇਹ

ਵੀ ਬਰਾਬਰ ਦਾ ਸੱਚ ਹੈ ਕਿ ਅਸੀਂ ਬੀਤੇ ਦੀਆਂ ਗੱਲਾਂ ਵੱਲ ਨਹੀਂ ਪਰਤ ਸਕਦੇ, ਸਗੋਂ ਸਾਨੂੰ ਸੱਚੇ ਪ੍ਰਯਤਨਾਂ ਵੱਲ ਵੱਧਣਾ ਚਾਹੀਦਾ ਹੈ। ਸਾਡੇ ਆਲੇ-ਦੁਆਲੇ ਕਿੰਨੀਆਂ ਵੱਡੀਆਂ ਖੋਜਾਂ ਹੋ ਰਹੀਆਂ ਹਨ-ਪੁਰਾਣੇ ਸਾਧਨਾਂ ਨਾਲ ਕਲਾਕਾਰ ਇਹਨਾਂ ਨੂੰ ਕਿਵੇਂ ਪੇਸ਼ ਕਰ ਸਕਦੇ ਹਨ।" (ਪੰਨਾ 113-114)

ਜਦੋਂ ਪ੍ਰਯੋਗਾਂ ਬਾਰੇ ਮੇਰਾ ਮਸਤਕ ਸਾਫ਼ ਹੋ ਗਿਆ ਤਾਂ ਮੈਂ ਕੁਝ ਨਵੇਂ ਪ੍ਰਯੋਗ ਕਵਿਤਾ ਦੇ ਖੇਤਰ ਵਿੱਚ ਕੀਤੇ, ਸਾਰਥਕ ਪ੍ਰਯੋਗ। ਇਹਨਾਂ ਵਿੱਚ ਸਮਾਜਕ ਯਥਾਰਥ ਵੀ ਸੀ, ਪਰ ਅੰਦਾਜ਼ ਨਵਾਂ ਸੀ-ਰੂਪ ਤੇ ਵਸਤੂ ਦਾ ਸੁਮੇਲ। ਮੈਂ ਇਹ ਕਵਿਤਾਵਾਂ ਆਪਣੇ ਪਹਿਲੇ ਕਾਵਿ-ਸੰਗ੍ਰਹਿ ਮਾਰਗ (1965) ਦੇ ਅੰਤਲੇ ਭਾਗ ਵਿੱਚ ਸ਼ਾਮਲ ਕੀਤੀਆਂ ਹਨ। ਇਨ੍ਹਾਂ ਵਿਚੋਂ ਸਭ ਤੋਂ ਵੱਧ ਪ੍ਰਸਿੱਧਤਾ 'ਤਿੰਨ ਕਵਿਤਾਵਾਂ' ਨਾਂ ਦੀ ਰਚਨਾ ਨੂੰ ਪ੍ਰਾਪਤ ਹੋਈ ਸੀ।

**ਤਿੰਨ ਕਵਿਤਾਵਾਂ ਲਿਖ ਕੇ ਗੋਰੀ**
**ਘਰ ਮੁੜਿਆ ਹਾਂ।**
**ਇੱਕ ਕਵਿਤਾ ਹੈ ਮੇਰੇ ਪਿੰਡ ਦੇ**
**ਸੋਹਣ ਸਿੰਘ ਦੀ,**
**ਜਿਸ ਨੂੰ ਵਿਰਸੇ ਵਿਚੋਂ ਗੋਰੀ**
**ਇੱਕ ਫ਼ਿਕਰਾਂ ਦੀ ਪੰਡ ਮਿਲੀ ਹੈ**
**ਏਸ ਪੰਡ ਵਿੱਚ ਬੱਝਾ ਹੋਇਆ**
**ਕੁਝ ਕਰਜ਼ਾ ਹੈ।** (ਮਾਰਗ-ਪੰਨਾ-41)

ਪ੍ਰਯੋਗਵਾਦ ਦੀ ਰਚਨਾਤਮਿਕ ਚੁਣੌਤੀ ਨੂੰ ਪ੍ਰਵਾਨ ਕਰਨ ਤੇ ਹੱਲ ਕਰਨ ਨਾਲ ਮੇਰਾ ਕਾਵਿ-ਮਾਰਗ ਸਪੱਸ਼ਟ ਤੇ ਨਿਸ਼ਚਿਤ ਹੋ ਗਿਆ। ਬਾਅਦ ਵਿੱਚ ਮੇਰੇ ਰਾਹ ਵਿੱਚ ਰੂਪਵਾਦ ਦੀ ਚੁਣੌਤੀ ਨਹੀਂ ਆਈ। ਨਕਸਲਵਾਦ, ਐਮਰਜੈਂਸੀ ਤੇ ਪੰਜਾਬ ਸੰਕਟ ਨਾਲ ਸੰਬੰਧਤ ਅਤਿਵਾਦ, ਰਾਜਸੀ ਭਾਂਤ ਦੀਆਂ ਚੁਣੌਤੀਆਂ ਸਨ।

ਉਸ ਸਮੇਂ ਮੈਨੂੰ ਇਸ ਗੱਲ ਦਾ ਅਹਿਸਾਸ ਨਹੀਂ ਸੀ ਕਿ ਕਵਿਤਾ ਦਾ ਪ੍ਰਭਾਵ-ਖੇਤਰ ਹਮੇਸ਼ਾ ਹੀ ਬੜਾ ਸੀਮਤ ਹੁੰਦਾ ਹੈ ਤੇ ਇਹ ਸਰੋਤੇ ਜਾਂ ਪਾਠਕ ਨੂੰ ਬੜੀ ਸੀਮਤ ਹੱਦ ਤੀਕ ਤੇ ਉਹ ਵੀ ਵਕਤੀ ਅਤੇ ਜਜ਼ਬਾਤੀ ਤੌਰ ਤੇ ਹੀ, ਕੁਝ ਪ੍ਰਭਾਵਤ ਕਰਦੀ ਹੈ। ਇਹ ਸਮਾਜਕ ਪ੍ਰੀਵਰਤਨ ਦੇ ਬਹੁਤ ਵੱਡੇ ਕਾਰਜ ਵਿੱਚ ਹਮੇਸ਼ਾਂ ਹੀ ਨਗੂਣੀ ਜੇਹੀ ਭੂਮਿਕਾ ਨਿਭਾਉਣ ਦੇ ਹੀ ਯੋਗ ਹੈ। ਪਰ ਜਨ-ਹਿੱਤਾਂ ਨੂੰ ਸਮਰਪਿਤ ਕਵੀ ਆਪਣੀ ਬਣਦੀ ਭੂਮਿਕਾ ਨਿਭਾਉਣ ਤੋਂ ਭੱਜ ਨਹੀਂ ਸਕਦਾ। ਉਸ ਨੂੰ ਆਪਣਾ ਕਾਵਿ ਧਰਮ ਨਿਭਾਉਣਾ ਬਣਦਾ ਹੈ। ਏਸੇ ਹੀ ਮਨੋਰਥ ਵਿਚੋਂ ਉਸ ਦੀ ਕਾਵਿ-ਸ਼ੈਲੀ ਨੇ ਵਿਕਸਿਤ ਤੇ ਪ੍ਰਭਾਵਤ ਹੋਣਾ ਹੁੰਦਾ ਹੈ।

ਮੇਰੇ ਲਈ ਆਪਣੇ ਕਾਵਿ-ਉਦੇਸ਼ ਦੀ ਪੂਰਤੀ ਹਿੱਤ, ਸਰਲ ਤੇ ਸਪੱਸ਼ਟ ਹੋਣਾ ਕੁਦਰਤੀ ਸੀ, ਭਾਵੇਂ ਕਿ ਹਰ ਕਵਿਤਾ ਦਾ ਆਪਣਾ ਵੱਖਰਾ ਸੁਭਾਅ ਹੁੰਦਾ ਹੈ। ਕਵਿਤਾ ਜਟਿਲ ਅਨੁਭਵ ਨੂੰ ਪ੍ਰਗਟਾਉਂਦੀ ਹੋਈ ਵੀ ਸਰਲ ਹੋ ਸਕਦੀ ਹੈ ਤੇ ਇੱਕ ਪਰਤੀ ਅਨੁਭਵ ਨੂੰ ਪ੍ਰਗਟਾਉਂਦੀ ਵੀ ਜਟਿਲ ਹੋ ਸਕਦੀ ਹੈ। ਸਰਲਤਾ ਨੂੰ ਗ੍ਰਹਿਣ ਕਰਨਾ ਆਸਾਨ ਨਹੀਂ ਹੁੰਦਾ। ਪਾਬਲੋ ਨੇਰੂਦਾ ਦਾ ਕਥਨ ਹੈ, "ਸੌਖਾ ਸਰਲ ਲਿਖਣਾ, ਮੇਰੇ ਲਈ ਸਭ ਤੋਂ ਮੁਸ਼ਕਿਲ ਕੰਮ ਰਿਹਾ ਹੈ।"

ਅਜੋਕੀ ਆਧੁਨਿਕ ਕਵਿਤਾ ਵਿੱਚ ਪ੍ਰਤਿਭਾ ਦੀ ਘਾਟ ਨਹੀਂ ਹੈ, ਸਗੋਂ ਨਵੇਂ ਤੇ ਹੋਣਹਾਰ ਕਵੀਆਂ ਦੀ ਇੱਕ ਪੂਰੀ ਪੀੜ੍ਹੀ, ਆਪਣੀ ਵੰਨ-ਸੁਵੰਨੀ ਕਲਾ-ਕੌਸ਼ਲਤਾ ਸਮੇਤ ਕਾਵਿ-ਸਾਹਿਤ ਦੇ ਵਿਹੜੇ ਵਿੱਚ ਪ੍ਰਵੇਸ਼ ਕਰ ਚੁੱਕੀ ਹੈ। ਐਪਰ ਮਨੁੱਖਤਾ ਦੇ ਚੰਗੇਰੇ ਭਵਿੱਖ ਲਈ ਜੂਝਣ ਤੇ ਸੁਨਹਿਰੀ ਸੁਪਨੇ ਸਿਰਜਣ ਵਾਲੇ ਸੰਸਾਰ ਸਮਾਜਵਾਦੀ ਦ੍ਰਿਸ਼ਟੀਕੋਣ ਆਰਥਿਕ ਪ੍ਰਬੰਧ ਅਤੇ ਫ਼ਲਸਫ਼ੇ ਨੂੰ ਵੱਜੀਆਂ ਵਕਤੀ ਪਿਛਾੜਾਂ ਕਾਰਨ ਉਹਨਾਂ ਕੋਲ ਅਜਿਹਾ ਕੋਈ ਹੋਰ ਸੰਸਾਰ-ਵਿਆਪੀ ਰਾਹ ਵਿਖਾਊ, ਵਿਚਾਰਧਾਰਕ ਸਿਤਾਰਾ (A Guiding Star) ਨਹੀਂ ਹੈ, ਜਿਸਦੇ ਆਸਰੇ ਉਹ ਹਨ੍ਹੇਰਿਆਂ ਤੋਂ ਪਾਰ ਤੇ ਭਵਿੱਖ ਵੱਲ ਵੇਖ ਸਕਣ। ਪਰ ਕੋਈ ਵੀ ਰੌਸ਼ਨ ਦਿਮਾਗ਼ ਕਵੀ ਸਮਾਜਕ ਇਨਸਾਫ਼, ਅਮਨ, ਆਜ਼ਾਦੀ ਅਤੇ ਸਾਂਝੀਵਾਲਤਾ ਦੇ ਉਚੇਰੇ ਮਨੁੱਖੀ ਲਕਸ਼ਾਂ ਤੋਂ ਨਿਰਲੇਪ ਨਹੀਂ ਰਹਿ ਸਕਦਾ। ਅਵੇਰੇ ਜਾਂ ਸਵੇਰੇ,



ਉਸ ਦੀ ਰਚਨਾ ਦਾ ਰਿਸ਼ਤਾ ਜਨ-ਜੀਵਨ ਨਾਲ ਜੁੜਨਾ ਹੁੰਦਾ ਹੈ। ਜੇ ਉਹ ਅਜਿਹਾ ਕਰਨ ਵਿੱਚ ਅਸਮਰੱਥ ਰਹਿੰਦਾ ਹੈ ਤਾਂ ਕਾਰਲ ਮਾਰਕਸ ਦੇ ਸ਼ਬਦਾਂ ਵਿੱਚ, "ਪ੍ਰਤਿਭਾਸ਼ੀਲ ਵਿਅਕਤੀ ਜਿਸ ਦੇ ਪੱਕੇ-ਪੀਡੇ ਤੇ ਦ੍ਰਿੜ੍ਹ ਵਿਸ਼ਵਾਸ ਨਹੀਂ ਹੁੰਦੇ, ਦੇ ਭ੍ਰਿਸ਼ਟ ਹੋਣ ਦੀ ਵਧੇਰੇ ਸੰਭਾਵਨਾ ਹੁੰਦੀ ਹੈ।"

ਇਹਨਾਂ ਵਰ੍ਹਿਆਂ ਵਿੱਚ ਆਧੁਨਿਕ ਕਵਿਤਾ ਦੇ ਪਾਠਕਾਂ ਦੀ ਇਹ ਸ਼ਿਕਾਇਤ, ਕਿ 'ਉਹਨਾਂ ਨੂੰ ਨਵੀਂ ਕਵਿਤਾ ਸਮਝ ਨਹੀਂ ਆਉਂਦੀ', ਦੇ ਪ੍ਰਸੰਗ ਵਿੱਚ, ਮੈਂ ਇੱਕ ਵਾਰ ਫੇਰ ਇਸ ਸਥਿਤੀ ਦੇ ਕਾਰਨਾਂ ਪ੍ਰਤੀ ਸੋਚਣ ਲਈ ਮਜ਼ਬੂਰ ਹੋਇਆ ਹਾਂ ਅਤੇ ਇਸ ਚਿੰਤਾਜਨਕ ਸਥਿਤੀ ਵਿਚੋਂ ਪਾਰ ਲੰਘਣ ਦੇ ਯਤਨ ਵਜੋਂ ਪੰਜਾਬੀ ਕਵਿਤਾ ਦੀਆਂ ਰੂੜੀਆਂ (Roots) ਅਤੇ ਪਰੰਪਰਾਵਾਂ ਵੱਲ ਪਰਤ ਬੈਂਤ, ਗੀਤ, ਕਾਫ਼ੀ ਅਤੇ ਹੋਰ ਲੋਕ ਕਾਵਿ-ਰੂਪਾਂ ਦੀ ਵਰਤੋਂ ਕਰਨ ਲੱਗਾ ਹਾਂ। ਮੇਰੇ ਇਹ ਯਤਨ ਕਿਸ ਹੱਦ ਤੀਕ ਸਫਲ ਹੋਏ ਜਾਂ ਹੋਣਗੇ, ਇਹ ਕਹਿਣਾ ਹਾਲ ਦੀ ਘੜੀ ਮੁਸ਼ਕਿਲ ਹੈ। ਸੰਭਵ ਹੈ ਇਹ ਯਤਨ ਵੀ ਸਿਰਫ਼ ਪ੍ਰਯੋਗ ਹੀ ਰਹਿ ਜਾਣ ਤੇ ਸਾਹਿਤ ਦੀ ਵਿਕਾਸ-ਧਾਰਾ ਕਿਸੇ ਹੋਰ ਸੰਭਵ ਹੱਲ ਦੀ ਤਲਾਸ਼ ਵਿੱਚ ਲੱਗ ਜਾਵੇ।

ਵਕਤ ਦੇ ਬੀਤਣ ਦੇ ਸਮਕਾਲੀ ਸਥਿਤੀਆਂ ਵਿੱਚ ਆਏ ਕਰਾਤੀਕਾਰੀ ਪ੍ਰੀਵਰਤਨਾਂ ਦੇ ਸਿੱਟੇ ਵਜੋਂ ਹਰ ਕਵੀ ਦੀਆਂ ਕਾਵਿ-ਸ਼ਾਸਤਰ ਸੰਬੰਧੀ ਧਾਰਨਾਵਾਂ ਬਦਲਦੀਆਂ ਰਹਿੰਦੀਆਂ ਹਨ, ਕਿਉਂਕਿ ਬਦਲਦਾ ਹੋਇਆ ਸਮਾਜਕ ਯਥਾਰਥ ਨਵੀਆਂ ਨਿਵੇਕਲੀਆਂ ਪ੍ਰਗਟਾ-ਵਿਧੀਆਂ ਦੀ ਤਲਾਸ਼ ਲਈ ਮਜ਼ਬੂਰ ਕਰ ਦਿੰਦਾ ਹੈ। ਮੇਰੇ ਕਾਵਿ-ਸਫ਼ਰ ਵਿੱਚ ਵੀ ਅਜਿਹੇ ਮੋੜ ਤੇ ਪ੍ਰੀਵਰਤਨ ਆਏ ਹਨ।

ਇਸਦਾ ਪ੍ਰਮਾਣਿਤ ਕਾਰਨ ਇਹ ਹੈ ਕਿ ਹਰ ਨਵਾਂ ਸਮਾਜਕ ਵਸਤੂ ਆਪਣਾ ਵੱਖਰਾ ਤੇ ਢੁਕਵਾਂ ਰੂਪ ਨਾਲ ਹੀ ਲੈ ਕੇ ਆਉਂਦਾ ਹੈ। ਸਮੇਂ ਦੇ ਬਦਲਣ ਨਾਲ ਪੂਰਵ-ਨਿਸ਼ਚਿਤ ਧਾਰਨਾਵਾਂ ਦਾ ਖ਼ੁਦ-ਬਖ਼ੁਦ ਬਦਲ ਜਾਣਾ ਗੈਰ-ਕੁਦਰਤੀ ਕਦਾਚਿਤ ਨਹੀਂ ਹੁੰਦਾ। ਸੁਚੇਤ ਤੇ ਸੰਵੇਦਨ-ਸ਼ੀਲ ਕਵੀ ਲਈ ਸਮੇਂ ਦੀ ਨਬਜ਼ ਨੂੰ ਪਛਾਨਣਾ ਜ਼ਰੂਰੀ ਹੁੰਦਾ ਹੈ। ਜੇ ਉਹ ਇੰਝ ਕਰਨ ਵਿੱਚ ਅਸਫਲ ਰਹਿੰਦਾ ਹੈ ਤਾਂ ਬਦਲਦਾ ਹੋਇਆ ਸਮਾਜਕ ਚਿਤਰ-ਪਟ ਉਸ ਦੀ ਸਮਝ ਵਿੱਚ ਆਉਣਾ ਬੰਦ ਹੋ ਜਾਂਦਾ ਹੈ ਤੇ ਉਹ ਖੜੋਤ ਜਾਂ ਪਤਨ ਦਾ ਸ਼ਿਕਾਰ ਹੋ ਜਾਂਦਾ ਹੈ।

ਮੇਰਾ ਆਪਣਾ ਤਜ਼ਰਬਾ ਹੈ ਕਿ ਪੰਜਾਬ ਜਾਂ ਸੰਸਾਰ ਪੱਧਰ ਤੇ ਜਦ ਕਦੇ ਵੀ ਵੱਡੇ ਘੱਲੂਘਾਰੇ ਵਾਪਰੇ ਹਨ ਜਾਂ ਸਾਹਿਤ ਵਿੱਚ ਨਵੇਂ ਝੁਕਾਵਾਂ ਦਾ ਪ੍ਰਵੇਸ਼ ਹੋਇਆ ਹੈ ਤਾਂ ਉਨ੍ਹਾਂ ਵੱਡੇ ਵਰਤਾਰਿਆਂ ਦਾ ਸਹੀ ਸਰੂਪ ਪਛਾਨਣ ਲਈ ਮੈਨੂੰ ਕਈ ਮਹੀਨੇ ਲੱਗ ਜਾਂਦੇ ਰਹੇ ਹਨ। ਪ੍ਰਯੋਗਵਾਦੀ ਰੂਪਕ ਰੁਝਾਨ ਦਾ ਪਹਿਲਾਂ ਜ਼ਿਕਰ ਆ ਚੁੱਕਾ ਹੈ। ਰਾਜਸੀ ਖੇਤਰ ਵਿੱਚ ਨਕਸਲਵਾਦੀ ਗੁਰੀਲਾ ਯੁੱਧ ਦੀ ਸਾਰਥਕਤਾ ਬਾਰੇ, ਐਮਰਜੈਂਸੀ ਦੇ ਲੋਕ-ਵਿਰੋਧੀ ਖਾਸੇ ਬਾਰੇ ਜਾਂ ਪੰਜਾਬ ਵਿਚਲੇ ਅਤਿਵਾਦੀ ਹੱਲੇ-ਗੁੱਲੇ ਦੇ ਪੰਜਾਬ-ਵਿਰੋਧੀ ਖਾਸੇ ਨੂੰ ਤੁਰੰਤ ਹੀ ਸਮਝ ਲੈਣਾ ਸੰਭਵ ਨਹੀਂ ਸੀ। ਇੰਝ ਹੀ ਸੋਵੀਅਤ ਰੂਸ ਜਾਂ ਪੂਰਬੀ ਯੂਰਪ ਵਿੱਚ ਸਮਾਜਵਾਦੀ ਆਰਥਕ/ਰਾਜਸੀ ਰਾਜ-ਪ੍ਰਬੰਧਾਂ ਦੇ ਵਿਗਠਨ ਦਾ ਪ੍ਰਸ਼ਨ ਵੀ ਕੋਈ ਸਰਲ ਸਪੱਸ਼ਟ ਵਰਤਾਰਾ ਨਹੀਂ ਸੀ। ਕਾਰਲ ਮਾਰਕਸ ਦੇ ਸ਼ਬਦਾਂ ਵਿੱਚ "ਜੀਵਨ-ਬੋਧ ਦੀ ਪ੍ਰਾਪਤੀ ਵਿੱਚ ਔਕੜਾਂ ਤਾਂ ਆਉਂਦੀਆਂ ਹੀ ਹਨ, ਕਿਉਂਕਿ ਕਿਸੇ ਵੀ ਜੀਵਨ-ਵਰਤਾਰੇ ਦਾ ਤੱਤ ਉਤਲੀ ਸਤਹਿ ਤੇ ਹੀ ਨਹੀਂ ਪਿਆ ਹੁੰਦਾ" ('ਮਾਰਕਸਵਾਦੀ ਸੁਹਜ-ਸ਼ਾਸਤਰ ਦੀਆਂ ਸਮੱਸਿਆਵਾਂ-ਲੇਖਕ ਐਵਨਰ ਜ਼ੀਸ਼- ਪੰਨਾ-81)।

ਸਮਾਜਕ ਵਸਤੂ ਜਾਂ ਅਨੁਭਵ ਦੇ ਸਰੂਪ ਦੇ ਬਦਲਣ ਨਾਲ ਕਾਵਿ-ਸ਼ਾਸਤਰ ਸੰਬੰਧੀ ਕਵੀ ਦੀਆਂ ਸਥਾਪਨਾਵਾਂ, ਨਿੱਜੀ ਧਾਰਨਾਵਾਂ ਤੇ ਪ੍ਰਗਟਾ-ਵਿਧੀਆਂ ਵਿੱਚ ਅਚੇਤ ਜਾਂ ਸੁਚੇਤ ਪ੍ਰੀਵਰਤਨ ਆਉਂਦੇ ਰਹਿੰਦੇ ਹਨ। ਏਸੇ ਤਰ੍ਹਾਂ ਹੀ ਕਵੀ ਦੀ ਕਾਵਿ-ਸ਼ਖ਼ਸੀਅਤ ਤੇ ਸਿਰਜਣਾਤਮਿਕ ਪ੍ਰਕਿਰਿਆ ਵਿੱਚ ਤਬਦੀਲੀ ਆਉਂਦੀ ਰਹਿੰਦੀ ਹੈ, ਜਿਸ ਤੋਂ ਉਹ ਕਈ ਵਾਰ ਖ਼ੁਦ ਵੀ ਬੇਖ਼ਬਰ ਹੁੰਦਾ ਹੈ। ਕਵੀ ਦੇ ਕਾਵਿ-ਆਪੇ ਵਿੱਚ ਤਬਦੀਲੀ ਉਸਦੇ ਵਿਕਸਤ ਹੋਣ ਤੇ ਸਮੇਂ ਦੇ ਹਾਣੀ ਬਣਨ ਦਾ ਪ੍ਰਮਾਣ ਹੁੰਦਾ ਹੈ।

ਪਹਿਲਾਂ ਆਧੁਨਿਕਤਾਵਾਦੀ ਤੇ ਅਜੋਕੇ ਪ੍ਰਸੰਗ ਵਿੱਚ ਉੱਤਰ-ਆਧੁਨਿਕਤਾਵਾਦੀ ਸਿਧਾਂਤਕਾਰ ਕਵਿਤਾ ਨੂੰ ਜਨ-ਸਾਧਾਰਨ ਦੇ ਦਰਦ ਤੇ ਵੇਦਨਾ ਦਾ ਪ੍ਰਗਟਾਵਾ ਬਣਾਉਣ ਦੀ ਥਾਂ ਇਸਨੂੰ ਅਬੁੱਝ ਬੁਝਾਰਤਾਂ, ਪੇਚੀਦਾ ਅੜਾਉਣੀਆਂ ਅਤੇ ਜਟਿਲ ਪਹੇਲੀਆਂ ਬਣਾ ਕੇ ਇਸਦਾ ਨਾਤਾ ਆਮ ਪਾਠਕ

ਨਾਲੋਂ ਤੋੜਨਾ ਚਾਹੁੰਦੇ ਹਨ। ਏਸੇ ਕਾਰਨ ਉਹ ਅਜੋਕੀ ਕਵਿਤਾ ਵਿਚਲੀ ਪੇਸ਼ ਜੰਟਿਲਤਾ ਨੂੰ ਕਵਿਤਾ ਦੀ ਮੂਲ ਵਿਸ਼ੇਸ਼ਤਾਈ ਬਣਾਉਣ ਤੇ ਸਿੱਧ ਕਰਨ ਲਈ ਤਤਪਰ ਤੇ ਬਜ਼ਿੱਦ ਹਨ। ਉਹ ਸਰਲਤਾ ਤੇ ਸਪੱਸ਼ਟਤਾ ਦਾ ਮਖੌਲ ਉਡਾ ਕੇ ਕਵਿਤਾ ਦਾ ਨਾਤਾ ਆਮ ਲੋਕਾਂ ਨਾਲੋਂ ਤੋੜ ਕੇ ਇਸਨੂੰ ਨਿਰਜਿੰਦ ਤੇ ਅਪਾਹਜ ਕਰਨਾ ਲੋੜਦੇ ਹਨ। ਉਹ ਉਸ ਮੁਕਾਮ ਤੇ ਜਾ ਕੇ ਰੁਕਣਾ ਚਾਹੁੰਦੇ ਹਨ, ਜਿੱਥੇ ਜਾ ਕੇ ਰੂਸੀ ਬਾਗੀ ਕਵੀ ਯਵਤੂ ਸ਼ੈਂਕੋ ਨੂੰ ਕਹਿਣਾ ਪਿਆ ਸੀ, "ਬਹੁਤੇ ਲੋਕੀਂ ਵਧੇਰੀ ਕਵਿਤਾ ਨੂੰ ਅਣਡਿੱਠ ਕਰਦੇ ਹਨ, ਕਿਉਂਕਿ ਬਹੁਤੀ ਕਵਿਤਾ ਵਧੇਰੇ ਲੋਕਾਂ ਨੂੰ ਅਣਡਿੱਠ ਕਰਦੀ ਹੈ।"

ਇਹ ਸਿਧਾਂਤਕਾਰ ਚਾਹੁੰਦੇ ਹਨ ਕਿ ਸਮਾਂਤਰਤਾ ਦੇ ਨਾਂ ਉੱਤੇ 'ਇਤਿਹਾਸ ਦੇ ਅੰਤ' ਦੇ ਨਾਂ ਉੱਤੇ 'ਮਨੁੱਖ ਦੇ ਅੰਤ' ਦੇ ਨਾਂ ਤੇ ਅਤੇ 'ਮਾਰਕਸਵਾਦ ਦਾ ਅੰਤ' ਦੇ ਨਾਂ ਉੱਤੇ ਪੰਜਾਬੀ ਦੇ ਹੋਣਹਾਰ ਉੱਠਦੇ ਨਵੇਂ ਤੇ ਸੰਵੇਦਨਸ਼ੀਲ ਕਵੀਆਂ ਨੂੰ ਵਿਚਾਰਧਾਰਕ ਤੌਰ ਤੇ ਏਨਾ ਉਲਝਾ ਦਿੱਤਾ ਜਾਵੇ ਕਿ ਲੋਕਾਂ ਤੋਂ ਉਹਨਾਂ ਦੀ ਅੰਤਰੀਵ ਵੇਦਨਾ, ਉਹਨਾਂ ਦੀਆਂ ਤਾਘਾਂ, ਸੁਪਨਿਆਂ ਤੇ ਆਸ਼ਾਵਾਂ ਦੇ ਨਿਤ ਦਿਨ ਹੁੰਦੇ ਕਤਲਾਮ ਤੋਂ ਏਨਾ ਬੇਮੁੱਖ ਕਰ ਦਿੱਤਾ ਜਾਵੇ ਕਿ ਉਹ ਪਾਠਕ ਤੇ ਸਰੋਤੇ ਦੇ ਨਾਂ ਤੋਂ ਹੀ ਤਰੱਬਕਣ ਲੱਗ ਪੈਣਾ। ਅਜਿਹੇ ਕਵੀਆਂ ਦੀ ਦਸ਼ਾ ਨੂੰ ਵੇਖ ਕੇ ਹੀ, ਸ਼ਾਇਦ ਕਵੀ ਯਵਤੂ ਸ਼ੈਂਕੋ ਨੇ ਕਿਹਾ ਸੀ, "ਬਹੁਤੇ ਕਵੀ ਪੁੱਠੇ ਰਾਹੇ ਪੈ ਜਾਂਦੇ ਹਨ, ਪਰ ਜੇ ਕਵੀ ਲੋਕਾਂ ਨਾਲ ਜ਼ਮੀਰ ਦੀ ਆਵਾਜ਼ ਸਦਕਾ, ਜੁੜ ਜਾਂਦਾ ਹੈ ਤਾਂ ਸੰਭਵ ਹੈ ਕੋਈ ਵੀ ਚੀਜ਼ ਕਵਿਤਾ ਨੂੰ ਖਤਮ ਨਹੀਂ ਕਰ ਸਕਦੀ।"

ਮੇਰੀ ਧਾਰਨਾ ਹੈ ਕਿ ਸਾਡੇ ਲੋਕ ਹਾਲੀ ਵੀ ਕਵਿਤਾ ਤੋਂ ਬੇਮੁੱਖ ਨਹੀਂ ਹੋਣਾ ਚਾਹੁੰਦੇ। ਉਹਨਾਂ ਦੀ ਤਾਂਘ ਤੇ ਉਮੀਦ ਹੈ ਕਿ ਸਾਡੇ ਪੰਜਾਬੀ ਕਵੀ, ਲੋਕਾਂ ਦੇ ਚੇਤਨ ਤੇ ਅਵਚੇਤਨ ਨੂੰ ਸਮਝਣ। ਉਹਨਾਂ ਦੇ ਦਰਦ, ਪੀੜਾਂ ਤੇ ਵੇਦਨਾ ਦੀ ਤੀਬਰਤਾ ਨੂੰ ਸਮਝਣ ਦਾ ਉਪਰਾਲਾ ਕਰਨ ਤਾਂ ਕੋਈ ਵਜਾਹ ਨਹੀਂ ਕਿ ਕਵੀ ਦਰਬਾਰਾਂ ਵਿੱਚ ਸੁੰਨ-ਮਸਾਣ ਵਰਤੀ ਰਹੇ ਤੇ ਕਵਿਤਾ ਦੀਆਂ ਕਿਤਾਬਾਂ ਸਿਰਫ਼ ਮਿੱਤਰ-ਕਵੀ ਹੀ ਪੜ੍ਹਨ, ਸਗੋਂ ਸਾਧਾਰਨ ਪਾਠਕ ਵੀ ਚਾਅ ਨਾਲ ਖਰੀਦਣ ਤੇ ਸੰਭਾਲ-ਸੰਭਾਲ ਕੇ ਰੱਖਣ, ਖੁਸ਼ੀ ਵੇਲੇ ਮਿੱਤਰਾਂ ਨੂੰ ਤੋਹਫੇ ਵਜੋਂ ਦਿਆ ਕਰਨ। ਲੋਕਾਂ ਨੇ ਨਹੀਂ ਕਵੀਆਂ ਨੇ ਹੀ ਲੋਕਾਂ ਨੂੰ ਬੇਦਾਵਾ ਦਿੱਤਾ।

-0-

## ਵਾਵਰੋਲਾ/ਪ੍ਰੇਮ ਸਾਹਿਲ

ਲੈ ਜਾਏਗਾ ਸਭ ਕੋਡ ਤੇ ਨੰਬਰ
ਸੋਮ ਸ਼ਨਿੱਚਰ ਜੂਨ ਦਸੰਬਰ

ਉਡਾ ਕੇ ਲੈ ਜਾਏਗਾ
ਸਭ ਸੁੱਖ ਸਹੂਲਤਾਂ ਅਡੰਬਰ
ਨਾਲ ਉਡ ਜਾਣਗੀਆਂ ਜਮ੍ਹਾਂ ਜ਼ਰਬਾਂ
ਖਾਤਿਆਂ ਦੇ ਅਰਬਾਂ ਖਰਬਾਂ
ਆਵਾਜ਼ਾਂ ਤਾਨਾਂ ਤਰਬਾਂ

ਲੈ ਜਾਏਗਾ ਬੱਚਿਆਂ ਦੇ ਰਿਬਨ
ਰੋਟੀ ਤੇ ਰੰਗਾਂ ਦੇ ਡੱਬੇ
ਦਿਸ਼ਾਵਾਂ ਸੱਜੇ ਖੱਬੇ
ਲੋਰੀਆਂ ਤੇ ਡੰਗੋਰੀਆਂ

ਤਹਿਰੀਰਾਂ ਪੂੰਝ ਲੈ ਜਾਏਗਾ
ਹੂੰਝ ਲੈ ਜਾਏਗਾ ਤਕਰੀਰਾਂ
ਬੁੱਲ੍ਹ ਝੰਬ ਸੁੱਟੇਗਾ
ਨਾਂਵੇ ਭਰੂ ਕੇ ਲੈ ਜਾਏਗਾ
ਵਾਵਰੋਲਾ ਆਏਗਾ।





## ਸ਼ੀਸ਼ਾ ਹੀ/ਜੈਪਾਲ

ਆਉਣ ਵਾਲਿਆਂ ਨੂੰ ਉਡੀਕਦਾ
ਖੁਰਦਰਾ ਪਾਏਦਾਨ
ਸਫ਼ਰ ਤੋਂ ਥੱਕ ਕੇ ਪਏ
ਬੂਟ-ਜੁਰਾਬਾਂ
ਪਤਨੀ ਨੇ ਪ੍ਰੈਸ ਕਰਕੇ
ਹੈਂਗਰ ਤੇ ਟੰਗੇ-ਮਾਸੂਮ ਕੱਪੜੇ
ਕਿਸੇ ਫਾਈਲ 'ਚ ਪਈਆਂ
ਤਮਾਮ ਡਿਗਰੀਆਂ
ਤੇ ਨੌਕਰੀ ਦਾ ਨਿਯੁਕਤੀ-ਪੱਤਰ
ਮਹਿਬੂਬਾ ਦੇ ਪੁਰਾਣੇ ਖ਼ਤ
ਤੇ ਖ਼ਤਾਂ ਵਿਚਲੀ ਖੁਸ਼ਬੂ
ਅਲਮਾਰੀ 'ਚ ਸੁੱਤੀਆਂ ਤੇ ਜਾਗਦੀਆਂ
ਪੜ੍ਹੀਆਂ ਤੇ ਅਣ-ਪੜ੍ਹੀਆਂ ਪੁਸਤਕਾਂ
ਕੰਧ ਤੇ ਮੁਸਕਰਾ ਰਹੀ
ਕਿਸੇ ਸਮੇਂ ਦੀ
ਮਾਂ ਤੇ ਪਿਤਾ ਜੀ ਦੀ ਸਾਂਝੀ ਤਸਵੀਰ
ਤੇ ਪੜਛੱਤੀ ਤੇ ਪਿਆ ਬੇਅਰਥ ਨਿੱਕ-ਸੁੱਕ
ਆਪਣੇ ਅੰਦਰ ਪਿੱਛਲ ਪੈਰੀ ਤੁਰਦਾ ਆਦਮੀ
ਸੋਚਦਾ ਹੈ
ਆਪਣੀ ਥਾਂ ਹੈ-ਸਭ ਕੁਝ!
ਪਰ ਪਤਾ ਨਹੀਂ
ਕੀ ਗਵਾਚ ਗਿਆ ਹੈ
ਗਵਾਚਿਆ ਹੋਇਆ ਲੱਭਿਆ
ਵੇਦਾਂ 'ਚ, ਕਤੇਬਾਂ 'ਚ
ਸਰੂਰ 'ਚ, ਸਰੀਰ 'ਚ
ਸ਼ਬਦ ਤੋਂ ਸ਼ੀਸ਼ੇ ਤੱਕ
ਪਰ ਕੋਈ ਜਾਣਦਾ ਵੀ ਤਾਂ ਨਹੀਂ
ਕਿ ਕੀ ਗਵਾਚਿਆ ਹੈ...
ਹੈਂਗਰ
ਖ਼ਤ
ਪੁਸਤਕਾਂ
ਸਮਾਂ ਕਿ ਤਸਵੀਰ
ਸ਼ਬਦ ਜਾਂ ਸ਼ਾਇਦ ਸ਼ੀਸ਼ਾ।

-0-

## ਜ਼ਹਿਮਤ/ ਗੁਰਦਿਆਲ ਪੱਲ੍ਹਾ

ਕਿੰਨ੍ਹਾ ਜ਼ਹਿਮਤ ਭਰਿਆ
ਹੈ ਜੀਵਨ ਸਾਡਾ
ਸਵੇਰ ਤੋਂ ਸ਼ਾਮ ਤੱਕ
ਹੰਢਾਉਂਦੇ ਹਾਂ ਬਲਦ ਦਾ ਜੀਵਨ
ਵਰਚਾਉਂਦੇ ਹਾਂ

ਹਰ ਤਰ੍ਹਾਂ ਆਪਣੇ ਮਾਲਕ ਨੂੰ
ਚੱਟਦੇ ਹਾਂ ਪੈਰ
ਜੋੜਦੇ ਹਾਂ ਹੱਥ
ਅੱਗੇ ਪਿੱਛੇ ਰਾਤ ਦਿਨ
ਪੈਰ ਘਿਸਾਉਂਦੇ ਪੈਲਾਂ ਪਾਉਂਦੇ
ਮਤਰ ਝੱਗ ਹੋ ਜਾਂਦੇ ਹਾਂ
ਇਸਦੇ ਹਰ ਰੋਹਬ ਅੱਗੇ।
ਲਿਫਿਆਂ ਨੂੰ ਉਨੀਂਦਰੇ ਵਿੱਚ
ਆਉਣ ਨਾ ਕਦੇ ਵੀ ਸੁਪਨੇ
ਝੁਲਸੇ ਚਿਹਰੇ ਸਾਖੀ ਭਰਦੇ
ਕਿੰਨੇ ਦੁੱਖ ਸਹਿ ਇਹਨਾਂ ਨੇ
ਚੁੱਪ ਦੀ ਰੁੱਤੇ ਹਿੱਕਾਂ ਅੰਦਰ
ਸੁਲਗ ਪਈ ਏ ਸੁੱਤੀ ਰੱਤ
ਸਾਡੀ ਹੋਂਦ ਨਿਰਾਸੀਆਂ ਕੰਧਾਂ
ਸਿਤਮ ਹੋਏ ਨੇ ਨਕੋ ਨੱਕ।
ਅਣਖਾਂ ਦੇ ਸਿੰਗ ਸਿਰ ਸਾਡੇ
ਜਿਉਂ ਉੱਗੇ ਹੀ ਨਹੀਂ
ਜਾਂ ਫਿਰ-
ਦਾਗ਼ ਦਿੱਤੇ ਗਏ ਹਨ
ਕੋਹ-ਕੋਹ ਕੇ ਨਿਆਣੀ ਉਮਰੇ
ਲਾਚਾਰੀ ਦੇ ਪੈਂਖੜਾਂ ਸੰਗ
ਬੱਝੇ ਪਏ ਹਾਂ ਮਜ਼ਬੂਰ ਹੋਏ
ਹੇਰਵੇ ਦੀਆਂ ਖੁਰਲੀਆਂ ਮੂਹਰੇ
ਪੱਠੇ ਹਨ ਉਦਰੇਵੇਂ ਦੇ
ਖਾ ਨਾ ਹੁੰਦੇ ਸੰਘੋਂ ਨਾ ਲਹਿੰਦੇ
ਪੀ ਰਹੇ ਹਾਂ ਸੰਸੇ ਹਉਕੇ।
ਸੋਚਾਂ ਦੇ ਜੰਗਲ ਚੁਫੇਰੇ
ਬੇ-ਵਸੀ ਦੇ ਭਖਣ ਅੰਗਿਆਰੇ
ਪਿਆਸੇ ਪਿਆਸੇ ਥਲਾਂ ਅੰਦਰ
ਰੋਹ ਦੇ ਬੱਦਲ ਹੋ ਗਏ ਗਾੜ੍ਹੇ।
ਤਾਂ ਫਿਰ-
ਆਉਂਦੀ ਹੈ ਯਾਦ ਉਹ ਤਸਵੀਰ
ਕਿ ਕਿਵੇਂ-
ਗਰਜ਼ਾਂ ਨੇ ਲਿਤਾੜਿਆ ਹੈ ਸਾਨੂੰ
ਤੇ ਵਕਤ ਦੇ ਜੂਲੇ ਨੇ
ਮਤਾੜਿਆ ਹੈ ਸਾਨੂੰ

**ਪਿੰਡ ਪੱਲ੍ਹਾ (ਅੰਮ੍ਰਿਤਸਰ)**



## ਛੋਟੇ ਲੋਕ/ਨੂਰ ਸੰਤੋਖਪੁਰੀ

ਛੋਟੇ-ਛੋਟੇ ਲੋਕਾਂ ਦੀਆਂ
ਛੋਟੀਆਂ-ਛੋਟੀਆਂ ਲੋੜਾਂ ਹੁੰਦੀਆਂ
ਛੋਟੀਆਂ-ਛੋਟੀਆਂ ਖ਼ੁਸ਼ੀਆਂ
ਨਿੱਕੀ-ਨਿੱਕੀ ਗੱਲ 'ਤੇ ਉਹ
ਖ਼ੂਬ ਉੱਚੀ ਸਾਰੀ ਹੱਸ ਪੈਂਦੇ
ਹੌਲੀ-ਹੌਲੀ ਕਦਮ ਪੁੱਟ ਕੇ
ਵੱਡੀਆਂ-ਵੱਡੀਆਂ ਮੰਜ਼ਿਲਾਂ ਸਰ ਕਰਨਾ ਲੋਚਦੇ
'ਕਦੋਂ ਆਊਗੀ ਅਕਲ ਇਨ੍ਹਾਂ ਨੂੰ ਜੀਣ ਦੀ?'
ਵੱਡੇ ਲੋਕ ਅਕਸਰ ਸੋਚਦੇ

ਛੋਟੇ ਲੋਕਾਂ ਲਈ ਹੀ ਹੁੰਦੀਆਂ
ਛੋਟੀਆਂ ਬੱਚਤ ਦੀਆਂ ਸਕੀਮਾਂ
ਕੁਝ ਸਰਕਾਰੀ ਮੁਫ਼ਤ ਬੀਮਾ ਯੋਜਨਾਵਾਂ
ਛੋਟੇ ਲੋਕਾਂ ਲਈ ਬਣਾਈਆਂ ਹੁੰਦੀਆਂ
ਬੁਢਾਪਾ ਤੇ ਵਿਧਵਾ ਪੈਨਸ਼ਨ ਯੋਜਨਾਵਾਂ
ਹੜ੍ਹ ਜਾਂ ਭੂਚਾਲ ਦੇ ਝਟਕਿਆਂ ਦੇ ਝਟਕਾਇਆ ਲਈ ਹੁੰਦਾ
ਉਹਨਾਂ ਦੇ ਘਰਾਂ ਲਈ ਕੁਝ ਸੌ ਰੁਪਿਆਂ ਦਾ ਮੁਆਵਜ਼ਾ
ਅਣਆਈ ਮੌਤੇ ਮਰ ਗਈਆਂ ਫ਼ਸਲਾਂ ਲਈ
ਕੁਝ ਸੈਂਕੜੇ ਰੁਪਿਆ ਦੀ ਸਰਕਾਰੀ ਇਮਦਾਦ

ਛੋਟੇ-ਛੋਟੇ ਲੋਕਾਂ ਲਈ ਸੱਜਦੇ
ਪੱਟੜੀਆਂ ਉੱਪਰ ਕਬਾੜੀ ਬਾਜ਼ਾਰ
ਇਨ੍ਹਾਂ ਲੋਕਾਂ ਦੇ ਭਲੇ ਲਈ ਲਗਦੇ
ਰੈੱਡ ਕਰਾਸ ਸੁਸਾਇਟੀ ਵੱਲੋਂ ਮੇਲੇ
ਛੋਟੇ ਲੋਕਾਂ ਲਈ ਥਾਂ-ਥਾਂ ਖੋਹਲੇ ਜਾਂਦੇ
ਦੇਸੀ ਸ਼ਰਾਬ ਦੇ ਦੇਸੀ ਠੇਕੇ
ਖੁਦਕਸ਼ੀ ਕਰਨ ਦੀ ਸਹੂਲਤ ਆਸਤੇ
ਖੁੱਲ੍ਹ ਗਈਆਂ ਕੈਮਿਸਟਾਂ ਦੀਆਂ ਦੁਕਾਨਾਂ
ਛੋਟੇ ਲੋਕਾਂ ਦੀ ਸਿਹਤ ਸੰਭਾਲ ਆਸਤੇ
ਸਰਕਾਰ ਨੇ ਬਣਾਏ ਹਸਪਤਾਲ ਤੇ ਡਿਸਪੈਂਸਰੀਆਂ

ਛੋਟੇ-ਛੋਟੇ ਲੋਕਾਂ ਲਈ ਹੀ ਹੁੰਦੇ
ਚਾਹ, ਲਾਟਰੀਆਂ ਤੇ ਪਾਨ-ਸਿਗਰਟਾਂ ਦੇ ਖੋਖੇ
'ਹੁਣ ਕੌਣ ਬਣੂ ਭਾਰਤ ਦਾ ਪ੍ਰਧਾਨ ਮੰਤਰੀ?'
ਛੋਟੇ ਲੋਕ ਚਾਹ ਨਾਲ ਮੱਠੀ ਖਾਂਦੇ ਸੋਚਦੇ
ਪਾਨ ਖਾਂਦੇ, ਸਿਗਰਟਾਂ ਪੀਂਦੇ, ਰਾਜਨੀਤੀ ਘੋਟਦੇ
ਛੋਟੇ ਲੋਕਾਂ ਲਈ ਹੀ ਹੁੰਦੇ ਡੀ.ਡੀ.ਵਨ ਦੇ ਪ੍ਰੋਗਰਾਮ

ਛੋਟੇ-ਛੋਟੇ ਲੋਕਾਂ ਦੀਆਂ
ਛੋਟੀਆਂ-ਛੋਟੀਆਂ ਲੋੜਾਂ, ਥੁੜਾਂ ਹੁੰਦੀਆਂ
ਛੋਟੀਆਂ-ਛੋਟੀਆਂ ਖ਼ੁਸ਼ੀਆਂ
ਛੋਟੇ ਲੋਕਾਂ ਦੇ ਹੁੰਦੇ ਦੁੱਖ ਵੱਡੇ-ਵੱਡੇ
ਲੇਰਾਂ ਲੰਮੀਆਂ-ਲੰਮੀਆਂ।

**(ਮੁਹੱਲਾ ਸੰਤੋਖਪੁਰਾ, ਜਲੰਧਰ)**

## ਬਚਪਨ/ਮਨਦੀਪ ਪੰਧੇਰ

ਕਿੱਥੇ ਗਏ
ਨਿੱਕੇ-ਨਿੱਕੇ ਸਿਰਜਣ-ਹਾਰੇ, ਖੇਡਣ-ਹਾਰੇ ਹੱਥ
ਮਿੱਟੀ ਦੇ ਘਰ ਬਣਾਉਂਦੇ
ਪਿਲ-ਟਕਾ ਖੇਡਦੇ
ਫੱਟੀਆਂ ਪੋਚਦੇ
ਗਾਚਣੀ 'ਚ ਗੜੁਚ
ਕੱਚੀ ਸਿਆਹੀ 'ਚ ਉਂਗਲਾਂ ਲਬੇੜਦੇ
ਚੋਰੀ ਛੁਪੇ ਗਾਚਣੀ ਖਾਂਦੇ
ਕਿੱਥੇ ਗਈਆਂ
ਨਿੱਕੀਆਂ-ਨਿੱਕੀਆਂ ਬੰਦ ਮੁੱਠੀਆਂ
ਟਾਂਕ ਜਿਸਤ
ਕਦੇ
ਪੂਰ-ਨੱਕਾ ਖੇਡਦੀਆਂ
ਪਿੱਪਲਾਂ ਦੇ ਪੱਤਿਆਂ ਦੀਆਂ
ਪੀਪਨੀਆਂ ਬਣਾਉਂਦੇ
ਸਾਰਾ ਦਿਨ ਵਜਾਉਂਦੇ
ਕਿੱਥੇ ਗਏ
ਨਿੱਕੇ-ਨਿੱਕੇ ਖੇਡਣ-ਹਾਰੇ ਹੱਥ
ਜੋ ਟੋਭੇ ਦੀ ਗਿੱਲੀ ਮਿੱਟੀ ਦੇ
ਗਾਟੇ ਬਣਾਉਂਦੇ
ਥੁੱਕ ਦੇ ਵਿੱਚ
ਠਾਹ ਕੰਧ 'ਚ ਮਾਰਦੇ
ਗੱਦ-ਗੱਦ ਹੋ ਜਾਂਦੇ
ਆਪਣੇ ਅੰਦਾਜ਼ 'ਚ ਮੁਸਕਰਾਉਂਦੇ
ਮੰਤਰ ਮੁਗਧ ਹੋ ਜਾਂਦੇ
ਅਜੀਬੋ-ਗਰੀਬ ਖੇਡਾਂ ਖੇਡਦੇ
ਕਤੂਰਿਆਂ ਦੀਆਂ ਪੂਛਾਂ ਬੰਨ੍ਹਦੇ
ਉਹਨਾਂ ਨੂੰ ਜ਼ੋਰ ਲਾਉਂਦੇ ਦੇਖ
ਢਿੱਡੀਂ ਪੀੜਾਂ ਪਾਉਂਦੇ
ਹੁਣ ਪਤਾ ਨਹੀਂ
ਕਿੱਥੇ ਗਏ
ਨਿੱਕੇ-ਨਿੱਕੇ ਸਿਰਜਣ-ਹਾਰੇ, ਖੇਡਣ-ਹਾਰੇ ਹੱਥ
ਉਹ ਤੋਤਲੇ ਵਰ੍ਹੇ
ਤੋਤਲੇ ਖਿਆਲ
ਤੋਤਲੇ ਚੈਨ

(ਪਿਛਲੇ ਪਾਸੇ ਨਿਰੰਕਾਰੀ ਭਵਨ, ਹੀਰਾ ਮਹਿਲ ਕਾਲੋਨੀ, ਨਾਭਾ

## ਡੈਹਾ/ ਗੁਰਬਖ਼ਸ਼ ਸਿੰਘ ਭੰਡਾਲ

ਵੱਗ ਵਿੱਚ ਕੁਝ ਪਸ਼ੂਆਂ ਨੂੰ ਝੱਸ ਹੁੰਦਾ ਹੈ,
ਸਭ ਤੋਂ ਅੱਗੇ ਲੰਘ,
ਬਿਗਾਨੀਆਂ ਫਸਲਾਂ 'ਚ ਮੂੰਹ ਮਾਰਨਾ।
ਹਰ ਇੱਕ ਨਾਲ ਐਵੇਂ ਹੀ ਸਿੰਗ ਫਸਾਈ ਰੱਖਣਾ,



ਅਤੇ ਵਾਗੀ ਨੂੰ ਹਰ ਵਕਤ ਖਪਾਈ ਰੱਖਣਾ।
ਉਦੋਂ ਅੱਕਿਆ ਵਾਗੀ,
ਅੱਥਰੇ ਪਸ਼ੂਆਂ ਦੇ ਗਲ 'ਚ ਡੈਹਾ ਪਾ ਕੇ,
ਨਿੱਤ ਦੇ ਉਲਾਹਮਿਆਂ ਅਤੇ ਉਨ੍ਹਾਂ ਦੀ ਆਪ-ਹੁੱਦਰੀਆਂ ਤੋਂ ਨਿਜਾਤ ਪਾਉਂਦਾ ਹੈ।
ਪਤਾ ਨਹੀਂ ਕਿਵੇ,
ਸ਼ਰਾਰਤੀ ਸਮਿਆਂ ਦੇ ਵਹੇ ਚੜ੍ਹਿਆ ਡੈਹਾ,
ਹਰ ਉਸ ਸਖਸ਼ ਦੇ ਗਲ 'ਚ ਨਜ਼ਰ ਆਉਂਦਾ ਹੈ
ਜੋ ਠਿੱਬੀਆਂ ਤੋਂ ਬੇਖਬਰ,
ਸਾਵੀਂ ਤੋਰੇ ਮੰਜ਼ਲ ਵੰਨੀਂ ਤੁੱਰਦਾ ਹੈ।
ਕਿਧਰੇ ਘੁੱਣ-ਖਾਧੀਆਂ ਸੋਚਾਂ ਦਾ ਡੈਹਾ,
ਸੂਹੀ ਸੋਚ ਨੂੰ ਲਹੂ-ਲੁਹਾਣ ਕਰ ਰਿਹਾ ਏ।
ਕਲਮ ਲਈ ਵਰਜਿਤ ਵਰਤਾਰਿਆਂ ਦਾ ਡੈਹਾ,
ਸੱਚ ਉਗਲਣ ਤੋਂ ਰੋਕਦਾ ਹੈ।
ਝੱਖੜਾਂ-ਝੇੜਿਆਂ ਦੇ ਡਰ ਦਾ ਡੈਹਾ,
ਪ੍ਰਵਾਜ਼ ਦੇ ਨੈਣੀਂ ਹੰਝੂ ਛਲਕਾ ਰਿਹਾ ਏ।
ਗਰਕੀਆਂ ਕਦਰਾਂ-ਕੀਮਤਾਂ ਦੇ ਡੈਹੇ ਕਾਰਨ,
ਹੋਣੀਆਂ ਦਾ ਭੰਨਿਆ ਸਮਾਜ ਹੂੰਗਰਦਾ ਹੈ।
ਜਦੋਂ
ਡੈਹੇ ਦੇ ਕਈ ਕੋਝੇ ਰੂਪ,
ਵੱਖੋ-ਵੱਖਰੇ ਧਰਾਤਲਾਂ 'ਤੇ,
ਸਮਿਆਂ ਦੀ ਵਹਿੰਗੀ,
ਕਬਰਾਂ ਵੰਨੀਂ ਲਈ ਜਾਂਦੇ ਹੋਣ,
ਤਾਂ ਕੋਈ ਉਠੇ,
ਜੋ ਨਿੱਗਰ ਸੋਚ
ਨਰੋਈਆਂ ਕਦਰਾਂ-ਕੀਮਤਾਂ
ਅਤੇ ਅਣਛੋਹੀਆਂ
ਮੰਜ਼ਲਾਂ ਦੇ ਸਿਰਨਾਵੇ ਦਾ ਡੈਹਾ
ਅਲਕ ਵਛੇਰਿਆਂ ਜਹੀ ਸਾਡੀ
ਪੀੜ੍ਹੀ ਦੇ ਗਲ ਪਾ ਸਕੇ

## ਗ਼ਮ ਕਿ ਖੁਸ਼ੀ?/ਨਵਗੀਤ

ਗ਼ਮ ਮਨਾਵਾਂ ਜਾਂ ਖ਼ੁਸ਼ੀ
ਅੱਜ ਦੇ ਦਿਨ ਤੁਰੀ ਸੀ
ਹਮਰਾਹ ਮੇਰੇ ਜ਼ਿੰਦਗੀ

ਦਾਤ ਸੀ ਇਹ ਰੱਬ ਦੀ
ਜਾਂ
ਦੇਣ ਮਾਤ ਪਿਤਾ ਦੀ
ਖ਼ਬਰ ਕੀ!

ਕਿਉਂ, ਕਿਵੇਂ ਕਿੱਥੋਂ ਤੇ ਕਿੱਥੇ
ਏਸ ਦਿਹਾੜੇ ਰੁਬਰੂ ਕਿੰਨੇ ਸਵਾਲਾਂ ਦੇ ਖੜ੍ਹੀ।
ਮੈਂ ਕੀ ਜਾਣਾ
ਕੀ ਹੈ ਪੂਰਾ
ਕੀ ਅਧੂਰਾ

ਕਿਸ ਸੰਪੂਰਣਤਾ ਦੀ ਖ਼ਾਤਿਰ
ਫਿਰਾਂ ਰਾਹੀਂ ਭੱਟਕਦੀ!
ਮੈਂ ਤਾਂ ਕੇਵਲ ਜਾਣਦੀ
ਦਿਲ ਮੇਰੇ ਨੂੰ ਕਿਸ ਤਰ੍ਹਾਂ ਮਿਲਦੀ ਖ਼ੁਸ਼ੀ!

ਨੇੜਤਾਵਾਂ, ਦੂਰੀਆਂ
ਰਾਹਾਂ ਦੀਆਂ ਮਜ਼ਬੂਰੀਆਂ
ਦਰਦ, ਦੁਖ ਤੇ ਕਸ਼ਟ ਪੀੜਾ
ਬਿਨ ਇਹਨਾਂ ਦੇ ਪੂਰਣਤਾ ਦੇ ਅਰਥ ਕੀ
ਏਹੀ ਵੇਦਨ ਇਸ ਸਫ਼ਰ ਦਾ ਹੈ ਮੁਕਾਮ ਆਖ਼ਿਰੀ

**ਅਕਾਲ ਅਕਾਦਮੀ (ਬੜੂ-ਸਾਹਿਬ) ਡਾਕਖਾਨਾ ਬੜੂ ਸਾਹਿਬ (ਹਿ.ਪ੍ਰ.)**

## ਮੈਂ ਤੇ ਅਸੀਂ/ਹਰਮਿੰਦਰ ਮਾਲੜੀ

ਰਿਸ਼ਤਿਆਂ ਦੀ ਸਰਹੱਦ ਤੇ ਖੜਾ
ਨਜ਼ਰਾ ਦੇ ਧੁੰਦਲੇਪਣ ਨੂੰ ਖਾਰੇ ਪਾਣੀਆਂ ਨਾਲ ਧੋਂਦਾ
ਧੁੰਦ ਛਟਣ ਦਾ ਇੰਤਜ਼ਾਰ ਕਰਦਾ
ਅਧਮੋਏ ਸੂਰਜ ਦਾ ਮਰਸੀਆ ਬਣ ਜਾਂਦਾ ਹਾਂ
ਖਾਰੇ ਪਾਣੀਆਂ ਦੇ ਹੜ੍ਹ
ਨੀਂਦ ਨੂੰ ਪਲਕਾਂ ਤੋਂ ਬਗ਼ਾਵਤ ਕਰਵਾ ਦਿੰਦੇ ਨੇ,
ਹਉਕਿਆ ਦੀ ਸਲਤਨਤ
ਬਿਨ ਪੁੱਛਿਆ ਆਪਣਾ ਸਿਰਤਾਜ ਬਣਾ ਲੈਂਦੀ ਹੈ
ਬਦਲਦੇ ਚਿਹਰਿਆਂ ਦੇ ਜੁਗਰਾਫ਼ੀਏ ਮਾਪਦਾ
ਆਪਣੇ ਨਕਸ਼ਾਂ ਤੋਂ ਬੇਪਛਾਣ ਹੋ ਜਾਂਦਾ ਹਾਂ
ਆਪਣਿਆਂ ਹੱਥੋਂ ਜਿਬ੍ਹਾ ਹੋਈ ਕੰਜਕ ਦੀ
ਜ਼ਬਾਨ ਦੀ ਗੂੰਗੀ ਚੀਕ ਬਣ ਕੇ ਰਹਿ ਜਾਂਦਾ ਹਾਂ
ਅੱਖ ਮਟੱਕਾ ਖੇਡਣ ਵਾਲੀ ਜ਼ਿੰਦਗੀ
ਅੱਖ ਮਚੋਲੀ ਖੇਡ ਜਾਂਦੀ ਹੈ
ਜ਼ਿੰਦਗੀ ਦੇ ਸਵਾਲ ਦੀਆਂ ਜ਼ਰਬਾਂ ਤਕਸੀਮਾਂ
ਮਨਫ਼ੀ ਹੋ ਜਾਂਦੀਆਂ ਨੇ
ਰਿਸ਼ਤਿਆਂ ਦੇ ਸਮੀਕਰਣ
ਬਿਨਾਂ ਸੂਤਰਾਂ ਤੋਂ ਬਦਲ ਜਾਂਦੇ ਨੇ
ਅਪਣੱਤ ਤੇ ਬੇਗ਼ਾਨਗੀ ਦਾ ਹਾਸ਼ੀਆ
ਬਹੁਤ ਬਰੀਕ ਹੋ ਜਾਂਦਾ ਹੈ
ਰਿਸ਼ਤਿਆਂ ਦੀਆਂ ਬੇੜੀਆਂ 'ਚ ਫਸੇ ਪੈਰ
ਪੈਰ ਪੈਰ ਤੇ ਉਧਲ ਜਾਂਦੇ ਨੇ
ਵਫ਼ਾ ਬੇਵਤਨ ਹੋਈ
ਸ਼ਰਮਾਂ ਦੇ ਸਾਗਰਾਂ 'ਚ ਗੋਤੇ ਖਾਂਦੀ ਹੈ
ਕਾਟੋ ਫੁੱਲਾਂ ਤੇ ਪਹੁੰਚਣ ਤੋਂ ਪਹਿਲਾਂ
ਖੁਦਕਸ਼ੀ ਕਰ ਜਾਂਦੀ ਹੈ
ਰਿਸ਼ਤਿਆਂ ਦੀ ਗੋਦੀ ਬੈਠੇ ਸੁਪਨਿਆਂ ਦੀ ਚਿਤਾ ਸੇਕ
ਸਾਹਾਂ ਦੀ ਠਰ ਭੰਨਾਗਾਂ
ਸਮੇਂ ਨੂੰ ਸੇਕ ਦੇਣ ਵਾਲੇ
ਠੰਡ ਨਾਲ ਨਹੀਂ ਮਰਦੇ! ਹੋਇਆ ਹੈ। ਇਸ ਬੇਦਾਵੇ ਨੂੰ ਪਾੜਨ ਜਾਂ
ਪੜਵਾਉਣ ਲਈ ਸੋਚ-ਵਿਚਾਰ ਕਰਨ ਦੀ ਲੋੜ ਹੈ।





# ਰਿਗਵੇ

## ਇੱਕ ਪਵਿੱਤਰ ਗ੍ਰੰਥ ਜਾਂ ਸਾਹਿਤਕ ਸਿਰਮਣਾ?/ਕਾ.ਈ.ਐਮ.ਐਸ. ਨੰਬੂਦਰੀ ਪਾਦ

(ਕਾ.ਈ.ਐਮ.ਐਸ. ਨੰਬੂਦਰੀ ਪਾਦ ਰਾਜਨੀਤੀ ਤੋਂ ਬਿਨਾਂ ਸਾਹਿਤਕ ਆਲੋਚਨਾ ਅਤੇ ਸੱਭਿਆਚਾਰ ਦੇ ਖੇਤਰ ਦੇ ਵੀ ਮਹਾਨ ਵਿਦਵਾਨ ਸਨ। ਉਹਨਾਂ ਦਾ ਦੋ ਸਾਲ ਪਹਿਲਾਂ ਲਿਖਿਆ ਨਿਮਨ ਲੇਖ, ਅੱਜ-ਕੱਲ੍ਹ ਅੰਨ੍ਹੀ-ਕੌਮਪ੍ਰਸਤੀ ਦੇ ਹਿੰਦੂਤਵ ਏਜੰਡੇ ਦੇ ਪ੍ਰਚਾਰ ਦੁਆਰਾ ਪੈਦਾ ਕੀਤੀ ਸਥਿੱਤੀ ਅਤੇ ਭਾਰਤ ਦੇ ਲਗਭਗ ਪੱਚੀ ਸਦੀਆਂ ਵਿੱਚ ਸਿਰਜੇ ਸਾਂਝੇ ਇਤਿਹਾਸ ਅਤੇ ਵੰਨ-ਸੁਵੰਨੇ ਸੱਭਿਆਚਾਰਕ ਸਮਾਜੀ ਰੂਪ ਨੂੰ ਸਮਝਣ ਲਈ ਇੱਕ ਮਹੱਤਵਪੂਰਨ ਰਚਨਾ ਹੈ। ਇਹ ਸੰਘ ਪਰਵਾਰ ਵੱਲੋਂ ਭਾਰਤ ਦੇ ਇਤਿਹਾਸ ਅਤੇ ਸੱਭਿਆਚਾਰ ਦੀ ਮੁਜਰਮਾਨਾ ਤੋੜ ਭੰਨ ਵਿਰੁੱਧ ਲੜਨ ਵਾਲੀਆਂ ਸੱਭਿਆਚਾਰਕ ਅਤੇ ਜਮਹੂਰੀ ਸ਼ਕਤੀਆਂ ਲਈ ਇੱਕ ਬੌਧਿਕ ਹਥਿਆਰ ਉਪਲਬਧ ਕਰਦਾ ਹੈ। ਆਸ ਹੈ ਇਹ ਲੇਖ ਚਿਰਾਗ਼ ਦੇ ਪਾਠਕਾਂ ਦੀ, ਭਾਰਤ ਦੇ ਇਤਿਹਾਸਕ ਵਿਰਸੇ ਦੀ ਮਹੱਤਵਪੂਰਨ ਸਹਿਜ-ਵਿਕਾਸ ਰੂਪਾਂਤਰਨ ਪ੍ਰਕਿਰਿਆ ਨੂੰ ਸਮਝਣ ਵਿੱਚ ਸਹਾਈ ਹੋਵੇਗਾ। ਸੰਪਾ:)

ਮਲਿਆਲਮ ਭਾਸ਼ਾ ਵਿੱਚ ਮੂਲ ਅਤੇ ਅਰਥਾਂ ਸਮੇਤ-ਮਲਿਆਲਮ ਰਿਗਵੇਦ ਦੀ ਅੱਠਵੀਂ ਜਿਲਦ ਨੂੰ, ਮੈਂ ਥੀਰੂਵੰਥਾਪੁਰਮ, ਕੇਰਲ ਵਿੱਚ 2 ਜਨਵਰੀ 1996 ਨੂੰ ਹੋਏ ਇੱਕ ਸਮਾਗਮ ਵਿੱਚ ਜਾਰੀ ਕੀਤਾ। ਉਸ ਸਮੇਂ ਮੈਨੂੰ ਉਨ੍ਹਾਂ ਛੇ ਸਾਲਾਂ (8 ਤੋਂ 14 ਸਾਲ ਦੀ ਉਮਰ ਦੇ) ਦੀ ਯਾਦ ਆ ਗਈ, ਜਦੋਂ ਮੈਨੂੰ ਪਵਿੱਤਰ ਰਿਗਵੇਦ ਨਾਲ ਵਾਹ ਪਿਆ ਸੀ।

ਇਹ ਗੱਲ ਮੈਨੂੰ ਦੱਸਣੀ ਚਾਹੀਦੀ ਹੈ ਕਿ ਮੈਂ ਰਿਗਵੇਦ ਦਾ ਅਧਿਅਨ ਨਹੀਂ ਕੀਤਾ ਸੀ, ਸਗੋਂ ਇੱਕ-ਇੱਕ ਰਿਚਾ ਨੂੰ, ਬਿਨਾਂ ਸਮਝਿਆਂ ਘੋਟਾ ਲਾ ਕੇ ਚੇਤੇ ਕੀਤਾ ਸੀ। ਇਹ ਉਹਨਾਂ ਦਿਨਾਂ ਵਿੱਚ ਨੰਬੂਦਰੀ ਬ੍ਰਾਹਮਣਾਂ ਦੇ ਲੜਕਿਆਂ ਦੀ ਉਪਨਿਆਨਮ (ਇੱਕ ਰਸਮ) ਤੋਂ ਪਿੱਛੋਂ ਦਾ ਦਸਤੂਰ ਸੀ। ਨਾ ਸਿਰਫ਼ ਕਿ ਸਾਰੇ ਰਿਗ੍ਵੇਦ ਨੂੰ ਮੈਂ ਜ਼ਬਾਨੀ ਯਾਦ ਕੀਤਾ, ਸਗੋਂ ਹਰ ਇੱਕ ਰਿਚਾ ਦੀ ਸ਼ਬਦ ਵੰਡ ਵੀ ਸਿਖੀ ਅਤੇ ਇਹਨਾਂ ਸ਼ਬਦਾਂ ਦੇ ਜਿਮਨਾਸਟਿਕ-ਅਭਿਆਸਾਂ ਵਾਂਗੂੰ ਅਭਿਆਸ ਕੀਤੇ। ਜਿਹੜੇ ਲੜਕੇ ਇਹ ਕਰਦੇ ਸਨ ਉਨ੍ਹਾਂ ਤੋਂ ਆਸ ਕੀਤੀ ਜਾਂਦੀ ਸੀ ਕਿ ਉਹ ਇਸ ਦੀ ਪ੍ਰੀਖਿਆ ਦੇਣਗੇ। ਮੈਨੂੰ ਵੀ ਪ੍ਰੀਖਿਆ ਲਈ ਭੇਜਿਆ ਗਿਆ ਸੀ, ਪਰ ਮੈਂ ਫੇਲ੍ਹ ਹੋ ਗਿਆ ਸੀ।

ਰਿਗਵੇਦ ਸਾਡੇ ਲਈ ਪਵਿੱਤਰ ਗ੍ਰੰਥ ਸੀ, ਜਿਸ ਨੂੰ ਕੋਈ ਗੈਰ-ਬ੍ਰਾਹਮਣ ਨਹੀਂ ਪੜ੍ਹ ਸਕਦਾ ਸੀ, ਇਥੋਂ ਤੱਕ ਕਿ ਬ੍ਰਾਹਮਣ ਇਸਤ੍ਰੀਆਂ ਵੀ ਨਹੀਂ ਪੜ੍ਹ ਸਕਦੀਆਂ ਸਨ। ਸਾਡੇ ਭਾਈਚਾਰੇ ਦੇ ਲੜਕੇ ਤੇ ਵੱਡੇ-ਵਡੇਰੇ ਨਾ ਸਿਰਫ਼ ਇਸ ਨੂੰ ਜ਼ਬਾਨੀ ਯਾਦ ਹੀ ਕਰਦੇ ਸਨ, ਸਗੋਂ ਵੱਖੋ-ਵੱਖਰੀਆਂ ਰਸਮਾਂ ਲਈ ਸਮੇਤ ਸੂਰੀਆ ਨਮਸਕਾਰਮ ਲਈ ਵਰਤਦੇ ਸਨ। ਭਾਵੇਂ ਮੈਂ ਇਸ ਤਰ੍ਹਾਂ ਦੇ ਅਭਿਆਸ ਛੇ ਸਾਲ ਕੀਤੇ, ਪਰ ਮੈਨੂੰ ਇਸ ਮਹਾਨ ਰਚਨਾਂ ਦੇ ਅਰਥਾਂ ਦੀ ਉੱਕਾ ਸਮਝ ਨਾ ਪਈ।

ਅੱਜ 87 ਸਾਲ ਦੀ ਉਮਰ ਵਿੱਚ ਮੈਨੂੰ ਇੱਕ ਸ਼ਬਦ ਵੀ ਯਾਦ ਨਹੀਂ ਹੈ, ਜਿਸ ਨੂੰ ਮੈਂ ਆਪਣੇ ਬਚਪਨ ਵਿੱਚ ਘੋਟਾ ਲਾਉਂਦਾ ਸੀ। ਮੇਰੇ ਬਹੁਤ ਸਾਰੇ ਵੱਡੇ-ਵਡੇਰੇ ਰਿਗਵੇਦ ਨੂੰ, ਬਿਨਾਂ ਅਰਥਾਂ ਦੇ ਸਮਝਿਆਂ, ਗਾਇਨ ਕਰਨ ਵਿੱਚ ਪਰਵੀਨ ਸਨ। ਰਿਗਵੇਦ ਸਾਡੇ ਲਈ ਇੱਕ ਪਵਿੱਤਰ ਗ੍ਰੰਥ ਹੈ, ਜਿਸ ਦੀ ਬਾਣੀ ਨੂੰ ਪਰਵਾਰਿਕ ਅਤੇ ਵਿਅਕਤੀਗਤ ਜੀਵਨ ਨੂੰ ਪ੍ਰਭਾਵਿਤ ਕਰਨ ਦੀ ਸ਼ਕਤੀ ਵਾਲੀ ਮੰਨਿਆ ਜਾਂਦਾ ਹੈ।

ਪਿਛੋਂ ਜਾ ਕੇ ਮੈਨੂੰ ਪਤਾ ਲੱਗਿਆ ਕਿ ਯੂਰਪ ਦੇ ਵਿਦਵਾਨਾਂ ਨੇ, ਮੇਰੇ ਤੇ ਮੇਰੀ ਪੀੜ੍ਹੀ ਦੇ ਹੋਰਨਾਂ ਲੜਕਿਆਂ ਵਾਂਗੂੰ ਵੇਦਾਂ ਦਾ ਅਧਿਐਨ ਨਹੀਂ ਕੀਤਾ ਸੀ। ਉਨ੍ਹਾਂ ਹਰ ਸ਼ਬਦ ਨੂੰ ਸਮਝਿਆ ਅਤੇ ਉਸ ਬਾਰੇ ਲਿਖਿਆ, ਜਿਹੜਾ ਕਿ ਸਾਡੇ ਲਈ ਸਿਰਫ਼ ਰਸਮਾਂ ਸਮੇਂ ਗਾਇਨ ਕਰਨ ਵਾਲੇ ਹੀ ਸਨ। ਉਨ੍ਹਾਂ ਵਾਸਤੇ ਉਹ ਅਧਿਐਨ ਕਰਨ ਯੋਗ ਸਨ।

ਅੱਗੇ ਚੱਲ ਕੇ ਮੈਨੂੰ ਪਤਾ ਲੱਗਿਆ ਕਿ ਮਲਿਆਲਮ ਦੇ ਮਹਾਨ ਕਵੀ 'ਵਲਾ ਥੋਲ' ਨੇ, ਸਾਰੇ ਰਿਗਵੇਦ ਦਾ, ਸ਼ਲੋਕ ਦਰ ਸ਼ਲੋਕ ਕਵਿਤਾ ਅਨੁਵਾਦ ਕੀਤਾ ਅਤੇ ਪ੍ਰਕਾਸ਼ਤ ਕਰਵਾਇਆ। ਉਸ

ਵੱਲੋਂ ਸਾਹਿਤ ਦੀ ਇਸ ਮਹਾਨ ਕਿਰਤੀ ਨੂੰ, ਮਲਿਆਲਮ ਪਾਠਕਾਂ ਲਈ ਉਪਲਬਧ ਕਰਾਉਣ ਵਾਲੀ ਇਹ ਇੱਕ ਵਿਸ਼ੇਸ਼ ਦੇਣ ਸੀ।

ਇਸ ਤੋਂ ਹੋਰ ਅੱਗੇ ਚੱਲ ਕੇ, ਮੇਰੇ ਇੱਕ ਮਿੱਤਰ ਨੇ ਜਿਸ ਨੇ ਮੇਰੇ ਵਾਂਗ ਹੀ ਉਸ ਪ੍ਰਕਿਰਿਆ ਥਾਣੀ ਲੰਘ ਕੇ ਰਿਗਵੇਦ ਨੂੰ 'ਪੜ੍ਹਿਆ' ਸੀ, ਰਿਗਵੇਦ ਨੂੰ ਸੰਗ੍ਰਹਿਤ ਕੀਤਾ, ਜਿਸ ਵਿੱਚ ਹਰ ਰਿਚਾ ਨੂੰ ਮਲਿਆਲਮ ਵਿੱਚ ਲਿਖਿਆ, ਜਿਸ ਵਿੱਚ ਹਰ ਪਦੇ ਨੂੰ ਤਰਤੀਬ ਅਨੁਸਾਰ ਫਿਰ ਹਰ ਰਿਚਾ ਨੂੰ ਅਨੁਵਾਦੀ ਪ੍ਰਕਿਰਿਆ ਅਨੁਸਾਰ ਮੁੜ ਤੋਂ ਸਿਰਜਿਆ ਅਤੇ ਅੰਤ ਵਿੱਚ ਰਿਚਾ ਨੂੰ ਮਲਿਆਲਮ ਵਾਰਤਿਕ ਵਿੱਚ ਅਰਥਾਇਆ। ਉਸ ਪੁਸਤਕ ਨੂੰ ਉਸ ਸਮੇਂ ਦੇ ਕੇਂਦਰੀ ਸਰਕਾਰ ਦੇ ਵਿਦਿਆ ਮੰਤਰੀ ਸ੍ਰੀ ਨਰਸਿਮ੍ਹਾਂ ਰਾਓ ਨੇ, ਨਵੀਂ ਦਿੱਲੀ ਵਿੱਚ ਰਲੀਜ਼ ਕੀਤਾ ਸੀ। ਉਸੇ ਪੁਸਤਕ ਦੀ ਦੂਜੀ ਐਡੀਸ਼ਨ ਨੂੰ ਹੁਣ ਥੀਰੂਵੰਥਾਪੁਰਮ ਵਿੱਚ ਜਾਰੀ ਕੀਤਾ ਗਿਆ ਹੈ।

ਯੂਰਪੀ ਵਿਦਵਾਨਾਂ, ਜਿਨ੍ਹਾਂ ਇਸ ਮਹਾਨ ਰਚਨਾ ਦਾ ਆਪਣੀਆਂ ਭਾਸ਼ਾਵਾਂ ਵਿੱਚ ਅਨੁਵਾਦ ਕੀਤਾ, ਲਈ ਰਿਗਵੇਦ ਇੱਕ ਸਾਹਿਤਕ ਰਚਨਾ ਸੀ, ਨਾ ਕਿ ਸਾਡੇ ਵਾਂਗੂੰ ਇੱਕ ਪਵਿੱਤਰ ਗ੍ਰੰਥ, ਜਿਸ ਦੀਆਂ ਰਿਚਾਂ ਵਿਸ਼ੇਸ਼ ਰਸਮਾਂ ਸਮੇਂ ਗਾਇਨ ਕਰਨ ਲਈ ਹਨ। ਇਸ ਪੁਸਤਕ ਦਾ ਮਲਿਆਲਮ ਵਾਰਤਿਕ ਦਾ ਅਨੁਵਾਦ-ਕਰਤਾ ਵੀ ਮੇਰੇ ਵਾਂਗੂੰ ਰਿਗਵੇਦ ਨੂੰ ਪਵਿੱਤਰ ਗ੍ਰੰਥ ਮੰਨ ਕੇ ਪੜ੍ਹਨ ਦੇ ਅਭਿਆਸ ਕਰਨ ਦਾ ਸ਼ਿਕਾਰ ਸੀ। ਪਰ ਉਸ ਨੇ ਸਮਝਿਆ ਕਿ ਇਸ ਦਾ ਅਧਿਅਨ ਕੇਵਲ ਨੰਬੂਦਰੀ ਲੜਕਿਆਂ ਤੱਕ ਸੀਮਤ ਰੱਖਣਾ ਗ਼ਲਤ ਹੈ। ਇਸਨੂੰ ਸਾਰੀਆਂ ਹਿੰਦੂ ਜਾਤੀਆਂ ਅਤੇ ਗੈਰ ਹਿੰਦੂ ਧਾਰਮਿਕ ਭਾਈਚਾਰਿਆਂ ਦੇ ਇਸਤਰੀ-ਮਰਦਾਂ ਲਈ ਵੀ ਉਪਲਬਧ ਹੋਣਾ ਚਾਹੀਦਾ ਹੈ।

ਇਹ ਦੂਜੀ ਐਡੀਸ਼ਨ ਵਾਲੀ ਪੁਸਤਕ, ਜਿਸਨੂੰ ਮੈਂ ਰਲੀਜ਼ ਕਰ ਰਿਹਾ ਹਾਂ, 5000 ਪਾਠਕਾਂ ਤੋਂ ਉੱਪਰ ਨੇ, ਪ੍ਰਕਾਸ਼ਕ ਵੱਲੋਂ ਰਿਆਇਤੀ ਮੁਲ ਉੱਪਰ ਦੇਣ ਦੀ ਪੇਸ਼ਕਸ਼ ਤੋਂ ਲਾਭ ਉਠਾਉਂਦਿਆਂ, ਪਹਿਲਾਂ ਹੀ ਖਰੀਦ ਲਈ ਹੈ। ਇਸ ਮਹਾਨ ਰਚਨਾ ਨੂੰ ਜਿਥੇ ਪਹਿਲਾਂ ਕੇਵਲ ਬ੍ਰਾਹਮਣਾਂ ਦੇ ਪੁਰਸ਼ਾਂ ਤੱਕ ਹੀ ਸੀਮਿਤ ਰੱਖਿਆ ਹੋਇਆ ਸੀ, ਇਹ ਸਮੁੱਚੇ ਭਾਈਚਾਰਿਆਂ ਦੇ ਇਸਤਰੀ-ਪੁਰਸ਼ਾਂ ਨੂੰ ਪ੍ਰਾਪਤ ਹੋ ਗਈ ਹੈ।

ਇਸ ਪੁਸਤਕ ਦਾ ਅਧਿਅਨ ਕਰਦਾ ਹੋਇਆ ਪਾਠਕ ਇਹ ਅਨੁਭਵ ਕਰਦਾ ਹੈ ਕਿ ਇਹ ਉਹਨਾਂ ਈਸਾ-ਪੂਰਵ ਦੇ ਭਾਈਚਾਰਿਆਂ ਦੇ ਸ਼ਰਧਾ ਭਰੇ ਗੀਤ ਹਨ, ਜੋ ਉੱਤਰ-ਪੱਛਮ ਦੇ ਪਾਸਿਉਂ ਭਾਰਤ ਵਿੱਚ ਪ੍ਰਵੇਸ਼ ਕੀਤੇ ਸਨ। ਓਹ ਅਗਨੀ, ਵਾਯੂ ਅਤੇ ਕੁਦਰਤ ਦੇ ਵਰਤਾਰਿਆਂ ਦੀ ਉਸਤਤ ਗਾਇਨ ਕਰਦੇ ਸਨ। ਜਿਨ੍ਹਾਂ ਨੂੰ ਉਹ ਦੇਵੀ ਦੇਵਤਿਆਂ ਵਜੋਂ ਮੰਨਦੇ ਸਨ। ਉਹ ਯੱਗ ਅਤੇ ਹੋਰਨਾਂ ਰਸਮਾਂ ਨੂੰ ਦੇਵੀ-ਦੇਵਤਿਆਂ ਦੇ ਸਤਿਕਾਰ ਵਿੱਚ ਕਰਦੇ ਸਨ। ਰਸਮਾਂ ਦੇ ਇੱਕ ਅੰਗ ਵਜੋਂ, ਉਹ ਸੋਮ ਰਸ ਦੀ ਸਰੂਰ ਦੇਣ ਵਾਲੀ ਮਦਰਾ ਦਾ ਸੇਵਨ ਕਰਦੇ ਸਨ। ਉਸ ਸਮੇਂ ਦੇ ਇਸਤਰੀ ਪੁਰਸ਼ਾਂ ਦਾ ਇਹ ਸਾਰਾ ਕਾਰ-ਵਿਹਾਰ, ਅਸਲ ਵਿੱਚ ਕੁਦਰਤ ਦੇ ਵਰਤਾਰਿਆਂ ਨੂੰ ਪਰਦਰਸ਼ਤ ਕਰਦਾ ਸੀ। ਇਸ ਤਰ੍ਹਾਂ ਇਹ (ਰਿਗਵੇਦ) ਮਨੁੱਖ ਵੱਲੋਂ ਕੁਦਰਤ ਵਿਚੋਂ ਪ੍ਰਾਪਤ ਕੀਤੇ ਗਿਆਨ ਦਾ ਇੱਕ ਖ਼ਜ਼ਾਨਾ ਹੈ।

ਜਿਵੇਂ-ਜਿਵੇਂ ਇਹ ਰਚਨਾ ਤੁਰਦੀ ਹੈ, ਸਮਾਜੀ ਕਿਰਤ ਅਤੇ ਉਪਜ ਦਾ ਜ਼ਿਕਰ ਆਉਂਦਾ ਹੈ। ਇਸ ਨਾਲ ਪਤਾ ਲੱਗਦਾ ਹੈ ਕਿਵੇਂ ਧਨ ਪਦਾਰਥ ਪੈਦਾ ਕੀਤਾ ਅਤੇ ਵਰਤਿਆ ਜਾਂਦਾ ਸੀ। ਇਹ ਪੁਸਤਕ ਮਨੁੱਖ ਅਤੇ ਕੁਦਰਤ ਵਿਚਕਾਰ ਸੰਬੰਧਾਂ ਨੂੰ ਸਮਝਣ ਦਾ ਭੰਡਾਰ ਹੈ, ਇਸ ਦਾ ਵਿਚਾਰ-ਦਰਸ਼ਨ ਅਤੇ ਧਾਰਮਿਕ ਕਰਮਕਾਂਡਾਂ ਨਾਲ ਦੂਰ ਦਾ ਵੀ ਸੰਬੰਧ ਨਹੀ ਹੈ। ਰਿਗਵੇਦ ਦੀ ਮਹਾਨਤਾ ਇਸ ਗੱਲ ਵਿੱਚ ਵੀ ਹੈ ਕਿ ਇਹ ਭਾਰਤ ਅਤੇ ਸੰਸਾਰ ਸਾਹਿਤ ਦਾ ਇੱਕ ਖ਼ਜ਼ਾਨਾ ਹੈ।

ਰਿਗਵੇਦ ਦੇ ਸੰਗ੍ਰਹਿਤ ਹੋਣ ਪਿਛੋਂ ਹੀ, ਦੂਜੇ ਵੇਦ, ਉਪਨਿਸ਼ਦਾਂ ਅਤੇ ਵਿਚਾਰ-ਦਰਸ਼ਨ ਦੀਆਂ ਰਚਨਾਵਾਂ ਲਿਖੀਆਂ ਗਈਆਂ। ਇਹ ਸਮੁੱਚੇ ਤੌਰ ਉੱਤੇ ਹੀ ਵੈਦਿਕ ਸੱਭਿਅਤਾ ਦੇ ਸੱਭਿਆਚਾਰ ਦੇ ਤੌਰ ਉੱਤੇ ਜਾਣੇ ਜਾਂਦੇ ਹਨ। ਹਿੰਦੂ-ਤੱਵਾ ਦੇ ਵਿਚਾਰਧਾਰਕ ਸਾਨੂੰ ਇਹ ਮੰਨਾਉਣਾ ਚਾਹੁੰਦੇ ਹਨ ਕਿ ਇਹ ਹਿੰਦੂ ਜਾਂ "ਭਾਰਤੀ" ਸੱਭਿਆਚਾਰ ਦਾ ਸਰੋਤ ਹਨ। ਵੈਦਿਕ ਸੱਭਿਆਚਾਰ ਦੀ ਇਸ ਕਾਲਪਨਿਕਤਾ ਨੂੰ ਭਾਰਤੀ ਅਤੇ ਬਦੇਸ਼ੀ ਭਾਸ਼ਾਵਾਂ ਵਿੱਚ ਹੋਏ ਅਨੁਵਾਦ ਭਲੀ-ਭਾਂਤ ਦਰਸਾਉਂਦੇ



ਹਨ। ਭਾਰਤੀ ਅਤੇ ਬਦੇਸ਼ੀ ਪਾਠਕ ਅੱਜ ਇਹ ਸਮਝਣ ਦੇ ਯੋਗ ਹੋਏ ਹਨ ਕਿ ਇਨ੍ਹਾਂ ਵੈਦਿਕ ਸੱਭਿਆਚਾਰ ਦੀਆਂ ਮਹਾਨ ਰਚਨਾਵਾਂ ਵਿੱਚ ਕੀ ਹੈ।

ਵੈਦਿਕ ਸੱਭਿਆਚਾਰ ਦੇ ਦਿਨਾਂ ਵਿੱਚ ਸਮਾਜ ਕਿਸ ਤਰ੍ਹਾਂ ਦਾ ਸੀ? ਮੁੱਖ ਗੱਲ ਇਹ ਹੈ ਕਿ ਪੂਰਵ-ਵੈਦਿਕ ਕਾਲ ਵਾਂਗੂੰ ਹੀ ਵੈਦਿਕ ਸੱਭਿਆਚਾਰ ਵੀ, ਭਾਰਤੀ ਸਮਾਜ ਦੇ ਵਿਕਾਸ ਦੀ ਨਿਰੰਤਰਤਾ ਦਾ ਇੱਕ ਪੜਾ ਹੈ ਤੇ ਇਹ ਵਿਕਾਸ ਹਾਲੇ ਵੀ ਜਾਰੀ ਹੈ। ਵੈਦਿਕ ਸੱਭਿਆਚਾਰ ਤੋਂ ਪਹਿਲਾਂ ਇਥੇ ਸਿੰਧੂਵਾਦੀ ਦੇ ਸਮਾਜ ਦਾ ਸੱਭਿਆਚਾਰ ਸੀ। ਇਹ ਆਪਣੇ ਸਮੇਂ ਅਨੇਕਾਂ ਤਬਦੀਲੀਆਂ ਵਿਚੋਂ ਲੰਘਿਆ, ਜਿਵੇਂ ਕਿ ਇਸ ਮਹਾਨ ਵੈਦਿਕ ਸੱਭਿਆਚਾਰ ਦੀਆਂ ਰਚਨਾਵਾਂ ਦੀ ਵਿਭਿੰਨਤਾ ਵਿਚੋਂ ਦੇਖਿਆ ਜਾ ਸਕਦਾ ਹੈ। ਰਿਗਵੇਦ ਪਿਛੋਂ ਦੂਸਰੇ ਵੇਦਾਂ, ਫਿਰ ਉਪਨਿਸ਼ਦਾਂ ਨੂੰ, ਜੋ ਵਿਦਵਾਨਾਂ ਦੀਆਂ ਵਿਆਖਿਆਵਾਂ ਉੱਪਰ ਨਿਰਭਰ ਕਰਦੀਆਂ ਹਨ, ਕੁਲ ਮਿਲਾ ਕੇ ਵੈਦਿਕ-ਗਿਆਨ ਕਿਹਾ ਜਾਂਦਾ ਹੈ।

ਜਿਹੜੇ ਸਮਾਜ ਨੇ ਇਸ ਸੱਭਿਆਚਾਰ ਨੂੰ ਜਨਮ ਦਿੱਤਾ, ਉਹ ਕਬੀਲਿਆਂ ਤੋਂ ਜਾਤੀਵਾਦੀ ਸਮਾਜ ਵਿੱਚ ਵਿਕਸਤ ਹੋ ਰਿਹਾ ਸੀ, ਜਿਸ ਦੇ ਆਪਣੇ ਅੰਦਰ ਹੀ ਲੋਕਾਇਤਾ, ਸਮੀਖਿਆ ਅਤੇ ਹੋਰ ਪਦਾਰਥਵਾਦੀ ਦਾਰਸ਼ਨਿਕ ਵਿਰੋਧੀ ਸਨ। ਇਸ ਦੇ ਨਾਲ ਹੀ ਬੋਧੀ ਅਤੇ ਜੈਨੀ ਸਮਾਜਿਕ ਲਹਿਰਾਂ ਸਨ, ਜਿਨ੍ਹਾਂ ਨੇ ਬ੍ਰਾਹਮਣੀ ਦਾਬੇ ਦੇ ਜਾਤੀਵਾਦੀ ਸਮਾਜ ਵਿਰੁੱਧ ਵਿਦਰੋਹ ਸੰਗਠਿਤ ਕੀਤਾ ਹੋਇਆ ਸੀ।

ਇਹਨਾਂ ਵਿਰੋਧੀਆਂ ਦਾ ਬ੍ਰਾਹਮਣੀ-ਦਾਬੇ ਵਾਲੇ ਸਮਾਜ ਵਿੱਚ, ਉਹਨੀਂ ਦਿਨੀਂ ਜਨਤਾ ਦੇ ਮਨਾਂ ਉੱਪਰ ਮਹੱਤਵਪੂਰਨ ਪ੍ਰਭਾਵ ਸੀ। ਏਸੇ ਲਈ ਵਿਚਾਰਵਾਦੀ ਦਾਰਸ਼ਨਿਕਾਂ ਨੇ ਉਹਨਾਂ ਉੱਤੇ ਲੋਹੇ ਲਾਖੇ ਹੋ ਕੇ ਹਮਲੇ ਕੀਤੇ। ਉਹਨਾਂ ਵੈਦਿਕ ਸੱਭਿਆਚਾਰ ਦੇ ਨਾਂ ਉੱਪਰ ਲੜਦਿਆਂ, ਨਾਸਤਿਕ ਫਿਰਕਿਆਂ ਨੂੰ ਤਬਾਹ ਕਰ ਦਿੱਤਾ, ਜੋ ਵੇਦਾਂ ਦੀ ਪ੍ਰਮੁੱਖਤਾ ਨੂੰ ਮੰਨਣ ਤੋਂ ਇਨਕਾਰੀ ਸਨ। ਨਾਸਤਿਕਾਂ ਅਤੇ ਆਸਤਿਕਾਂ ਵਿਚਕਾਰ ਕਈ ਸਦੀਆਂ ਚੱਲੇ ਇਸ ਯੁੱਧ ਵਿੱਚ ਅੰਤ ਨੂੰ ਆਸਤਿਕਾਂ ਨੇ ਨਾਸਤਿਕਾਂ ਉੱਪਰ ਸਫਲਤਾ ਪ੍ਰਾਪਤ ਕਰ ਲਈ। ਵਿਰੋਧੀਆਂ ਉੱਪਰ ਹੋਈ ਇਹ ਜਿੱਤ, ਉਸ ਸਮੇਂ ਆਮ ਜਨਤਾ ਦੀ ਵੀ ਹਾਰ ਬਣ ਗਈ, ਜੋ ਵੇਦਾਂ ਦੀ ਪ੍ਰਭੂਸੱਤਾ ਮੰਨਣੋਂ ਇਨਕਾਰ ਕਰਦੇ ਸਨ।

ਉਸ ਸਮੇਂ ਹੀ, ਜਦੋਂ ਇਹ ਲੜਾਈਆਂ ਚੱਲ ਰਹੀਆਂ ਸਨ, ਹੋਰ ਸਮਾਜੀ ਸ਼ਕਤੀਆਂ, ਵੱਖਰੇ ਸਮਾਜੀ ਰੂਪ ਅਤੇ ਦਾਰਸ਼ਨਿਕ ਵਿਚਾਰਾਂ ਨੇ ਭਾਰਤ ਵਿੱਚ ਪ੍ਰਵੇਸ਼ ਕੀਤਾ। ਰਿਗਵੇਦ ਅਤੇ ਦੂਸਰੇ ਵੇਦਾਂ ਦੇ ਰਚਨਹਾਰਿਆਂ ਵਾਂਗੂੰ ਹੀ, ਪਿਛੋਂ ਆਏ ਇਨ੍ਹਾਂ ਸਮਾਜਕ ਪ੍ਰਬੰਧਾਂ ਤੇ ਦਾਰਸ਼ਨਿਕ ਵਿਚਾਰਾਂ ਦੇ ਪ੍ਰਚਾਰਕ ਵੀ ਬਾਹਰੋਂ ਆਏ ਸਨ, ਪ੍ਰੰਤੂ ਉਹ ਆਪ ਤੋਂ ਪਹਿਲਾਂ ਆਏ ਕਾਬਜ਼ਾਂ (ਵੈਦਿਕ ਦਾਰਸ਼ਨਿਕਾਂ) ਦੇ ਦੇਸ਼ ਵਿੱਚ ਹੀ ਰਚ ਮਿਚ ਗਏ।

ਇਹ ਲੋਕ ਗੈਰ-ਵੈਦਿਕ ਸਮਾਜਾਂ ਅਤੇ ਦਾਰਸ਼ਨਿਕਾਂ ਜਿਵੇਂ ਈਸਾਈ, ਮੁਸਲਮ, ਯਹੂਦੀ, ਪਾਰਸੀ ਅਤੇ ਹੋਰਨਾਂ ਦੇ ਪੈਰੋਕਾਰ ਸਨ। ਇਹਨਾਂ ਵਿੱਚ ਸਭ ਤੋਂ ਵੱਧ ਸਫਲ ਅਤੇ ਉੱਦਮੀ ਸਨ ਮੁਸਲਮਾਨ, ਜਿਨ੍ਹਾਂ ਕਈ ਸਦੀਆਂ ਉੱਤਰ-ਪੱਛਮੀ ਭਾਰਤ ਉੱਪਰ ਰਾਜ ਕੀਤਾ। ਦੇਸ਼ ਦੇ ਪਹਿਲੇ ਵਸਨੀਕਾਂ ਦੇ ਨਾਲ ਇਹਨਾਂ ਦੇ ਸੰਬੰਧ ਝਗੜੇ ਅਤੇ ਸਹਿਯੋਗ ਵਾਲੇ ਸਨ। ਕਈ ਸਦੀਆਂ ਦੇ ਇਹਨਾਂ ਝਗੜਿਆਂ ਦੇ ਹੁੰਦਿਆਂ ਵੀ ਇਹ ਗੁਆਂਢੀਆਂ ਤੇ ਮਿੱਤਰਾਂ ਵਾਂਗ ਰਹਿੰਦੇ ਰਹੇ ਸਨ।

ਇਹ ਵੈਦਿਕ, ਇਸਲਾਮੀ, ਈਸਾਈ, ਯਹੂਦੀ ਅਤੇ ਹੋਰ ਧਾਰਮਿਕ ਸਮੂਹ, ਆਪੋ-ਆਪਣੇ ਸੱਭਿਆਚਾਰਾਂ ਅਨੁਸਾਰ ਰਹਿੰਦਿਆਂ, ਆਪਸ ਵਿੱਚ ਘੁਲ-ਮਿਲਕੇ ਰਹੇ ਹਨ। ਇਨ੍ਹਾਂ ਵੱਖੋ-ਵੱਖਰੇ ਸਮਾਜੀ-ਸੱਭਿਆਚਾਰਿਕ ਸਮੂਹਾਂ ਨੇ, ਕਿਸੇ ਤਰ੍ਹਾਂ ਵੀ ਆਪਣੇ ਆਪ ਨੂੰ ਇਕ ਲੋਕ-ਇਕਾਈ ਵਜੋਂ ਨਹੀਂ ਸਮੋਇਆ ਸੀ। ਏਸੇ ਲਈ ਕਾਰਲ ਮਾਰਕਸ ਇਹ ਨੋਟ ਕਰਦੇ ਹਨ ਕਿ ਭਾਰਤੀ ਲੋਕਾਂ ਦੀ ਕੋਈ ਸਾਂਝੀ ਰਾਜਨੀਤਕ ਪਛਾਣ ਨਹੀਂ ਹੈ। ਇਨ੍ਹਾਂ ਆਪਣੇ ਆਪ ਨੂੰ ਹਿੰਦੂਆਂ, ਮੁਸਲਮਾਨਾਂ, ਇਸਾਈਆਂ ਅਤੇ ਹੋਰਨਾਂ ਧਾਰਮਿਕ ਸਮੂਹਾਂ, ਨਾਲ ਹੀ ਹਿੰਦੂ ਸਮਾਜ ਵਿੱਚ ਇਸ ਦੀਆਂ ਕਈ ਜਾਤੀਆਂ, ਸਮੇਤ ਕਈ ਨਸਲੀ ਕਬੀਲਿਆਂ ਅਤੇ ਗਰੁੱਪਾਂ ਵਿੱਚ ਵੰਡਿਆ ਹੋਇਆ ਹੈ। ਭਾਰਤੀ ਸਮਾਜ ਅਨੇਕਾਂ ਸਮਾਜਿਕ

ਸੱਭਿਆਚਾਰਕ ਸਮੂਹਾਂ ਦਾ ਮਿਲ ਗੋਭਾ ਜਿਹਾ ਹੈ, ਜਿਸ ਦੀ ਕੋਈ ਰਾਜਨੀਤਕ ਇਕਾਈ ਨਹੀਂ ਹੈ। ਭਾਰਤ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰੀ ਹੈ ਕਿ ਬਰਤਾਨਵੀ ਹਾਕਮਾਂ ਨੇ 18ਵੀਂ ਤੋਂ 20ਵੀਂ ਸਦੀ ਤੱਕ ਦੇਸ਼ ਦੀ ਰਾਜਨੀਤਕ ਏਕਤਾ ਦਾ ਇੱਕ ਮੁਹਾਂਦਰਾ ਸਿਰਜਿਆ।

ਅੰਗਰੇਜ਼ਾਂ ਦੀ ਲਿਆਂਦੀ ਇਸ ਰਾਜਨੀਤਕ ਏਕਤਾ ਨੂੰ, ਸੁਤੰਤਰਤਾ ਲਹਿਰ ਨੇ, ਆਧੁਨਿਕ ਰਾਜਨੀਤਿਕ ਏਕਤਾ ਵਿੱਚ ਤਬਦੀਲ ਕਰ ਦਿੱਤਾ। 1920 ਦੇ ਆਰੰਭ ਵਿੱਚ ਦੀ ਸੁਤੰਤਰਤਾ ਲਹਿਰ ਦੇ ਲਿਆਂਦੇ ਨਿਖਾਰ ਨੇ ਇੱਕ ਜੁਝਾਰੂ ਲੋਕ-ਲਹਿਰ ਉਸਾਰ ਕੇ, ਭਾਰਤੀ ਲੋਕਾਂ ਨਾਲ ਸੰਬੰਧਿਤ ਸਾਰੀਆਂ ਹਿੰਦੂ-ਜਾਤੀਆਂ, ਗੈਰ-ਹਿੰਦੂ ਧਾਰਮਿਕ ਸਮੂਹਾਂ, ਸਾਰੀਆਂ ਕੌਮੀ ਭਾਸ਼ਾਵਾਂ ਬੋਲਣ ਵਾਲਿਆਂ, ਭਿੰਨ-ਭਿੰਨ ਸਾਰੇ ਨਸਲੀ ਭਾਈਚਾਰਿਆਂ ਅਤੇ ਬਾਕੀ ਹੋਰਨਾਂ ਨੇ ਇੱਕ ਸਾਂਝੀ ਭਾਰਤੀ ਕੌਮ ਨੂੰ ਸਿਰਜਿਆ। ਇਸ ਤਰ੍ਹਾਂ ਆਧੁਨਿਕ ਰਾਸ਼ਟਰੀਅਤਾ ਭਾਰਤੀ ਲੋਕਾਂ ਦੀ ਕਾਬਜ਼ ਅੰਗਰੇਜ਼ਾਂ ਵਿਰੁੱਧ ਦ੍ਰਿੜ੍ਹਤਾ ਦੀ ਪੈਦਾਵਾਰ ਹੈ।

ਅੰਗਰੇਜ਼ਾਂ ਨੇ ਆਪਣੇ ਆਪ ਨੂੰ ਤਲਵਾਰ ਦੀ ਤਾਕਤ ਵਰਤਣ ਤੱਕ ਹੀ ਸੀਮਤ ਨਹੀਂ ਰੱਖਿਆ ਸੀ, ਉਹਨਾਂ ਭਾਰਤੀ ਲੋਕਾਂ ਵਿੱਚ ਦੀਆਂ ਜ਼ਾਤ, ਧਰਮ, ਸੱਭਿਆਚਾਰ, ਨਸਲੀ ਸਮੂਹਾਂ, ਭਾਸ਼ਾਵਾਂ ਅਤੇ ਹੋਰਨਾਂ ਵੰਡਾਂ ਨੂੰ ਚੁਸਤੀ ਨਾਲ ਵਰਤਕੇ, ਭਾਰਤੀ ਕੌਮ ਨੂੰ ਖੱਖੜੀ-ਖੱਖੜੀ ਕਰ ਦਿੱਤਾ। ਇਸ ਤਰ੍ਹਾਂ ਅੰਗਰੇਜ਼ਾਂ, ਜਿਨ੍ਹਾਂ ਤਲਵਾਰ ਨਾਲ ਭਾਰਤ ਦੀ ਰਾਜਨੀਤਕ ਏਕਤਾ ਕਾਇਮ ਕੀਤੀ ਸੀ, ਆਪਣੀ ਰਾਜਨੀਤਕ ਕੂਟਨੀਤੀ ਨੂੰ ਵਰਤਦਿਆਂ ਹੋਇਆਂ, ਇੱਕ ਅਜਿਹੀ ਜਥੇਬੰਦੀ ਪੈਦਾ ਕਰਨ ਵਿੱਚ ਕਾਮਯਾਬ ਹੋ ਗਏ, ਜਿਸ ਨੇ ਐਲਾਨ ਕਰ ਦਿੱਤਾ ਕਿ ਭਾਰਤ ਇੱਕ ਕੌਮ ਨਹੀਂ, ਸਗੋਂ ਹਿੰਦੂ ਅਤੇ ਮੁਸਲਮਾਨਾ ਤੇ ਆਧਾਰਤ ਦੋ ਕੌਮਾਂ ਦਾ ਬਣਿਆ ਹੋਇਆ ਹੈ। ਇਸ ਮੰਗ ਉੱਪਰ ਆਧਾਰਤ ਲਹਿਰ ਇਸ ਕਦਰ ਅਮੋੜ ਸੀ ਕਿ ਬਰਤਾਨੀਆ, ਜਿਸ ਨੇ ਪਹਿਲ ਪਿਰਥਮੇਂ ਭਾਰਤ ਦੀ ਰਾਜਨੀਤਕ ਏਕਤਾ ਨੂੰ ਲਿਆਂਦਾ ਸੀ, ਭਾਰਤ ਦੀ ਇਸਲਾਮੀ ਪਾਕਿਸਤਾਨ ਅਤੇ ਹਿੰਦੂ ਭਾਰਤੀ ਯੂਨੀਅਨ ਵਿੱਚ ਵੰਡਣ ਦਾ ਜ਼ਿੰਮੇਵਾਰ ਹੋ ਨਿਬੜਿਆ।

ਅੱਜ ਜਿਹੜੇ ਸਿਰਫ਼ ਵੈਦਿਕ ਸੱਭਿਆਚਾਰ ਨੂੰ ਹੀ ਭਾਰਤ ਦੇ ਅਸਲੀ ਸ਼ੁੱਧ ਸੱਭਿਆਚਾਰ ਹੋਣ ਦੀਆਂ ਟਾਹਰਾਂ ਮਾਰ ਰਹੇ ਹਨ, ਭਾਰਤ ਦੇ ਲੋਕਾਂ ਦੀ ਸੱਭਿਆਚਾਰਕ ਅਨੇਕਤਾ ਵਾਲੇ ਸਹਿਜ ਵਿਕਾਸ ਨੂੰ, ਸਮਾਜੀ, ਧਾਰਮਿਕ ਤੇ ਹੋਰਨਾਂ ਨਸਲੀ ਸਮੂਹਾਂ ਦੇ ਸਮੁੱਚੇ ਇਹਿਾਸ ਨੂੰ ਰੱਦ ਕਰ ਰਹੇ ਹਨ। ਕਲਾ ਅਤੇ ਰਾਜਨੀਤਕ ਵਿਗਿਆਨ, ਸਮਾਜਿਕ-ਧਾਰਮਿਕ, ਨਸਲੀ ਤੇ ਸੱਭਿਆਚਾਰਿਕ ਸਮੂਹਾਂ ਦੇ ਇਨ੍ਹਾਂ ਸੰਬੰਧਾਂ ਨੂੰ ਇਸ ਤਰ੍ਹਾਂ ਉਸਾਰ ਕੇ ਨਿਸ਼ਚਤ ਕਰਦੇ ਹਨ ਕਿ ਉਹ ਭਾਰਤੀ ਰਾਸ਼ਟਰੀਅਤਾ ਦੀ ਏਕਤਾ ਨੂੰ ਕਾਇਮ ਰੱਖਦੇ ਹੋਏ, ਇਸ ਦੀ ਅਨੇਕਤਾ ਨੂੰ ਵੀ ਆਂਚ ਨਹੀਂ ਆਉਣ ਦਿੰਦੇ। ਭਾਰਤ ਦਾ ਸਮੁੱਚਾ ਸੱਭਿਆਚਾਰ ਹੀ ਵੈਦਕ ਸੱਭਿਆਚਾਰ ਹੈ। ਇਸ ਤਰ੍ਹਾਂ ਹਿੰਦੂਤਵ ਵਾਦੀਆਂ ਦਾ ਸਿਧਾਂਤ ਇਸ ਭਾਰਤੀ ਰਾਸ਼ਟਰੀਅਤਾ ਤੋਂ ਮੁਨਕਰ ਹੋਣਾ ਹੈ।

**ਅਨੁਵਾਦ: ਸੂਫ਼ੀ ਅਮਰਜੀਤ**

**(ਫਰੰਟ ਲਾਈਨ, 9 ਫਰਵਰੀ 1996 ਵਿਚੋਂ ਧੰਨਵਾਦ ਸਹਿਤ)**

## ਲੋਕਪ੍ਰਿਯ ਸਾਹਿਤ ਤੇ ਕਲਾ

ਲੋਕਪ੍ਰਿਅ ਸਾਹਿਤ ਤੇ ਕਲਾ ਉਹ ਹੈ ਜੋ ਵਿਆਪਕ ਜਨਤਾ ਦੀ ਸਮਝ ਵਿੱਚ ਆਵੇ। ਜਿਸ ਵਿੱਚ ਜਨਤਾ ਦੇ ਪ੍ਰਗਟਾ-ਰੂਪਾਂ ਨੂੰ ਅਪਣਾਇਆ ਗਿਆ ਹੋਵੇ, ਤੇ ਉਨ੍ਹਾਂ ਨੂੰ ਅਮੀਰ ਬਣਾਇਆ ਗਿਆ ਹੋਵੇ। ਜਿਸ ਵਿੱਚ ਜਨਤਾ ਦੇ ਦ੍ਰਿਸ਼ਟੀਕੋਣ ਨੂੰ ਸਵੀਕਾਰ ਕੀਤਾ ਗਿਆ ਹੋਵੇ। ਉਸ ਦਾ ਸਮਰਥਨ ਕੀਤਾ ਗਿਆ ਹੋਵੇ। ਉਸਨੂੰ ਸਹੀ ਦਿਸ਼ਾ ਵਿੱਚ ਸੁਧਾਰ ਦਾ ਯਤਨ ਕੀਤਾ ਗਿਆ ਹੋਵੇ। ਪਰੰਪਰਾ ਨਾਲ ਜੁੜਿਆ ਹੋਵੇ ਤੇ ਵਿਕਾਸ ਦਾ ਪ੍ਰਯਤਨ ਹੋਵੇ। (ਬ੍ਰੈਖ਼ਤ)





## ਉੱਤਰ-ਆਧੁਨਿਕਤਾ ਦੇ ਅੰਤਰ-ਵਿਰੋਧ/ਰਾਜਾਰਾਮ ਭਾਦੂ

'ਉੱਤਰ-ਆਧੁਨਿਕਤਾ' ਨੂੰ ਲੈ ਕੇ ਭਾਰਤ ਅੰਦਰ, ਖਾਸ ਕਰਕੇ ਹਿੰਦੀ ਖੇਤਰ ਅੰਦਰ, ਬਹੁਤ ਭਰਮ ਤੇ ਖਿੱਚ ਹੈ। ਸਾਡੇ ਕੋਲ ਇਸ ਸੰਬੰਧੀ ਢੇਰ ਸਾਰੀਆਂ ਅੱਧੀਆਂ-ਅਧੂਰੀਆਂ ਸੂਚਨਾਵਾਂ ਹਨ। ਇਸੇ ਲਈ ਅਕਸਰ 'ਉੱਤਰ-ਆਧੁਨਿਕਤਾ' ਦੀ ਚਰਚਾ ਬਤੌਰ ਫੈਸ਼ਨ ਕੀਤੀ ਜਾਂਦੀ ਹੈ। ਉਸ ਸੰਬੰਧੀ ਕਿਸੇ ਗੰਭੀਰ ਚਿੰਤਨ ਤੇ ਚਿੰਤਾ ਦੀ ਲਗਭਗ ਅਣਹੋਂਦ ਹੈ। ਇਸ ਸੰਦਰਭ ਵਿੱਚ ਅਸੀਂ ਉਸ ਖ਼ਤਰਨਾਕ ਭਰਮ ਦਾ ਵਿਸ਼ਲੇਸ਼ਣ ਕਰਨਾ ਚਾਹੁੰਦੇ ਹਾਂ, ਜਿਹੜਾ ਇਹ ਸਮਝਦਾਰੀ ਪੇਸ਼ ਕਰਦਾ ਹੈ ਕਿ ਉੱਤਰ-ਆਧੁਨਿਕਤਾ ਇੱਕ ਖਾਸ ਤਰ੍ਹਾਂ ਦਾ ਅਨੋਖਾ ਵਿਚਾਰ ਹੈ।

ਅਸਲ ਵਿੱਚ ਉੱਤਰ-ਆਧੁਨਿਕਤਾ ਕੋਈ ਅਨੋਖਾ ਚਿੰਤਨ, ਪ੍ਰਣਾਲੀ ਜਾਂ ਵਿਚਾਰ ਨਹੀਂ ਹੈ, ਸਗੋਂ ਉੱਤਰ-ਸਨਅਤੀ ਉੱਚ-ਵਰਗਾਂ ਦੀਆਂ ਵਿਭਿੰਨ ਚਿੰਤਨ-ਪ੍ਰਣਾਲੀਆਂ ਦੇ ਸਮੁੱਚੇ ਦੌਰ ਦਾ ਨਾਂ ਹੈ। ਇਹ ਅੰਤਰਾਲ ਨੂੰ, ਉਸ ਅੰਦਰ ਆਏ ਤਮਾਮ ਪਰਿਵਰਤਨਕਾਰੀ ਕਾਰਕਾਂ ਦੇ ਸੰਦਰਭ ਨੂੰ ਠੀਕ ਤਰ੍ਹਾਂ ਸਮਝਣ ਲਈ ਪੇਸ਼ ਸੰਗਿਆ ਹੈ।

ਪਿਛਲੇ ਦਹਾਕਿਆਂ ਵਿੱਚ ਯੂਰਪ ਅੰਦਰ ਚਿੰਤਨ, ਸੰਸਕ੍ਰਿਤੀ ਤੇ ਸਿਰਜਣਾਤਮਕਤਾ ਦੇ ਖੇਤਰ ਅੰਦਰ ਢੇਰ ਸਾਰੀਆਂ ਪ੍ਰਵਿਰਤੀਆਂ ਉਭਰੀਆਂ ਹਨ। ਇਨ੍ਹਾਂ ਪ੍ਰਵਿਰਤੀਆਂ ਨੂੰ ਹੀ ਉੱਤਰ-ਆਧੁਨਿਕਤਾ ਦੇ ਨਾਂ ਨਾਲ ਪੇਸ਼ ਕੀਤਾ ਗਿਆ। ਸੋ ਉਤਰ-ਆਧੁਨਿਕਤਾ ਜੇ ਇੱਕ ਅਨੋਖੀ ਜੀਵਨ ਦ੍ਰਿਸ਼ਟੀ ਵੀ ਹੈ, ਤਾਂ ਇਨ੍ਹਾਂ ਅਰਥਾਂ 'ਚ ਕਿ ਇਸ ਵਿੱਚ ਉੱਤਰ-ਸਨਅਤੀ ਦੌਰ ਦੀਆਂ ਉਨਤ-ਸੱਭਿਆਤਾਵਾਂ ਦੀਆਂ ਪ੍ਰਮੁੱਖ ਵਿਸ਼ੇਸ਼ਤਾਈਆਂ-ਉੱਚ ਤਕਨੀਕ, ਸੰਸਾਰ ਮੰਡੀ, ਨਵ-ਬਸਤੀਵਾਦ ਤੇ ਆਰਥਿਕ ਉਦਾਰੀਕਰਨ ਤੇ ਸੰਸਾਰ ਪੱਧਰ ਤੇ ਸੱਭਿਆਚਾਰਾਂ ਦੇ ਦਵੰਦ ਤੇ ਸੰਕ੍ਰਮਣ, ਕੇਂਦਰੀ ਸਰਕਾਰਾਂ ਵੱਲੋਂ ਹਾਜ਼ਰ ਹਨ। ਉੱਤਰ-ਆਧੁਨਿਕਤਾ 'ਚ ਉਤਰ-ਸੰਰਚਨਾਵਾਦ ਅਤੇ ਉੱਤਰ ਜਾਂ ਨਵ-ਮਾਰਕਸਵਾਦ ਦੋਵੇਂ ਰਲਗੱਡ ਹਨ। ਇਸ ਵਿੱਚ ਉੱਤਰ-ਸੰਰਚਨਾਵਾਦ ਦੇ ਨਾਲ ਉਸ ਤੋਂ ਐਨ ਉਲਟੀ ਦਿਸ਼ਾ 'ਚ ਜਾਂਦਾ 'ਦੇਰੀਦਾ' ਦਾ ਬਹੁ-ਚਰਚਿਤ ਅਤੇ ਵਿਵਾਦੀ ਵਿਖੰਡਨਵਾਦ Deconstruction ਵੀ ਹੈ ਅਤੇ ਉੱਤਰ-ਮਾਰਕਸਵਾਦ ਵਿੱਚ ਮਾਰਕਸਵਾਦ ਦੇ ਪਰੰਪਰਾਗਤ ਰੂਪ ਤੋਂ ਨਿਖੇੜਾ ਕਰਨ ਵਾਲੀ ਤੇ ਉਸਨੂੰ ਵਿਕਸਿਤ ਕਰਨ ਵਾਲੀ, ਦੋਵੇਂ ਧਾਰਨਾਵਾਂ ਹਾਜ਼ਰ ਹਨ। ਇੱਥੇ ਉੱਤਰ-ਆਧੁਨਿਕਤਾ ਦੇ ਇਹਨਾਂ ਅੰਤਰ ਵਿਰੋਧਾਂ ਦੀ ਦਵੰਦਾਤਮਕਤਾ ਅਤੇ ਅੰਤਰ ਵਿਰੋਧਾਂ ਨੂੰ ਪੇਸ਼ ਕਰਨ ਦਾ ਹੀ ਯਤਨ ਕੀਤਾ ਜਾ ਰਿਹਾ ਹੈ।

ਉੱਤਰ-ਆਧੁਨਿਕਤਾ ਨੂੰ ਵੱਖ-ਵੱਖ ਰੂਪਾਂ ਵਿੱਚ ਪਰਿਭਾਸ਼ਿਤ ਕਰਨ ਦਾ ਯਤਨ ਕੀਤਾ ਗਿਆ ਹੈ। ਜੇ ਇੱਕ ਪਾਸੇ ਇਹ 'ਗਿਆਨ ਦੀ ਸਥਿਤੀ' ਦੇ ਬਦਲ ਜਾਣ ਦੀ ਪ੍ਰਵਾਨਗੀ ਹੈ, ਤਾਂ ਦੂਜੇ ਪਾਸੇ ਇਹ ਵੀ ਕਿਹਾ ਗਿਆ ਹੈ ਕਿ ਉਸਦੀ ਇੱਕ ਨਿਸ਼ਚਿਤ ਵਿਆਖਿਆ ਅਤੇ ਸੰਰਚਨਾਵਾਦੀ ਢੰਗ ਦਾ ਇਤਿਹਾਸਕ ਸੂਤਰੀਕਰਨ ਅਸੰਭਵ ਹੈ। ਗੱਲ ਕੀ, ਇਸਨੂੰ 'ਵਿਚਾਰਧਾਰਾਵਾਂ ਦੀ ਉਤਰ-ਆਧੁਨਿਕ ਰਣਭੂਮੀ' ਮੰਨਿਆ ਗਿਆ ਹੈ। 'ਮਿਸ਼ੈਲ ਫੂਕੋ' ਨੇ ਸਰਵਵਿਆਪਕਤਾ ਤੇ ਸਮੁੱਚਤਾ ਦਾ ਵਿਰੋਧ ਕੀਤਾ ਅਤੇ 'ਵਿਚਿਤਰਤਾ', 'ਫਰਕ', 'ਕ੍ਰਮਹੀਣਤਾ', 'ਇਤਿਹਾਸ ਦਾ ਅੰਤ' ਆਦਿ ਵਰਗੀਆਂ ਧਾਰਨਾਵਾਂ ਪਰੋਸੀਆਂ ਹਨ।

ਸਰਲੀਕ੍ਰਿਤ ਰੂਪ 'ਚ ਵੇਖੀਏ ਤਾਂ ਉਤਰ-ਆਧੁਨਿਕਤਾ ਦੇ ਚਿੰਤਨ ਅਤੇ ਸੰਸਕ੍ਰਿਤੀ ਦੇ ਖੇਤਰ ਵਿੱਚ ਦੋ ਰੂਪ ਹਨ-ਨਿਖੇਧ ਅਤੇ ਰਚਨਾਤਮਿਕਤਾ। ਮੈਕਸ ਥੇਬਰ ਨੇ ਉਤਰ-ਆਧੁਨਿਕ ਵਿਚਾਰਾਂ ਦੀ ਸਮੀਖਿਆ ਲਈ ਬੰਧਿਕਤਾ ਦੇ ਸਿਧਾਂਤ 'ਤੇ ਜ਼ੋਰ ਦਿੱਤਾ। ਦੂਜੇ ਪਾਸੇ ਅਨੇਕਾਂ ਸੰਰਚਨਾਵਾਦੀ ਵਿਚਾਰਕ ਇਸ ਸਾਰੇ ਉਪਕ੍ਰਮ ਨੂੰ 'ਭਾਸ਼ਾਵਾਂ ਦੀ ਖੇਡ' ਹੀ ਮੰਨਦੇ ਰਹੇ। ਉਹਨਾਂ ਅਨੁਸਾਰ ਸੱਭਿਅਤਾ ਤੇ ਉਸਦੀ ਗਹਿਰਾਈ ਨੂੰ ਮਾਪਦੀ ਭਾਸ਼ਾ, ਇਹ ਦੋਵੇਂ ਹੀ ਆਂਤਰਿਕ ਵੈਧਤਾ ਉੱਤੇ ਆਧਾਰਤ ਹਨ। ਗੱਲ ਕੀ, ਜਿੰਨੀਆਂ ਸੱਭਿਆਤਾਵਾਂ ਓਨੀਆਂ ਹੀ ਭਾਸ਼ਾਵਾਂ ਦੀ ਖੇਡ ਅਤੇ ਓਨੀ ਤਰ੍ਹਾਂ ਦੀਆਂ ਹੀ ਰਵਾਇਤਾਂ। ਹਰ ਰਵਾਇਤ ਦਾ ਆਪਣਾ 'ਸਵੈ' ਹੈ। ਪਰ ਇਸ ਦੀ ਪ੍ਰਤੀਕਿਰਿਆ ਵਜੋਂ ਹਾਜ਼ਰ ਹੈ, ਇਹ ਵਿਖੰਡਨਵਾਦੀ ਵਿਚਾਰ ਕਿ ਉਹ ਰਵਾਇਤ ਜ਼ਿੰਦਾ ਹੈ ਜਾਂ ਮੁਰਦਾ, ਉਹ ਰਵਾਇਤ ਹੈ ਜਾਂ ਰੂੜੀ ਕਿ ਮਿੱਥ।

ਉੱਤਰ-ਆਧੁਨਿਕਤਾ ਦੀਆਂ ਤਮਾਮ ਪ੍ਰਣਾਲੀਆਂ ਨੂੰ ਵੇਖਦਿਆਂ ਸ਼ਾਇਦ ਇਸ ਗੱਲ ਨਾਲ ਸਹਿਮਤੀ ਦਰਸਾਈ ਜਾ ਸਕੇ ਕਿ ਉੱਤਰ-ਆਧੁਨਿਕਤਾ, ਆਧੁਨਿਕਤਾ ਦੀਆਂ ਵਿਸੰਗਤੀਆਂ ਦਾ ਰੇਖਾਂਕਨ ਵੀ ਹੈ ਤੇ ਇੱਕ ਤਰ੍ਹਾਂ ਨਾਲ ਉਨ੍ਹਾਂ ਵਿਸੰਗਤੀਆਂ ਦਾ ਵਿਸਤਾਰ ਵੀ ਹੈ, ਪਰ (ਅਜੇ ਤੱਕ) ਇਹ ਕਿਸੇ ਤਰ੍ਹਾਂ ਦਾ ਹੱਲ ਨਹੀਂ ਹੈ। ਉੱਤਰ-ਆਧੁਨਿਕਤਾ ਨੇ ਕੇਂਦਰਹੀਨ ਸਥਿਤੀ ਉਤਪੰਨ ਕੀਤੀ ਹੈ। ਫਿਰ ਹੱਲ ਜੀਵਨ-ਸ਼ੈਲੀ ਅਤੇ ਵਿਚਾਰਾਂ ਦੀ ਅਰਾਜਕਤਾ ਵਿੱਚ ਨਹੀਂ ਹੈ।

ਸੱਭਿਅਤਾ ਦੇ ਖੇਤਰ ਵਿੱਚ ਟੈਲੀਵਿਜ਼ਨ ਸੱਭਿਅਤਾ ਦਾ ਵਿਸ਼ਵੀ-ਪ੍ਰਸਾਰ ਹੈ। ਉਸ ਦੇ ਸਮਾਨਅੰਤਰ 'ਲਿਸਨਰਜ਼ ਰਿਸਰਚ' ਅਤੇ ਸੱਭਿਅਤਾ ਦਾ ਵਪਾਰੀਕਰਨ ਚਲਦਾ ਹੈ। ਬਹੁਤ ਸਾਰੇ ਲੋਕ ਉੱਤਰ-ਆਧੁਨਿਕਤਾ ਦੀ 'ਬਹੁਲਤਾਵਾਦੀ ਦ੍ਰਿਸ਼ਟੀ' ਦੇ ਕਾਇਲ ਹਨ। ਅਜਿਹੇ ਲੋਕ ਵੀ ਹਨ, ਜਿਨ੍ਹਾਂ ਲਈ ਉੱਤਰ ਆਧੁਨਿਕਤਾ, ਆਧੁਨਿਕਤਾ ਦਾ ਵਿਸਤਾਰ ਵੀ ਹੈ ਤੇ ਅੰਤਿਮ ਬਿੰਦੂ ਵੀ। ਇਸਨੂੰ ਅੰਤਿਮ ਬਿੰਦੂ ਮੰਨਣ ਉੱਤੇ ਸਖ਼ਤ ਇਤਰਾਜ਼ ਕਰਨ ਵਾਲੇ ਕਹਿੰਦੇ ਹਨ ਕਿ ਅਣਹੋਂਦ ਦੀ ਹੋਂਦ ਹੈ-ਆਉਣ ਵਾਲੇ ਭਵਿੱਖ ਦੀ ਕਨਸੇਅ-ਵਿਕੇਂਦਰਤ ਹੁੰਦਾ ਹੋਇਆ ਇਹ ਇੱਕੋ ਵੇਲੇ 'ਭੂ-ਮੰਡਲੀ' ਅਤੇ 'ਸਥਾਨਕ' ਹੈ।

ਉਤਰ-ਆਧੁਨਿਕਤਾ ਨੂੰ ਠੰਡੇ ਨਜ਼ਰੀਏ ਨਾਲ ਵੇਖਣ ਵਾਲੇ ਰੈਡੀਕਲ ਵਿਦਵਾਨ ਇਸ ਉੱਤੇ 'ਅਤੀਤ ਮੁਖੀ' ਹੋਣ ਦਾ ਦੋਸ਼ ਲਗਾਉਂਦੇ ਹਨ। ਉੱਤਰ-ਆਧੁਨਿਕਤਾ ਦੇ ਪੱਖ ਵਿੱਚ ਸਫ਼ਾਈ ਦਿੱਤੀ ਜਾਂਦੀ ਹੈ ਕਿ ਇਹ ਅਤੀਤ ਦਾ ਪੁਨਰ ਉਤਪਾਦਨ ਕਰਦੀ ਹੈ, ਪਰ ਉਸਦੀ ਭਿਆਨਕਤਾ ਤੇ ਮਹਾਂ ਬ੍ਰਿਤਾਂਤਕਤਾ ਨੂੰ ਨਸ਼ਟ ਕਰਦਿਆਂ ਹੋਇਆ 'ਭਾਸ਼ਾਵਾਂ ਦੀ ਖੇਡ' ਉੱਤੇ ਤਿੱਖਾ ਵਾਰ ਹੈ ਕਿ ਇਹ ਰਚਨਾ ਨੂੰ ਵਿਗਿਆਪਨ ਬਣਾਉਂਦੀ ਹੈ ਅਤੇ ਸਮੀਖਿਆ ਨੂੰ ਪ੍ਰਯੋਜਨ ਬਣਾ ਧਰਦੀ ਹੈ, ਜਦ ਕਿ ਵਿਖੰਡਨ ਦੀ ਖ਼ੂਬੀ ਇਹ ਕਹੀ ਜਾਂਦੀ ਹੈ ਕਿ ਇਸ ਵਿੱਚ ਸੰਰਚਨਾਵਾਂ ਖੁੱਲ੍ਹ ਜਾਂਦੀਆਂ ਹਨ। ਸ਼ਬਦਾਰਥ ਦੇ ਅਨੇਕ ਕਾਂਡ ਪੈਦਾ ਹੁੰਦੇ ਹਨ।

ਇਹ ਤਾਂ ਤੈਅ ਹੈ ਕਿ ਹੁਣ ਤੱਕ ਸਾਡੀ 'ਪ੍ਰਾਪਤੀ' ਦਾ ਕੇਂਦਰ ਯੂਰਪ ਸੀ, ਹੁਣ ਸਮੁੱਚਾ ਭੂ-ਮੰਡਲ ਹੈ, ਜਿਸ ਵਿੱਚ ਅਸੀਂ ਵੀ ਸ਼ਾਮਲ ਹਾਂ। ਇਸਨੂੰ ਉਤਰ-ਆਧੁਨਿਕਤਾ ਦਾ ਤਾਜ਼ਾ ਦ੍ਰਿਸ਼ ਕਿਹਾ ਜਾ ਸਕਦਾ ਹੈ। ਪਰ ਸਮੱਸਿਆ 'ਪੱਛਮੀ ਸੱਭਿਅਤਾ ਦੀ ਸਰਦਾਰੀ' ਦੀ ਹੈ, ਜਿਹੜੀ ਨਵਬਸਤੀਵਾਦ ਦੇ ਅਨੁਕਰਨ ਤੋਂ ਸਿਵਾ ਹੋਰ ਕੁਝ ਨਹੀਂ ਹੈ। ਇਹਜਾਜ਼ ਅਹਿਮਦ ਇਸ ਸਥਿਤੀ ਦਾ ਤਿੱਖਾ ਪ੍ਰਤੀਰੋਧ ਕਰਦੇ ਆ ਰਹੇ ਹਨ। ਉਹਨਾਂ ਦਾ ਕਹਿਣਾ ਹੈ ਕਿ ਤੀਜੇ ਸੰਸਾਰ ਦੀ ਤਰ੍ਹਾਂ ਕਥਿੱਤ ਪੱਛਮ ਵੀ ਇੱਕ ਬਹੁਤ ਹੀ ਨਿਮਾਣੀ ਸ਼ੈਅ ਹੈ। ਸਾਨੂੰ ਸੌਂਦਰਯਪਰਕ ਉਤਰ-ਆਧੁਨਿਕਤਾ ਨਾਲ ਵਿਸ਼ਵੀਕਰਨ ਦੇ ਦੌਰ ਦੌਰਾਨ ਉਤਰ-ਅਮਰੀਕੀ ਪ੍ਰਣਾਲੀ ਵਜੋਂ ਵਿਵਹਾਰ ਕਰਨਾ ਚਾਹੀਦਾ ਹੈ। ਇਹਜਾਜ਼ ਅਹਿਮਦ ਗੇਟੇ ਅਤੇ ਮਾਰਕਸ ਵਰਗੇ ਮਹਾਨ ਚਿੰਤਕਾਂ ਦੀਆਂ ਕਿਰਤਾਂ ਦੇ ਵਿਸ਼ਵੀਕਰਨ ਨੂੰ ਜ਼ਰੂਰੀ ਸਮਝਦੇ ਹਨ। ਉਹਨਾਂ ਨੂੰ ਸ਼ਾਇਦ ਵਿਰਗੇਂਸਟੀਨ ਵਰਗੇ ਵਿਚਾਰਕਾਂ ਦੇ ਪ੍ਰਸਾਰ 'ਤੇ ਵੀ ਇਤਰਾਜ਼ ਨਾ ਹੋਵੇ, ਜਿਹੜਾ "ਭਾਸ਼ਾ ਦੇ ਮਾਧਿਅਮ ਸਦਕਾ ਬੌਧਿਕ ਮਾਇਆਵਾਦ ਦੇ ਵਿਰੁੱਧ ਲੜਾਈ" ਵਿੱਚ ਸ਼ਾਮਲ ਹਨ ਅਤੇ ਜਿਸਨੂੰ ਆਕਟੋਵਿਓ ਪਾਜ਼ ਨੇ ਰੇਖਾਂਕਿਤ ਕੀਤਾ ਹੈ। ਇਹਜਾਜ਼ ਅਹਿਮਦ ਵਿਸ਼ਵੀਕਰਨ ਤੋਂ ਸਹਿਮੇ ਹੋਏ ਵੀ ਨਹੀਂ ਹਨ, ਕਿਉਂਕਿ ਉਹਨਾਂ ਨੂੰ ਭਰੋਸਾ ਹੈ ਕਿ ਮਨੁੱਖ ਇਸ ਸੱਭਿਅਤਾ ਦੀ ਬਰਬਰਤਾ ਪ੍ਰਤੀ ਹੋਸ਼ ਵਿੱਚ ਆਉਣ ਬਾਅਦ ਇੱਕ ਬਹੁਤ ਬਿਹਤਰ ਸਥਿਤੀ ਦਾ ਨਿਰਮਾਣ ਕਰਨ ਦੇ ਸਮਰੱਥ ਹੈ। ਪਰ ਨਾਲ-ਨਾਲ ਹੀ ਉਹ 'ਰਾਸ਼ਟਰੀਅਤਾ' ਉੱਤੇ ਵੀ ਓਨਾ ਹੀ ਜ਼ੋਰ ਦਿੰਦੇ ਹਨ। ਇਜਾਜ਼ ਅਹਿਮਦ ਅਨੁਸਾਰ, "ਤੁਸੀਂ ਇਸ ਤੋਂ ਪਾਸਾ ਵੱਟ ਕੇ ਨਹੀਂ ਨਿਕਲ ਸਕਦੇ। ਤੁਹਾਨੂੰ ਇਸ ਰਸਤਿਓਂ ਗੁਜ਼ਰਨਾ ਹੀ ਪਵੇਗਾ। ਇਧਰੋਂ ਗੁਜ਼ਰਕੇ ਹੀ ਆਪਣਾ ਰਸਤਾ ਬਣਾਉਣਾ ਪਵੇਗਾ।"

ਕੌਮਾਂਤਰੀ ਤੇ ਕੌਮੀ ਸਥਿਤੀ ਦੇ ਦਵੰਦ ਦੀ ਅਸਪੱਸ਼ਟਤਾ ਨੂੰ ਅਸੀਂ ਇਜਾਜ਼ ਅਹਿਮਦ ਦੇ ਹਵਾਲੇ ਨਾਲ ਸਾਫ਼ ਕਰਨ ਦਾ ਯਤਨ ਕੀਤਾ ਹੈ। ਇੱਕ ਹੋਰ ਗੰਭੀਰ ਭਰਮ ਇਸ ਗੱਲ ਨੂੰ ਲੈ ਕੇ ਹੈ ਕਿ ਉੱਤਰ-ਆਧੁਨਿਕਤਾ ਇੱਕ ਵਿਚਾਰਕ ਸੰਘਰਸ਼ ਹੈ ਜਾਂ 'ਵਿਮਰਸ਼'। ਉਤਰ-ਆਧੁਨਿਕਤਾ ਨੂੰ ਸਹਿਜੇ ਹੀ 'ਵਿਮਰਸ਼' (ਸੁਝਾਅ) ਮੰਨਣ ਵਾਲਿਆਂ ਦੀ ਢੇਰ ਸਾਰੀ ਸੰਖਿਆ ਸਾਡੇ ਕੋਲ ਹੈ। ਇਕ ਅਜਿਹੇ ਲੋਕ ਹਨ, ਜਿਹੜੇ ਜਾਂ ਤਾਂ ਵਿਚਾਰਕ ਸੰਘਰਸ਼ ਤੋਂ ਕੰਨੀ ਕਤਰਾਉਂਦੇ ਹਨ ਜਾਂ ਫਿਰ ਇਸ ਤੋਂ ਤੰਗ ਆ ਚੁੱਕੇ



ਹਨ। ਉਹ ਇਸਨੂੰ ਅਜਿਹੇ ਵਿਮਰਸ਼ ਵਜੋਂ ਲੈਂਦੇ ਹਨ, ਜਿਹੜਾ 'ਦਵੰਦਰਹਿਤ ਤੇ ਦੋਸਤਾਨਾ ਸੰਵਾਦ' ਹੈ, ਜਿਸ ਵਿਚੋਂ 'ਬਹੁਤ ਕੁਝ' ਵਿਕਸਤ ਹੋ ਸਕਦਾ ਹੈ। ਇਸੇ ਲਈ ਉਹਨਾਂ ਨੂੰ ਉੱਤਰ ਆਧੁਨਿਕਤਾ ਤੇ ਵਿਮਰਸ਼ ਬਹੁਤ ਆਕਰਸ਼ਤ ਕਰਦੇ ਹਨ। ਪਰ ਕੀ ਉਤਰ-ਆਧੁਨਿਕਤਾ ਸੱਚਮੁੱਚ ਹੀ ਇੱਕ ਵਿਚਾਰਕ ਸੰਘਰਸ਼ ਨਾ ਹੋ ਕੇ ਮਹਿਜ਼ ਵਿਮਰਸ਼ ਹੀ ਹੈ? ਇਸੇ ਤਰ੍ਹਾਂ ਇੱਕ ਪ੍ਰਸ਼ਨ ਇਹ ਹੈ ਕਿ ਉੱਤਰ-ਆਧੁਨਿਕਤਾ ਇੱਕ 'ਸੰਦਰਭ' ਹੈ ਜਾਂ 'ਇੱਕ ਸਥਿਰ ਦ੍ਰਿਸ਼'? ਇਸ ਬਾਰੇ ਇਹੀ ਕਹਿਣਾ ਕਾਫੀ ਹੋਵੇਗਾ ਕਿ ਜਿਉਂ-ਜਿਉਂ ਦ੍ਰਿਸ਼ ਦੀ ਧੁੰਦ ਉਠਦੀ ਜਾ ਰਹੀ ਹੈ, ਇਹ ਸਮਝ ਮਜ਼ਬੂਤ ਹੁੰਦੀ ਜਾ ਰਹੀ ਹੈ ਕਿ ਉਤਰ-ਆਧੁਨਿਕਤਾ ਇਕੋ ਵੇਲੇ ਸੰਦਰਭ ਤੇ ਦ੍ਰਿਸ਼ ਵੀ ਹੈ, ਖਾਸ ਕਰਕੇ ਚਿੰਤਨ ਦਾ ਸੰਦਰਭ ਅਤੇ ਸੱਭਿਅਤਾ ਦਾ ਦ੍ਰਿਸ਼ ਹੈ, ਜੋ ਨਿਰੰਤਰ ਗਤੀਸ਼ੀਲ ਅਵਸਥਾ 'ਚ ਹੈ।

ਉੱਤਰ-ਆਧੁਨਿਕਤਾਵਾਦੀ ਚਿੰਤਨ ਦਾ ਵਿਗਿਆਨ ਅਤੇ ਵਿਕਾਸ ਦੀਆਂ ਆਧੁਨਿਕ ਧਾਰਨਾਵਾਂ ਨਾਲ ਪਰਸਪਰਿਕ ਤਾਲਮੇਲ ਨਹੀਂ ਹੈ। ਵਿਗਿਆਨ ਦੇ ਦਾਰਸ਼ਨਿਕ ਸਾਹਿਤ ਵਿੱਚ ਇਸਨੂੰ 'ਇਨਕਮੇਂਸੁਰੇਬਿਲਿਟੀ ਆਫ਼ ਥਿਊਰੀਜ਼' ਕਹਿੰਦੇ ਹਨ। 'ਲਿਓਤਾਰਦ' ਦਾ ਮੱਤ ਹੈ ਕਿ ਹੁਣ ਵਿਗਿਆਨ ਦਾ ਟੀਚਾ ਸ਼ਕਤੀ ਜੋੜਨਾ ਹੈ ਅਤੇ ਇਹ ਸੰਗ੍ਰਹਿ ਵਿਵਹਾਰਕ ਪ੍ਰਤੀਕਿਰਿਆਵਾਂ ਦੀ ਕੁਸ਼ਲਤਾ ਉੱਤੇ ਆਧਾਰਤ ਹੈ ਅਤੇ ਇਸਨੂੰ ਪੂੰਜੀਵਾਦ ਨਵੀਨਤਮ ਸਥਿਤੀ ਗਤੀ ਪ੍ਰਦਾਨ ਕਰ ਰਹੀ ਹੈ। ਇਸ ਤਰ੍ਹਾਂ ਉੱਤਰ-ਆਧੁਨਿਕਤਾ ਨੇ ਆਰਥਕ ਵਾਧੇ ਅਤੇ ਵਿਕਾਸ ਦੇ ਭੇਦ ਨੂੰ ਸਪੱਸ਼ਟ ਕੀਤਾ ਹੈ। ਵਿਕਾਸ ਦੀ ਧਾਰਨਾ ਵਿਕਸਤ ਅਤੇ ਵਿਕਾਸਸ਼ੀਲ ਦੇਸ਼ਾਂ ਲਈ ਐਨ ਉਲਟ ਹੈ। ਆਰਥਿਕ ਸਪੰਨਤਾ 'ਚ ਬੇ-ਰੋਕ ਵਾਧਾ ਮਨੁੱਖੀ ਵਿਕਾਸ ਦਾ ਸੰਗੀ ਨਹੀਂ ਹੈ-ਇਹ ਗੱਲ ਪਹਿਲਾਂ ਨਾਲੋਂ ਵਧੇਰੇ ਸਾਫ਼ ਹੋਈ ਹੈ। ਸ਼ਾਇਦ ਇਸੇ ਲਈ ਲਗਭਗ ਦੋ ਦਹਾਕੇ ਪਹਿਲਾਂ ਲਿਖੀ ਸ਼ੂਮਾਖਰ ਦੀ ਪੁਸਤਕ 'ਸਮਾਲ ਇਜ਼ ਬਿਊਟੀਫੁੱਲ' ਇਕਦਮ ਮਹੱਤਵਪੂਰਨ ਹੋ ਗਈ ਹੈ। ਈ.ਜੇ. ਮਿਸ਼ਾਲ ਦੀ ਪੁਸਤਕ 'ਦਿ ਕੌਸਟ ਆਫ਼ ਗ੍ਰੋਥ', ਹੇਜ਼ਲ ਦੀ ਪੁਸਤਕ 'ਦਿ ਐਂਡ ਆਫ਼ ਇਕਨਾਮਿਕਸ', ਜੈਕਸਨ ਦੀ 'ਗ੍ਰੀਨ ਰਿਵੋਲਿਊਸ਼ਨ' ਅਤੇ ਕਲਬ ਆਫ਼ ਰੋਮ ਦੀ ਰਿਪੋਰਟ 'ਦਿ ਗਲੋਬਲ ਰਿਵੋਲਿਊਸ਼ਨ' ਇਸ ਬਦਲਦੇ ਹੋਏ ਵਿਚਾਰਕ-ਸੀਨ ਦੇ ਅਹਿਮ ਪ੍ਰਤੀਕ ਹਨ।

ਹੁਣ ਅਸੀਂ ਇੱਕ ਹੋਰ ਵਿਵਾਦਗ੍ਰਸਤ ਵਿਸ਼ੇ ਵੱਲ ਆਉਂਦੇ ਹਾਂ ਭਾਵ ਉੱਤਰ-ਆਧੁਨਿਕਤਾ ਤੇ ਮਾਰਕਸਵਾਦ। ਪੂਰਬੀ ਯੂਰਪ ਅਤੇ ਸੋਵੀਅਤ ਸੰਘ ਦੀਆਂ ਸਮਾਜਵਾਦੀ ਵਿਵਸਥਾਵਾਂ ਦੇ ਪਤਨ ਤੋਂ ਬਾਅਦ ਮਾਰਕਸਵਾਦ ਨੂੰ ਲੈ ਕੇ ਜੜ੍ਹਤਾ ਤੇ ਸ਼ੰਕੇ ਦੀ ਸਥਿਤੀ ਨਿਰੰਤਰ ਵਿਆਪਕ ਪੱਧਰ 'ਤੇ ਅਤੇ ਤੇਜ਼ੀ ਨਾਲ ਭੰਗ ਹੁੰਦੀ ਗਈ ਹੈ। ਇੱਥੇ 'ਜਾੱਕ ਦੇਰੀਦਾ' ਦੇ ਮਾਰਕਸਵਾਦ ਉਪਰ ਦਿੱਤੇ ਉਸ ਪ੍ਰਸਿੱਧ ਵਿਖਿਆਨ ਦਾ ਜ਼ਿਆਦਾ ਜ਼ਿਕਰ ਨਹੀਂ ਕਰਨਾ ਚਾਹਾਂਗੇ, ਜਿਸ ਵਿੱਚ ਉਹਨਾਂ ਨੇ ਫ਼ੁਕੋਯਾਮਾ ਦੇ 'ਵਿਸ਼ਵੀਕਰਨ' ਦੇ 'ਸੁਸਮਾਚਾਰ' ਦਾ ਖੰਡਨ ਕਰਦਿਆਂ ਹੋਇਆਂ ਇੱਕ ਨਵੀਂ ਇੰਟਰਨੈਸ਼ਨਲ ਦਾ ਸੱਦਾ (ਨਿਊ ਲੈਫਟਰੀ ਵਿਊ, ਨੰ: 205) ਦਿੱਤਾ ਸੀ। ਇਸਦੀ ਕਾਫੀ ਚਰਚਾ ਹੋ ਚੁੱਕੀ ਹੈ। ਅਸੀਂ ਇਜਾਜ਼ ਅਹਿਮਦ ਦੇ ਇਸ ਭਾਸ਼ਣ ਦਾ ਜ਼ਿਕਰ ਵੀ ਨਹੀਂ ਕਰਾਂਗੇ, ਜਿਸ ਵਿੱਚ ਉਹਨਾਂ ਨੇ ਕੌਮਾਂਤਰੀ ਮੰਚ 'ਤੇ ਦੇਰੀਦਾ ਦੀ ਮਾਰਕਸਵਾਦੀ ਵਿਆਖਿਆ (ਵਿਖੰਡਨਵਾਦੀ ਸ਼ੈਲੀ) ਦੀ ਆਲੋਚਨਾ ਕੀਤੀ ਸੀ। ਇਸ ਤੋਂ ਪਹਿਲਾਂ ਅਨਸਰਟ ਬੇਹਲਰ ਦੀ ਧਾਰਨਾ ਕਿ ਤਮਾਮ ਵਿਚਾਰ-ਪ੍ਰਣਾਲੀਆਂ ਵਿਅਰਥ ਹਨ, ਨੂੰ ਨਕਾਰਦੇ ਹੋਏ ਲਿਓਤਾਰ ਤੋਂ ਇਲਾਵਾ ਜਾੱਨ ਰੱਡੇਲ ਅਤੇ ਹੈਬਰਮਾਸ ਅਜਿਹੇ ਮਾਰਕਸਵਾਦੀ ਚਿੰਤਕ ਹਨ, ਜਿਨ੍ਹਾਂ ਨੇ ਉਤਰ-ਆਧੁਨਿਕਤਾ ਦੇ ਹਨੇਰੇ ਪੱਖ ਨੂੰ ਸਾਹਮਣੇ ਰੱਖਿਆ ਹੈ। ਜਾੱਨ ਰੱਡੇਨ ਦੀ ਪੁਸਤਕ 'ਮਾਰਕਸ ਐਂਡ ਦਾ ਪੋਸਟਮਾਡਰਨ ਇਮੇਜ ਆਫ਼ ਸੁਸਾਇਟੀ' ਵਿੱਚ ਇਸ ਦਾ ਵਿਸਥਾਰਤ ਵਿਸ਼ਲੇਸ਼ਣ ਪੇਸ਼ ਹੈ।

ਜੇਮਸਨ ਇੱਕ ਮਾਰਕਸਵਾਦੀ ਚਿੰਤਕ ਹੈ। ਇੱਥੇ ਅਸੀਂ ਉਤਰ-ਆਧੁਨਿਕਤਾ ਦੇ ਦੌਰ ਦੇ ਉਸ ਦੇ ਸ਼ੁਰੂਆਤੀ ਚਿੰਤਨ ਦੀਆਂ ਕੁਝ ਟਿੱਪਣੀਆਂ ਪੇਸ਼ ਕਰਨੀਆਂ ਚਾਹੁੰਦੇ ਹਾਂ। ਉਹਨਾਂ ਨੇ ਅਰਨੇਸਟ ਮੈਂਡੇਲ ਦੀ ਵਿਆਖਿਆ ਦਾ ਅਨੁਸਰਨ ਕਰਦਿਆਂ ਹੋਇਆਂ ਪੂੰਜੀਵਾਦੀ ਸਮਾਜ ਦੀਆਂ ਤਿੰਨ ਅਵਸਥਾਵਾਂ ਦਾ ਵਰਨਣ ਕੀਤਾ ਹੈ। ਉਹਨਾਂ ਅਨੁਸਾਰ ਪੂੰਜੀਵਾਦੀ ਵਿਵਸਥਾ ਦਾ ਪਹਿਲਾ ਪੜਾਅ ਹੈ-ਮੰਡੀ ਦਾ ਪੂੰਜੀਵਾਦ। ਦੂਜਾ ਪੜਾਅ ਹੈ—ਬਹੁਕੌਮੀ ਪੂੰਜੀਵਾਦ। ਇਨ੍ਹਾਂ ਆਰਥਕ ਅਵਸਥਾਵਾਂ ਦੇ ਸਮਾਨਅੰਤਰ

ਜੇਮਸਨ ਮੰਨਦੇ ਹਨ ਕਿ ਸੰਸਕ੍ਰਿਤੀ ਦੇ ਵਿਕਾਸ ਦੀ ਤੀਜੀ ਅਵਸਥਾ ਹੈ- ਉਤਰ-ਆਧੁਨਿਕਤਾਵਾਦ. ਜਿਸਦੇ ਅਧੀਨ ਵਪਾਰ ਦਾ ਸੱਭਿਆਚਾਰੀਕਰਨ ਅਤੇ ਸੱਭਿਆਚਾਰ ਦਾ ਵਪਾਰੀਕਰਨ ਹੁੰਦਾ ਹੈ। ਜੇਮਸਨ ਸੱਭਿਆਚਾਰੀਕਰਨ ਦੀ ਪ੍ਰਕ੍ਰਿਆ ਨੂੰ ਕੁਝ ਇਸ ਤਰ੍ਹਾਂ ਵੇਖਦੇ ਹਨ "ਪਹਿਲਾਂ, ਵਿਭਿੰਨ ਜੀਵਨ-ਸ਼ੈਲੀਆਂ ਦਾ ਪ੍ਰਚਾਰ-ਪ੍ਰਸਾਰ। ਦੂਜਾ, ਇਲੈਕਟ੍ਰਾਨਿਕ ਮੀਡੀਆ ਅਤੇ ਵਿਗਿਆਪਨ ਸੱਭਿਆਚਾਰ ਦਾ ਅਟੁੱਟ ਸੰਬੰਧ ਅਤੇ ਸੰਸਾਰਕ ਮਿਆਰੀਕਰਨ।" ਜੇਮਸਨ ਕਹਿੰਦੇ ਹਨ ਕਿ ਭੂ-ਮੰਡਲੀਕਰਨ ਦੀ ਅਵਸਥਾ ਵਿੱਚ ਪ੍ਰਤੱਖ ਰੂਪ 'ਚ ਯੂਰਪ ਕੇਂਦਰਤ ਪ੍ਰਤੀ ਅਸੀਮ ਮੋਹ ਹੈ। ਉਹਨਾਂ ਅਨੁਸਾਰ ਇਹ ਤੱਥ ਬਸਤੀਵਾਦ ਦੀ ਉਸ ਮਾਨਸਿਕ ਕੰਗਾਲੀ ਨੂੰ ਦਰਸਾਉਂਦਾ ਹੈ, ਜੋ ਭੂ-ਮੰਡਲੀ ਸੀਨ 'ਚ ਸੰਮਿਲਤ ਹੈ। ਜੇਮਸਨ ਨੇ ਪੂੰਜੀਵਾਦੀ ਸਮਾਜ ਦੇ ਅੰਤਰ-ਵਿਰੋਧਾਂ ਦਾ ਹੀ ਵਿਸਥਾਰ ਨਵ-ਬਸਤੀਵਾਦ 'ਚ ਵੇਖਿਆ ਹੈ। ਇਸ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਉਤਰ-ਆਧੁਨਿਕਤਾ, ਆਧੁਨਿਕਤਾ ਦੀਆਂ ਉਠਾਈਆਂ ਹੋਈਆਂ ਸਮੱਸਿਆਵਾਂ ਦਾ ਹੱਲ ਨਹੀਂ ਹੈ।

ਜੇਮਸਨ ਤੋਂ ਬਾਅਦ ਉਤਰ-ਆਧੁਨਿਕਤਾਵਾਦੀ ਵਿਚਾਰ ਪ੍ਰਣਾਲੀਆਂ ਨੂੰ ਚੁਣੌਤੀ ਮੰਨਦਿਆਂ ਹੋਇਆ ਮਾਰਕਸਵਾਦੀ ਚਿੰਤਕਾਂ ਨੇ ਇਸ ਸਿਲਸਿਲੇ ਨੂੰ ਲਗਾਤਾਰ ਅੱਗੇ ਵਧਾਇਆ ਹੈ। ਇਸ ਦੌਰਾਨ ਮਾਰਕਸਵਾਦ ਦੇ ਅੰਤਰ ਵਿਰੋਧਾਂ ਦੀ ਡੂੰਘੀ ਸਮੀਖਿਆ ਕੀਤੀ ਗਈ ਹੈ ਅਤੇ ਇਸ ਨੂੰ ਮੁਕੰਮਲ ਤੇ ਊਰਜਾਜਨਕ ਬਣਾਉਣ ਦੀਆਂ ਕੋਸ਼ਿਸ਼ਾਂ ਜਾਰੀ ਹਨ। ਰੇਮੰਡ ਵਿਲੀਅਮਜ਼ ਅਤੇ ਡੇਵਿਡ ਮੈਕਨੇਲੀ ਵਰਗੇ ਚਿੰਤਕਾਂ ਉੱਤੇ ਇਕਹਿਰੇਪਣ ਦਾ ਦੋਸ਼ ਉਹਨਾਂ ਦੇ ਵਿਰੋਧੀ ਵੀ ਨਹੀਂ ਲਗਾਉਂਦੇ। ਡੇਵਿਡ ਮੈਕਨੇਲੀ ਆਪਣੀ ਕਿਤਾਬ 'ਅਗੇਂਸਟ ਦਾ ਮਾਰਕੀਟ : ਪੋਲਿਟੀਕਲ ਅਕਾਨੋਮੀ, ਮਾਰਕੀਟ ਸੋਸ਼ਲਿਜ਼ਮ ਐਂਡ ਦਾ ਮਾਰਕਸਿਸਟ ਕ੍ਰਿਟਿਕ' (1993) ਵਿੱਚ ਸੰਰਚਨਾਵਾਦੀਆਂ ਦੇ 'ਭਾਸ਼ਾ ਦੀ ਖੇਡ' ਦਾ ਮੋੜ ਦਿੰਦਿਆਂ ਭਾਸ਼ਾ ਦੇ ਵਰਗੀ ਹਿੱਤਾਂ ਅਤੇ ਸੱਭਿਆਚਾਰਕ ਪ੍ਰਵਿਰਤੀ ਦਾ ਵਿਸ਼ਲੇਸ਼ਣ ਪੇਸ਼ ਕਰਦੇ ਹਨ। ਇਹੀ ਨਹੀਂ, ਗ੍ਰਾਮਸ਼ੀ ਅਤੇ ਨਾੱਗ ਚੋਮਸਕੀ ਵਰਗੇ ਮਾਰਕਸਵਾਦੀ ਚਿੰਤਕ ਅਚਨਚੇਤੀ ਪ੍ਰਾਸੰਗਿਕ ਹੋ ਉੱਠੇ ਹਨ।

ਇਸ ਉੱਤਰ-ਆਧੁਨਿਕਤਾ ਦੇ ਸੰਦਰਭ ਬਾਰੇ ਚਰਚਾ ਕਰਨੀ ਵੀ ਉਚਿਤ ਹੋਵੇਗੀ। ਸਾਡੇ ਸਨਮੁੱਖ ਇੱਕ ਭਰਮ ਇਹ ਹੈ ਕਿ ਯੂਰੋ-ਅਮਰੀਕਨ ਜੀਵਨ ਸ਼ੈਲੀ ਨੂੰ ਅਪਣਾਏ ਜਾਣ ਦੀ ਉਤਰ-ਆਧੁਨਿਕਤਾ ਵਕਾਲਤ ਕਰਦੀ ਹੈ। ਪਰ ਅਜਿਹਾ ਹੈ ਨਹੀਂ। ਇਥੋਂ ਤੱਕ ਕਿ ਗੈਰ-ਮਾਰਕਸਵਾਦੀ ਉਤਰ-ਆਧੁਨਿਕਤਾਵਾਦੀ ਚਿੰਤਕ ਵੀ ਇਸ ਦੇ ਖਿਲਾਫ਼ ਹਨ। ਉਤਰ-ਆਧੁਨਿਕਤਾ ਨੇ ਉੱਚ ਵਰਗਾਂ ਦੀ ਚਗਲੀ ਹੋਈ ਆਧੁਨਿਕ ਜੀਵਨ ਸ਼ੈਲੀ ਉੱਤੇ ਵਾਰ ਕੀਤਾ ਹੈ।

ਸਾਡਾ ਸਮਾਜ ਇਕੋ ਵੇਲੇ ਕਈ ਪੱਧਰਾਂ 'ਤੇ ਅੱਗੇ ਵਧ ਰਿਹਾ ਹੈ। ਇਥੇ ਕੁਝ ਪੂਰਵ-ਆਧੁਨਿਕ ਸਥਿਤੀਆਂ ਮੌਜੂਦ ਹਨ। ਜਿਵੇਂ ਕਿ ਵਿਕਾਸਸ਼ੀਲ ਦੇਸ਼ਾਂ ਦੇ ਸੰਦਰਭ ਵਿੱਚ ਹੈਬਰਮਾਸ ਕਹਿੰਦੇ ਹਨ, "ਆਧੁਨਿਕਤਾ ਦੀ ਪਰਿਯੋਜਨਾ ਪੂਰੀ ਨਹੀਂ ਹੋ ਸਕੀ ਹੈ, ਅਧੂਰੀ ਪਈ ਹੈ।" ਇੱਕ ਪਾਸੇ ਤਾਂ ਇਹ ਸਥਿਤੀ ਹੈ। ਦੂਜੇ ਪਾਸੇ ਸੱਭਿਆਚਾਰਕ ਪੱਧਰ 'ਤੇ ਗਹਿਰੇ ਅੰਤਰ ਵਿਰੋਧ ਹਨ। ਇਥੋਂ ਇਕੋ ਵੇਲੇ ਪ੍ਰਾਚੀਨਤਾ ਨਾਲ ਹਾਉਕਾ ਵੀ ਹੈ ਅਤੇ ਯੂਰੋ-ਅਮਰੀਕਨ ਜੀਵਨਸ਼ੈਲੀ ਲਈ ਅਥਾਹ ਆਕਰਸ਼ਨ ਵੀ ਹੈ।

ਆਧੁਨਿਕਤਾ ਦਾ ਵਾਹਕ ਸੀ ਪੁਰਾਣਾ ਉਥਾਨਸ਼ੀਲ ਮੱਧਵਰਗ, ਜਦ ਕਿ ਉਤਰ-ਆਧੁਨਿਕਤਾ ਦਾ ਵਾਹਕ ਹੈ ਗ਼ਲਤ ਢੰਗਾਂ ਨਾਲ ਫਲਿਆ-ਫੁੱਲਿਆ ਨਵ-ਧਨਾਢਾਂ ਦਾ ਉਪਭੋਗਤਾ ਸਮਾਜ। ਇਸ ਉੱਤਰ-ਆਧੁਨਿਕ ਸਮਾਜ ਦੀ ਕ੍ਰਮਵਾਰ ਉੱਚ ਤੇ ਨਿਮਨ ਮੱਧਵਰਗ ਰੀਸ ਕਰਦਾ ਹੈ। ਅਜਿਹਾ ਇਸ ਲਈ ਹੈ, ਕਿਉਂਕਿ ਪਹਿਲਾਂ ਮੱਧਵਰਗ ਨੇ ਆਧੁਨਿਕਤਾ ਨੂੰ ਸੌਂਦਰਯਾ ਬੋਧਾਤਮਕ ਅਤੇ ਕਦਰਸ਼ੀਲ ਧਾਰਨਾ ਦੇ ਤੌਰ 'ਤੇ ਗ੍ਰਹਿਣ ਨਹੀਂ ਕੀਤਾ, ਸਗੋਂ ਫੈਸ਼ਨ-ਡਿਜ਼ਾਇਨ ਜਿਹੀ ਜੀਵਨਸ਼ੈਲੀ ਵਜੋਂ ਅਪਣਾਇਆ ਹੈ। ਨਵ-ਧਨਾਢ ਵਰਗ ਵੀ ਉਤਰ-ਆਧੁਨਿਕਤਾ ਦੇ ਚਿੰਤਨ ਦੀ ਦਿਖਾਵਟੀ ਜੀਵਨਸ਼ੈਲੀ ਤੱਕ ਸੀਮਤ ਹੈ-ਇੱਕ ਰੀਸ ਜਿਹੇ ਸੱਭਿਆਚਾਰਕ ਵਰਤਾਰੇ ਵਜੋਂ।

ਇਸ ਪੱਖੋਂ ਵੇਖੀਏ ਤਾਂ ਭਾਰਤੀ ਸੰਦਰਭ 'ਚ ਉਤਰ-ਆਧੁਨਿਕ ਚਿੰਤਨ ਇੱਕ ਦੋਹਰਾ ਤੇ ਚੁਣੌਤੀ ਭਰਪੂਰ ਕਾਰਜ ਹੈ, ਜਿਸ ਵਿੱਚ ਉਸ ਦੇ ਦੋਵੇਂ ਪਹਿਲੂਆਂ-ਨਿਖੇਧ ਤੇ ਰਚਨਾਤਮਕਤਾ-ਦੀ ਇਤਿਹਾਸਕ



ਭੂਮਿਕਾ ਹੈ। ਸਮਾਜ ਦੇ ਪੂਰਵ-ਆਧੁਨਿਕ ਰੂਪਾਂ (ਸਾਮੰਤੀ ਸਰੋਕਾਰ) ਦਾ ਖਾਤਮਾ ਅਤੇ ਆਧੁਨਿਕਤਾ (ਸੌਂਦਰਯਬੋਧਾਤਮਕ ਅਤੇ ਕਦਰਸ਼ੀਲ ਧਾਰਨਾ ਵਜੋਂ) ਦਾ ਅਗਰਗਾਮੀ ਵਿਕਾਸ-ਇੱਕ ਚੁਣੌਤੀ ਹੈ। ਦੂਜਾ, ਉੱਤਰ-ਆਧੁਨਿਕ ਚਿੰਤਨ 'ਚ ਹਿੱਸੇਦਾਰੀ ਯੂਰੋ-ਅਮਰੀਕਨ ਸੰਸਕ੍ਰਿਤੀ ਅੰਨੇਵਾਹ ਨਕਲ ਦਾ ਨਿਖੇਧ ਅਤੇ ਨਵ-ਸਾਮਰਾਜਵਾਦ ਦਾ ਵਿਰੋਧ। ਗੱਲ ਕੀ, ਉਤਰ-ਆਧੁਨਿਕ ਚਿੰਤਨ 'ਚ ਸਾਡੀ ਸ਼ਿਰਕਤ ਸਾਡੀ ਆਪਣੀ ਜ਼ਮੀਨ ਉੱਤੇ ਖੜੇ ਹੋਏ ਬਗੈਰ ਸੰਭਵ ਨਹੀਂ ਹੈ। ਇਸ ਸੰਦਰਭ ਵਿੱਚ ਸ਼ੰਭੂਨਾਥ ਠੀਕ ਕਹਿੰਦੇ ਹਨ, "ਆਧੁਨਿਕਤਾ ਇੱਕ ਭੂ-ਮੰਡਲੀ ਹੈ, ਯੂਰਪੀ ਵਿਕਾਸ ਤੋਂ ਪ੍ਰਭਾਵਿਤ ਮਸਲਾ ਹੈ, ਤਾਂ ਵੀ ਇੱਕ ਸਥਾਨਕ ਖੋਜ ਵੀ ਹੈ।"

ਸ਼ਾਇਦ ਇਥੇ ਹੀ ਉਤਰ-ਆਧੁਨਿਕਤਾ ਦੀ ਸਾਡੇ ਲਈ ਪ੍ਰਸੰਗਿਕਤਾ ਦਾ ਆਧਾਰ ਹੈ, ਜਿਸ ਵਿਚੋਂ ਗੁਜ਼ਰ ਕੇ ਅਸੀਂ ਓਨੇ ਡਰੇ ਹੋਏ ਨਹੀਂ ਰਹਿੰਦੇ, ਜਿੰਨਾ ਇੱਕ ਕਨੇਡਾਵਾਸੀ ਰਹਿੰਦਾ ਹੈ ਇਹ ਸੋਚਕੇ ਕਿ ਜੇ ਵਿਕਾਸਸ਼ੀਲ ਦੇਸਾਂ ਅੰਦਰ ਆਪਣੀ ਜਗ੍ਹਾ ਬਣਾ ਸਕਣ 'ਚ ਉਸ ਦੇਸ਼ ਦੀਆਂ ਬਹੁਕੌਮੀ ਕੰਪਨੀਆਂ ਪੱਛੜ ਗਈਆਂ ਤਾਂ ਕੀ ਹੋਵੇਗਾ, ਕਿਉਂਕਿ ਉਹ ਤਾਂ ਸਾਰਾ ਕੁਝ ਖਰੀਦ ਚੁੱਕਾ ਹੈ, ਉਹ ਸਿਰਫ਼ ਹੋਰ ਵਧੇਰੇ ਉਤਪਾਦਨ ਕਰ ਸਕਦਾ ਹੈ ਅਤੇ ਉਸ ਦੀ ਆਮਦਨੀ ਉਨ੍ਹਾਂ ਉਤਪਾਦਾਂ ਨੂੰ ਖਰੀਦਣ ਅਤੇ ਵੇਚਣ ਉੱਤੇ ਨਿਰਭਰ ਹੈ, ਜਿੰਨ੍ਹਾਂ ਦਾ ਬਾਜ਼ਾਰ ਸਿਰਫ਼ ਅਤੇ ਸਿਰਫ਼ ਵਿਕਾਸਸ਼ੀਲ ਦੇਸ਼ ਹਨ। ਵਿਕਾਸਸ਼ੀਲ ਦੇਸ਼ਾਂ ਦਾ ਭਵਿੱਖ ਦਾ ਉਪਭੋਗਤਾ ਬਾਜ਼ਾਰ ਉਨ੍ਹਾਂ ਦੇ ਭਵਿੱਖ ਦੀ ਸੰਭਾਵਨਾ ਹੈ। ਇਸੇ ਲਈ ਉਹ ਇਥੋਂ ਦੀ ਹਰ ਪ੍ਰਤੀਰੋਧੀ ਆਵਾਜ਼ ਤੋਂ ਭੈਅ-ਭੀਤ ਹੋ ਉਠਦਾ ਹੈ ਅਤੇ ਬੇਚੈਨੀ ਨੂੰ ਕੁਚਲਣ ਲਈ ਹਰ 'ਸਮਾਜਕ ਯਤਨ' ਲਈ ਸਹਾਇਤਾ ਦੇਣ ਦਾ ਯਤਨ ਕਰਦਾ ਹੈ। ਕੀ ਇਹੀ ਵਜਾ ਨਹੀਂ ਕਿ ਉੱਤਰ-ਆਧੁਨਿਕਤਾ ਵਾਤਾਵਰਨ ਦੀ ਸੁਰੱਖਿਆ, ਆਜ਼ਾਦੀ, ਨਸਲਵਾਦ ਵਿਰੋਧੀ ਸੰਘਰਸ਼ ਅਤੇ ਕੁਝ ਹੋਰ ਤਿੱਖੇ ਸੰਘਰਸ਼ਾਂ ਤੋਂ ਪਰ੍ਹੇ ਹੋ ਕੇ ਨਹੀਂ ਬਹਿ ਗਿਆ ਹੈ।

ਹੋ ਸਕਦਾ ਹੈ ਕਿ ਉਤਰ-ਆਧੁਨਿਕਤਾ ਚਿੰਤਨ 'ਚ ਗੁਜ਼ਰਦਿਆਂ ਤੁਹਾਨੂੰ ਸ਼ੂਮਾਖਰ ਦੀ ਪੁਸਤਕ 'ਸਮਾਲ ਇਜ਼ ਬਿਊਟੀਫੁੱਲ' ਜ਼ਿਆਦਾ ਮਹੱਤਵਪੂਰਨ ਨਾ ਲੱਗੇ ਅਤੇ ਗਾਂਧੀ ਯਾਦ ਆਏ, ਫਿਰ ਵੀ ਅਸੀਂ ਅੰਤ 'ਚ ਇਹਜਾਜ਼ ਅਹਿਮਦ ਨੂੰ ਦੁਹਰਾਉਣਾ ਚਾਹਾਂਗੇ : ਇਸ ਵਿਚੋਂ ਕੁਝ ਗੱਲਾਂ ਤੁਸੀਂ ਆਪਣੀਆਂ ਯੋਜਨਾਵਾਂ ਲਈ ਉਪਭੋਗ ਕਰ ਸਕਦੇ ਹੋ ਜਾਂ ਨਹੀਂ ਵੀ ਕਰ ਸਕਦੇ, ਪਰ ਪਹਿਲਾਂ ਤੁਹਾਨੂੰ ਇਸਦੀ ਪ੍ਰਵਿਰਤੀ ਨੂੰ ਸਹੀ-ਸਹੀ ਸਮਝਣਾ ਚਾਹੀਦਾ ਹੈ।—**ਅਨੁਵਾਦ ਸ਼ਬਦੀਸ਼**

---

**ਨਿੱਕੀ ਕਹਾਣੀ**

## ਕਾਨੂੰਨ ਦੇ ਦਰਵਾਜ਼ੇ ਉੱਤੇ/ਫਰਾਂਜ਼-ਕਾਫਕਾ

ਕਾਨੂੰਨ ਦੇ ਦਵਾਰ ਤੇ ਰਖਵਾਲਾ ਖੜਾ ਹੈ। ਉਸ ਦੇਸ਼ ਦਾ ਇੱਕ ਆਮ ਆਦਮੀ ਉਸ ਦੇ ਕੋਲ ਆ ਕੇ ਕਾਨੂੰਨ ਦੇ ਸਾਹਮਣੇ ਪੇਸ਼ ਹੋਣ ਦੀ ਆਗਿਆ ਮੰਗਦਾ ਹੈ, ਪਰ ਉਹ ਰਖਵਾਲਾ ਉਸ ਨੂੰ ਅੰਦਰ ਆਉਣ ਦੀ ਆਗਿਆ ਨਹੀਂ ਦਿੰਦਾ।

ਆਦਮੀ ਸੋਚਾਂ ਵਿੱਚ ਪੈ ਜਾਂਦਾ ਹੈ। ਫਿਰ ਪੁੱਛਦਾ ਹੈ, "ਕੀ ਕੁਝ ਸਮੇਂ ਬਾਅਦ ਮੇਰੀ ਸੁਣੀ ਜਾਵੇਗੀ?"

'ਵੇਖਾਂਗੇ', ਰਖਵਾਲਾ ਆਖਦਾ ਹੈ, 'ਪਰ ਹੁਣ ਤੇ ਉੱਕੀ ਹੀ ਨਹੀਂ।'

ਕਾਨੂੰਨ ਦਾ ਦਰਵਾਜ਼ਾ ਸਦਾ ਵਾਂਗ ਅੱਜ ਵੀ ਖੁੱਲ੍ਹਾ ਹੈ। ਆਦਮੀ ਅੰਦਰ ਝਾਕਦਾ ਹੈ।

ਉਸ ਨੂੰ ਅਜਿਹਾ ਕਰਦੇ ਵੇਖ ਕੇ ਰਖਵਾਲਾ ਹੱਸਣ ਲੱਗਦਾ ਹੈ। "ਮੇਰੇ ਮਨ੍ਹਾਂ ਕਰਨ ਦੇ ਬਾਵਜੂਦ ਤੂੰ ਅੰਦਰ ਜਾਣ ਲਈ ਏਨਾ ਉਤਾਵਲਾ ਹੈਂ ਤਾਂ ਫਿਰ ਕੋਸ਼ਿਸ਼ ਕਰਕੇ ਕਿਉਂ ਨਹੀਂ ਦੇਖਦਾ, ਪਰ ਯਾਦ ਰੱਖਣਾ, ਮੈਂ ਬਹੁਤ ਸਖ਼ਤ ਹਾਂ। ਭਾਵੇਂ ਕਿ ਮੈਂ ਦੂਸਰੇ ਰਖਵਾਲਿਆਂ ਨਾਲੋਂ ਬਹੁਤ ਛੋਟਾ ਹਾਂ। ਏਥੇ ਇਕ ਕਮਰੇ ਤੋਂ ਦੂਸਰੇ ਕਮਰੇ ਤੀਕ ਹਰ ਦਰਵਾਜ਼ੇ ਤੇ ਇੱਕੋ ਰਖਵਾਲਾ ਹੈ ਤੇ ਹਰ ਰਖਵਾਲਾ ਦੂਸਰੇ ਨਾਲੋਂ ਜ਼ਿਆਦਾ ਸ਼ਕਤੀਸ਼ਾਲੀ ਹੈ। ਕਈਆਂ ਦੇ ਸਾਹਮਣੇ ਜਾਣ ਦੀ ਹਿੰਮਤ ਤਾਂ ਮੇਰੇ ਵਿੱਚ ਵੀ ਨਹੀਂ।"

ਆਦਮੀ ਨੇ ਕਦੇ ਸੋਚਿਆ ਵੀ ਨਹੀਂ ਸੀ ਕਿ ਕਾਨੂੰਨ ਤੀਕ ਪਹੁੰਚਣ ਲਈ ਏਨੀਆਂ ਔਕੜਾਂ ਦਾ ਸਾਹਮਣਾ ਕਰਨਾ ਪਵੇਗਾ। ਉਹ ਤੇ ਇਹੋ ਸਮਝਦਾ ਸੀ ਕਿ ਕਾਨੂੰਨ ਤੀਕ ਹਰ ਆਦਮੀ ਦੀ ਪਹੁੰਚ ਹਰ

ਸਮੇਂ ਹੋਣੀ ਚਾਹੀਦੀ ਹੈ, ਪਰ ਕੋਟ ਵਾਲੇ ਰਖਵਾਲੇ ਦੀ ਤਿੱਖੀ ਨੱਕ, ਖਿੱਲਰੀ ਲੰਮੀ ਕਾਲੀ ਦਾੜ੍ਹੀ ਨੂੰ ਨੇੜਿਓਂ ਵੇਖਣ ਪਿੱਛੋਂ ਉਹ ਆਗਿਆ ਮਿਲਣ ਤੀਕ ਬਾਹਰ ਖਲੋ ਕੇ ਹੀ ਵੇਖਣ ਦਾ ਨਿਸ਼ਚਾ ਕਰਦਾ ਹੈ।

ਰਖਵਾਲਾ ਉਸ ਨੂੰ ਦਰਵਾਜ਼ੇ ਦੇ ਇੱਕ ਪਾਸੇ ਸਟੂਲ ਤੇ ਬਹਿਣ ਦੀ ਆਗਿਆ ਦੇ ਦਿੰਦਾ ਹੈ। ਉਹ ਉਥੇ ਕਈ ਦਿਨਾਂ ਤੀਕ ਬੈਠਾ ਰਹਿੰਦਾ ਹੈ, ਇਥੋਂ ਤੀਕ ਕਿ ਵਰ੍ਹੇ ਹੀ ਬੀਤ ਜਾਂਦੇ ਹਨ। ਇਸ ਸਮੇਂ ਉਹ ਅੰਦਰ ਜਾਣ ਲਈ ਰਖਵਾਲੇ ਅੱਗੇ ਕਈ ਵਾਰ ਗਿੜਗਿੜਾਉਂਦਾ ਹੈ। ਰਖਵਾਲਾ ਵਿੱਚ-ਵਿੱਚ ਅਣਮੰਨੇ ਅੰਦਾਜ਼ ਵਿੱਚ ਉਹਦੇ ਘਰ ਬਾਰੇ ਤੇ ਹੋਰ ਬਹੁਤ ਸਾਰੀਆਂ ਗੱਲਾਂ ਪੁੱਛਣ ਲੱਗਦਾ ਹੈ, ਪਰ ਹਰ ਵਾਰ ਉਸ ਦੀ ਗੱਲਬਾਤ ਏਸੇ ਨਿਰਣੇ ਤੇ ਖਤਮ ਹੋ ਜਾਂਦੀ ਹੈ ਕਿ ਹਾਲੀ ਉਸ ਨੂੰ ਅੰਦਰ ਜਾਣ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ।

ਆਦਮੀ ਨੇ ਸਫ਼ਰ ਵਾਸਤੇ ਜੋ ਵੀ ਸਾਮਾਨ ਇਕੱਠਾ ਕੀਤਾ ਸੀ ਤੇ ਦੂਸਰੀਆਂ ਹੋਰ ਜੋ ਵੀ ਚੀਜ਼ਾਂ ਉਸ ਦੇ ਕੋਲ ਸਨ, ਉਹ ਸਭ ਰਖਵਾਲੇ ਨੂੰ ਖ਼ੁਸ਼ ਕਰਨ ਵਿੱਚ ਖਰਚ ਕਰ ਦਿੰਦਾ ਹੈ। ਰਖਵਾਲਾ ਉਸ ਕੋਲੋਂ ਸਭ ਕੁਝ ਇਸ ਤਰ੍ਹਾਂ ਸਵੀਕਾਰ ਕਰੀ ਜਾਂਦਾ ਹੈ, ਜਿਵੇਂ ਕਿ ਉਹ ਉਸ ਉੱਤੇ ਅਹਿਸਾਨ ਕਰ ਰਿਹਾ ਹੋਵੇ।

ਵਰ੍ਹਿਆਂ ਤੀਕ ਆਸਾਂ ਭਰੀਆਂ ਨਜ਼ਰਾਂ ਨਾਲ ਦਰਵਾਜ਼ੇ ਵੱਲ ਤੱਕਦੇ ਹੋਏ, ਉਹ ਦੂਸਰੇ ਰਖਵਾਲਿਆਂ ਬਾਰੇ ਭੁੱਲ ਜਾਂਦਾ ਹੈ। ਕਾਨੂੰਨ ਤੀਕ ਪਹੁੰਚਣ ਦੇ ਰਾਹ ਵਿੱਚ ਇੱਕੋ ਇੱਕ ਇਹੀ ਰਖਵਾਲਾ ਉਸਨੂੰ ਰੁਕਾਵਟ ਨਜ਼ਰ ਆਉਂਦਾ ਹੈ। ਉਹ ਆਦਮੀ ਆਪਣੀ ਜਵਾਨੀ ਦੇ ਦਿਨਾਂ ਉੱਚੀ ਆਵਾਜ਼ ਵਿੱਚ ਤੇ ਫੇਰ ਬੁੱਢਾ ਹੋਣ ਉੱਤੇ, ਹਲਕੀ ਬੁੜਬੁੜਾਹਟ ਵਿੱਚ ਆਪਣੇ ਭਾਗਾਂ ਨੂੰ ਕੋਸਣਾ ਰਹਿੰਦਾ ਹੈ। ਉਹ ਬੱਚੇ ਵਰਗਾ ਹੋ ਜਾਂਦਾ ਹੈ। ਵਰ੍ਹਿਆਂ ਤੀਕ ਰਖਵਾਲੇ ਵੱਲ ਟਿਕਟਿਕਾ ਲਗਾਈ ਰਹਿਣ ਕਾਰਨ, ਉਹ ਉਸਦੇ ਫਰ-ਕਾਲਰ ਵਿੱਚ ਲੁਕੇ ਪਿੱਸੂਆਂ ਦੇ ਬਾਰੇ ਵੀ ਜਾਣ ਜਾਂਦਾ ਹੈ, ਉਹ ਪਿੱਸੂਆਂ ਦੀ ਵੀ ਖ਼ੁਸ਼ਾਮਦ ਕਰਦਾ ਹੈ ਤਾਂ ਕਿ ਉਹ ਰਖਵਾਲੇ ਦਾ ਦਿਮਾਗ਼ ਉਸ ਦੇ ਪੱਖ ਵਿੱਚ ਕਰ ਦੇਣ। ਅਖੀਰ ਉਸ ਦੀਆਂ ਅੱਖਾਂ ਜਵਾਬ ਦੇਣ ਲੱਗਦੀਆਂ ਹਨ। ਉਹਨੂੰ ਸਮਝ ਨਹੀਂ ਆਉਂਦੀ ਕਿ ਦੁਨੀਆਂ ਸਚਮੁੱਚ ਪਹਿਲਾਂ ਨਾਲੋਂ ਜ਼ਿਆਦਾ ਹਨੇਰੀ ਹੋ ਗਈ ਹੈ, ਜਾਂ ਫਿਰ ਉਸਦੀਆਂ ਅੱਖਾਂ ਹੀ ਉਸਨੂੰ ਧੋਖਾ ਦੇ ਰਹੀਆਂ ਹਨ। ਪਰ ਹਾਲੀ ਵੀ ਉਹ ਚਾਰੇ ਪਾਸੇ ਦੇ ਅੰਧਕਾਰ ਦੇ ਵਿਚਕਾਰ, ਕਾਨੂੰਨ ਦੇ ਦਰਵਾਜ਼ੇ ਚੋਂ ਫੁੱਟਦੇ ਪ੍ਰਕਾਸ਼ ਦੇ ਦਾਇਰੇ ਨੂੰ ਮਹਿਸੂਸ ਕਰਦਾ ਹੈ।

ਉਹ ਨੇੜੇ ਆਉਂਦੀ ਮੌਤ ਨੂੰ ਅਨੁਭਵ ਕਰਨ ਲੱਗਦਾ ਹੈ। ਮਰਨ ਤੋਂ ਪਹਿਲਾਂ ਇਕ ਸਵਾਲ, ਜਿਹੜਾ ਵਰ੍ਹਿਆਂ ਦੇ ਇਮਤਿਹਾਨ ਪਿਛੋਂ ਉਸਨੂੰ ਤੰਗ ਕਰ ਰਿਹਾ ਸੀ, ਰਖਵਾਲੇ ਨੂੰ ਪੁੱਛਣਾ ਚਾਹੁੰਦਾ ਹੈ। ਉਹ ਹੱਥ ਦੇ ਇਸ਼ਾਰੇ ਨਾਲ ਰਖਵਾਲੇ ਨੂੰ ਕੋਲ ਬੁਲਾਉਂਦਾ ਹੈ ਕਿਉਂਕਿ ਬੈਠੇ-ਬੈਠੇ ਉਸ ਦਾ ਸਰੀਰ ਇਸ ਕਦਰ ਆਕੜ ਗਿਆ ਹੈ ਕਿ ਉਹ ਚਾਹੁੰਦਾ ਹੋਇਆ ਵੀ ਉੱਠ ਨਹੀਂ ਸਕਦਾ। ਰਖਵਾਲੇ ਨੂੰ ਉਸ ਵੱਲ ਝੁਕਣਾ ਪੈਂਦਾ ਹੈ, ਕਿਉਂਕਿ ਕੱਦ ਵਿੱਚ ਕਾਫੀ ਫ਼ਰਕ ਆ ਜਾਣ ਕਾਰਨ, ਉਹ ਕਾਫ਼ੀ ਠਿੰਗਣਾ ਵਿਖਾਈ ਦੇ ਰਿਹਾ ਸੀ।

"ਹੁਣ ਤੂੰ ਕੀ ਜਾਨਣਾ ਚਾਹੁੰਦਾ ਹੈ।" ਰਖਵਾਲਾ ਪੁੱਛਦਾ ਹੈ, "ਤੇਰੀ ਇੱਛਾ ਦਾ ਕੋਈ ਅੰਤ ਵੀ ਹੈ?"

"ਕਾਨੂੰਨ ਤਾਂ ਹਰ ਇੱਕ ਲਈ ਹੈ। ਆਦਮੀ ਆਖਦਾ ਹੈ, "ਪਰ ਮੇਰੀ ਸਮਝ ਵਿੱਚ ਇਹ ਗੱਲ ਨਹੀਂ ਆ ਰਹੀ ਕਿ ਏਨੇ ਵਰ੍ਹਿਆਂ ਵਿੱਚ ਮੇਰੇ ਬਿਨਾਂ ਕਿਸੇ ਹੋਰਸ ਨੇ ਅੰਦਰ ਜਾਣ ਲਈ ਦਸਤਕ ਕਿਉਂ ਨਹੀਂ ਦਿੱਤਾ?"

ਰਖਵਾਲੇ ਨੂੰ ਸਮਝਣ ਵਿੱਚ ਦੇਰ ਨਹੀਂ ਲੱਗਦੀ ਕਿ ਇਹ ਆਦਮੀ ਆਖਰੀ ਘੜੀਆਂ ਗਿਣ ਰਿਹਾ ਹੈ। ਉਹ ਉਸ ਦੇ ਬੋਲੇ ਹੋਏ ਕੰਨਾਂ ਵਿੱਚ ਚੀਕ ਕੇ ਆਖਦਾ ਹੈ।

"ਕਿਸੇ ਦੂਸਰੇ ਲਈ ਏਥੇ ਪ੍ਰਵੇਸ਼ ਕਰਨ ਦਾ ਕੋਈ ਮਤਲਬ ਨਹੀਂ ਸੀ, ਕਿਉਂਕਿ ਕਾਨੂੰਨ ਤੀਕ ਪਹੁੰਚਣ ਦਾ ਇਹ ਦਵਾਰ ਸਿਰਫ਼ ਤੇਰੇ ਲਈ ਹੀ ਖੋਲ੍ਹਿਆ ਗਿਆ ਸੀ ਤੇ ਹੁਣ ਮੈਂ ਇਹਨੂੰ ਬੰਦ ਕਰਨ ਲੱਗਾ ਹਾਂ।" — (**'ਹੰਸ ਵਿਚੋਂ'** ਅਨੁਵਾਦਿ, **ਗੁਰਜਿੰਦਰ ਕੌਰ**)



**ਕਹਾਣੀ**

## ਸੂਰਮਾ/ਸੁਲੱਖਣ ਮੀਤ

ਬਿੰਦਰ ਸਿੰਘ ਦਾ ਆਪਣਾ ਕੋਈ ਘਰ ਨਹੀਂ ਸੀ। ਉਸ ਦੇ ਕੋਲ ਕੋਈ ਪਲਾਟ ਵੀ ਨਹੀਂ ਸੀ। ਜੇਕਰ ਉਸਦਾ ਕੋਈ ਨਜ਼ਦੀਕੀ ਉਸ ਨੂੰ ਕਹਿੰਦਾ, "ਬਿੰਦਰ ਸਿੰਹਾਂ! ਤੂੰ ਤਰੱਕੀ ਤਾਂ ਬੜੀ ਕੀਤੀ ਐ। ਇਕ ਸਾਂਝੀ ਸੀਰੀ ਦਾ ਪੁੱਤਰ ਜੇ ਕਰ ਇੱਕ ਕਾਲਜ ਲੈਕਚਰਾਰ ਬਣ ਜੇ, ਤਾਂ ਉਹ ਕੋਈ ਛੋਟੀ ਮੋਟੀ ਪ੍ਰਾਪਤੀ ਨਹੀਂ ਹੁੰਦੀ। ਤੇਰੇ ਕੋਲ ਹੁਣ ਇੱਕੋ ਗੱਲ ਦੀ ਘਾਟ ਐ। ਉਹ ਘਾਟ ਐ ਤੇਰੇ ਆਪਣੇ ਘਰ ਦੀ। ਹੁਣ ਤੂੰ ਸ਼ਹਿਰ ਵਿਚ ਈ ਪਲਾਟ ਲੈ ਲੈ। ਫਿਰ ਹੌਲੀ ਹੌਲੀ ਤੇਰਾ ਘਰ ਵੀ ਬਣ ਜਾਊਗਾ। ਤਦ ਬਿੰਦਰ ਸਿੰਘ ਹੱਸ ਕੇ ਕਹਿੰਦਾ, "ਕੀ ਹੋਇਆ ਜੇ ਮੇਰੇ ਹੇਠਾਂ ਧਰਤੀ ਨਾ, ਕੰਧਾਂ ਤੇ ਵੀ ਰੁੱਖ ਬਥੇਰੇ ਉੱਗਦੇ ਨੇ।"

ਇਸ ਲਈ ਬਿੰਦਰ ਸਿੰਘ ਨੇ ਕਦੇ ਵੀ ਘਰ ਬਣਾਉਣ ਦੀ ਚਿੰਤਾ ਨਹੀਂ ਸੀ ਕੀਤੀ। ਉਹ ਮਨ ਪਸੰਦ ਕਿਰਾਏ ਦੇ ਘਰ ਵਿਚ ਰਹਿੰਦਾ ਆ ਰਿਹਾ ਸੀ।

ਬਿੰਦਰ ਸਿੰਘ ਚਿੰਤਾ ਕਰ ਕੇ ਕਰਦਾ ਵੀ ਕੀ। ਉਸ ਦੀ ਆਮਦਨੀ ਦਾ ਸੋਮਾ ਇੱਕੋ ਇੱਕ ਉਸਦੀ ਤਨਖਾਹ ਸੀ। ਹਰ ਤਨਖਾਹ ਤੇ ਦੁੱਧ, ਸਬਜ਼ੀ, ਰਾਸ਼ਨ ਅਤੇ ਮਕਾਨ ਦਾ ਕਿਰਾਇਆ ਤਾਂ ਦੇਣਾ ਹੀ ਪੈਣਾ ਸੀ। ਹਰ ਦੂਸਰੇ ਮਹੀਨੇ ਉਹ ਬਿਜਲੀ ਅਤੇ ਪਾਣੀ ਦਾ ਬਿੱਲ ਵੀ ਦਿੰਦਾ ਸੀ। ਇੱਕ ਤਨਖਾਹ ਤੋਂ ਜੇ ਕਰ ਉਸਦੀ ਬੀਵੀ ਦੀਆਂ ਜੁੱਤੀਆਂ ਅਤੇ ਕੱਪੜੇ ਬਣਦੇ ਤਾਂ ਅਗਲੀ ਤਨਖਾਹ ਤੇ ਵੱਡੀ ਧੀ ਦੀਆਂ ਜੁੱਤੀਆਂ ਅਤੇ ਕੱਪੜੇ ਬਣਦੇ। ਉਸ ਤੋਂ ਅਗਲੀ ਤਨਖਾਹ ਤੇ ਛੋਟੀ ਧੀ ਦੀਆਂ ਜੁੱਤੀਆਂ ਅਤੇ ਕੱਪੜੇ ਬਣਦੇ ਤਾਂ ਉਸ ਤੋਂ ਅਗਲੀ ਤਨਖਾਹ ਤੇ ਉਸ ਦੇ ਬੇਟੇ ਦੀਆਂ ਜੁੱਤੀਆਂ ਅਤੇ ਕੱਪੜੇ ਬਣਦੇ। ਜੇਕਰ ਉਸ ਤੋਂ ਅਗਲੀ ਤਨਖਾਹ ਤੇ ਬਿੰਦਰ ਸਿੰਘ ਦੀਆਂ ਆਪਣੀਆਂ ਜੁੱਤੀਆਂ ਅਤੇ ਕੱਪੜੇ ਬਣਦੇ ਤਾਂ ਫਿਰ ਉਸ ਤੋਂ ਅਗਲੀ ਤਨਖਾਹ ਤੇ ਉਸ ਦੀ ਬੀਵੀ ਦੀਆਂ ਜੁੱਤੀਆਂ ਅਤੇ ਕੱਪੜੇ ਬਣਦੇ। ਘਰ ਵਿਚ ਕਿਸੇ ਵੀ ਜੀਅ ਦੇ ਕੱਪੜੇ ਜਾਂ ਜੁੱਤੀਆਂ ਸਸਤੀਆਂ ਜਾਂ ਛੋਟੀਆਂ ਨਹੀਂ ਸਨ ਹੁੰਦੀਆਂ। ਉਸ ਦੀਆਂ ਦੋਹਾਂ ਧੀਆਂ ਦਾ ਮੇਚ ਅਤੇ ਉਨ੍ਹਾਂ ਦੀ ਮਾਂ ਦਾ ਮੇਚ ਇੱਕੋ ਸੀ। ਉਸ ਦਾ ਆਪਣਾ ਅਤੇ ਉਸ ਦੇ ਬੇਟੇ ਦਾ ਮੇਚ ਇਕੋ ਸੀ। ਇਸ ਤੋਂ ਬਿਨਾਂ ਉਹ ਹਰ ਤਿੱਥ ਤਿਹਾਰ ਤੇ ਆਪਣੀ ਮਾਂ ਨੂੰ ਵੀ ਜੁੱਤੀ, ਕੱਪੜਾ ਅਤੇ ਮਠਿਆਈ ਭੇਜਦਾ।

ਫਿਰ ਉਸ ਦੇ ਬੱਚਿਆਂ ਦੀਆਂ ਢੇਰ ਸਾਰੀਆਂ ਕਾਪੀਆਂ ਕਿਤਾਬਾਂ। ਕਿਤਾਬਾਂ ਦੇ ਨਾਲ ਨਾਲ ਉਨ੍ਹਾਂ ਨੂੰ ਉਨ੍ਹਾਂ ਦੇ ਮਾਸਟਰ ਜਾਂ ਲੈਕਚਰਾਰ ਵੱਲੋਂ ਐਮ ਬੀ ਡੀ ਦੀਆਂ ਪੁਸਤਕਾਂ ਵੀ ਲਵਾਈਆਂ ਜਾਂਦੀਆਂ। ਇਸ ਤੋਂ ਬਿਨਾਂ ਉਨ੍ਹਾਂ ਦੀ ਅੰਤਾਂ ਦੀ ਫੀਸ ਸੀ। ਉਸ ਦੀ ਤਨਖਾਹ ਵੱਧ ਹੋਣ ਕਰ ਕੇ ਉਸ ਦੇ ਬੱਚਿਆਂ ਦੀ ਫੀਸ ਵੀ ਮੁਆਫ ਨਹੀਂ ਸੀ ਹੁੰਦੀ। ਇਸੇ ਕਰਕੇ ਉਨ੍ਹਾਂ ਨੂੰ ਕੋਈ ਵਜ਼ੀਫਾ ਵੀ ਨਹੀਂ ਸੀ ਲੱਗਦਾ।

ਉਸ ਦੇ ਪਿਓ ਵੱਲੋਂ ਉਨ੍ਹਾਂ ਦਾ ਪਰਵਾਰ ਸੁੱਖ ਨਾਲ ਕਾਫੀ ਵੱਡਾ ਸੀ। ਇਸੇ ਤਰ੍ਹਾਂ ਉਸ ਦੀ ਮਾਂ ਵੱਲੋਂ ਉਸ ਦਾ ਪਰਵਾਰ ਵੀ ਕਾਫੀ ਵੱਡਾ ਸੀ। ਇਸੇ ਲਈ ਹਰ ਸਾਲ ਉਨ੍ਹਾਂ ਨੂੰ ਇਕ ਅੱਧਾ ਵਿਆਹ ਵੀ ਆ ਜਾਂਦਾ।

ਬਿੰਦਰ ਸਿੰਘ ਕਿਸੇ ਦੇ ਦੁੱਖ ਸੁੱਖ ਤੋਂ ਵੀ ਪਿੱਛੇ ਨਹੀਂ ਸੀ ਹੱਟਦਾ। ਉਹ ਕਿਸੇ ਦੀ ਖੁਸ਼ੀ ਵਿਚ ਜਾਵੇ ਜਾਂ ਨਾ ਜਾਵੇ ਪਰ ਉਹ ਅਗਲੇ ਦੇ ਦੁੱਖ ਵਿਚ ਜ਼ਰੂਰ ਜਾਂਦਾ। ਉਹ ਕਿਹਾ ਕਰਦਾ ਸੀ ਕਿ ਕਿਸੇ ਦੇ ਸੁਖ ਵਿਚ ਜਾਓ ਜਾਂ ਨਾਂ ਜਾਓ ਪਰ ਅਗਲੇ ਦੇ ਦੁੱਖ ਵਿਚ ਜ਼ਰੂਰ ਜਾਓ।

ਟਿਊਸ਼ਨਾਂ ਦਾ ਯੁੱਗ ਹੋਣ ਕਰਕੇ ਉਹ ਆਪਣੇ ਬੱਚਿਆਂ ਨੂੰ ਟਿਊਸ਼ਨਾਂ ਵੀ ਪੜ੍ਹਾਉਣਾ ਚਾਹੁੰਦਾ ਸੀ। ਜੇਕਰ ਉਹ ਆਪਣੇ ਬੱਚਿਆਂ ਨੂੰ ਟਿਊਸ਼ਨਾਂ ਨਹੀਂ ਨਹੀਂ ਸੀ ਪੜ੍ਹਾਉਂਦਾ ਤਾਂ ਉਸ ਦੇ ਬੱਚੇ ਦੂਸਰੇ ਬੱਚਿਆਂ ਨਾਲੋਂ ਪਿੱਛੇ ਰਹਿ ਸਕਦੇ ਸਨ। ਜੇ ਕਰ ਉਸ ਦੇ ਬੱਚੇ ਬਹੁਤੇ ਨੰਬਰ ਨਹੀਂ ਲੈਣਗੇ ਤਾਂ ਉਹ ਫਿਰ ਮੁਕਾਬਲਿਆਂ ਦੇ ਇਮਤਿਹਾਨਾਂ ਵਿਚ ਦੂਸਰਿਆਂ ਨਾਲ ਕਿਵੇ ਭਿੜ ਸਕਣਗੇ। ਜੇ ਕਰ ਉਹ ਮੁਕਾਬਲਿਆਂ ਦੇ ਇਮਤਿਹਾਨਾਂ ਵਿਚ ਪਹਿਲੇ ਨੰਬਰਾਂ ਤੇ ਨਹੀਂ ਆਉਣਗੇ ਫਿਰ ਉਹ ਰਿਜ਼ਕ ਦੇ ਹੀਲੇ ਕਿਵੇਂ ਲੱਗਣਗੇ। ਖਾਸ ਕਰ ਕੇ ਉਸ ਨੂੰ ਆਪਣੀਆਂ ਧੀਆਂ ਦਾ ਤਾਂ ਬਹੁਤ ਹੀ ਫਿਕਰ ਸੀ। ਉਹ ਸਮਝਦਾ ਸੀ ਕਿ ਜੇਕਰ ਉਸਦੀਆਂ ਧੀਆਂ ਕੁਝ ਪੜ੍ਹ ਲਿਖ ਜਾਣਗੀਆਂ ਤਾਂ ਰਿਸ਼ਤਾ ਵੀ ਉਨ੍ਹਾਂ ਨੂੰ

ਤਾਹੀਂ ਚੰਗਾ ਮਿਲੇਗਾ। ਭਾਵੇਂ ਟਿਊਸ਼ਨ ਪੜ੍ਹਾਉਣ ਵਾਲੇ ਪ੍ਰੋਫੈਸਰ ਉਸ ਦੇ ਸਾਥੀ ਹੀ ਹੁੰਦੇ ਸਨ ਪਰ ਫਿਰ ਵੀ ਉਹ ਬੱਚਿਆਂ ਨੂੰ ਮੁਫਤ ਪੜ੍ਹਵਾ ਕੇ ਕਿਸੇ ਦਾ ਅਹਿਸਾਨ ਨਹੀਂ ਸੀ ਕਰਵਾਉਣਾ ਚਾਹੁੰਦਾ। ਇਸੇ ਲਈ ਬੱਚਿਆਂ ਦੀਆਂ ਟਿਊਸ਼ਨਾਂ ਦਾ ਖਰਚ ਵੀ ਉਸ ਨੂੰ ਹਿਲਾ ਕੇ ਰੱਖ ਦਿੰਦਾ ਸੀ। ਸੋ, ਇਨ੍ਹਾਂ ਜ਼ਰੂਰੀ ਖਰਚਾਂ ਕਰ ਕੇ ਉਸ ਦਾ ਬੈਂਕ ਬੈਲੈਂਸ ਨਿੱਲ ਸੀ। ਇਸ ਲਈ ਵੀ ਉਹ ਘਰ ਬਣਾਉਣ ਦੀ ਚਿੰਤਾ ਨਹੀਂ ਸੀ ਕਰਦਾ। ਉਸ ਲਈ ਮਜ਼ਬੂਰੀ ਦਾ ਨਾਂ ਮਹਾਤਮਾ ਗਾਂਧੀ ਸੀ। ਬੱਸ ਉਸ ਦੀ ਆਈ ਚਲਾਈ ਹੀ ਚੱਲਦੀ ਸੀ। ਉਹ ਇੱਜ਼ਤ ਦੀ ਦਾਲ ਰੋਟੀ ਹੀ ਖਾਂਦਾ ਸੀ। ਉਹ ਇਸੇ ਗੱਲ ਤੇ ਸੰਤੁਸ਼ਟ ਸੀ।

ਬਿੰਦਰ ਸਿੰਘ ਦੀ ਬੀਵੀ ਨੂੰ ਘਰ ਦੀ ਬੜੀ ਚਿੰਤਾ ਸੀ। ਬਿੰਦਰ ਸਿੰਘ ਦੇ ਭੈਣ ਭਰਾਵਾਂ, ਸਕੇ ਸਬੰਧੀਆਂ ਅਤੇ ਰਿਸ਼ਤੇਦਾਰਾਂ ਨੂੰ ਉਸ ਦਾ ਮਕਾਨ ਨਾ ਹੋਣ ਕਰਕੇ ਉਸ ਨਾਲ ਬੜੀ ਹਮਦਰਦੀ ਸੀ। ਉਸ ਦੇ ਸਾਰੇ ਰਿਸ਼ਤੇਦਾਰਾਂ ਦੇ ਮਾੜੇ ਮੋਟੇ ਆਪੋ ਆਪਣੇ ਘਰ ਸਨ, ਕਿਉਂਕਿ ਉਨ੍ਹਾਂ ਦੇ ਮਹਿਕਮੇ ਚੰਗੇ ਸਨ। ਉਨ੍ਹਾਂ ਦੀਆਂ ਸਦਾ ਹੀ ਪੰਜੇ ਘਿਓ ਵਿਚ ਰਹਿੰਦੀਆਂ ਸਨ। ਪਰ ਉਹ ਆਪਣੇ ਸਾਧਨਾਂ ਨੂੰ ਦੇਖ ਕੇ ਸੋਚਦਾ, "ਰਿਟਾਰਮੈਂਟ ਤੇ ਗਰੈਚੂਟੀ ਮਿਲੇਗੀ। ਪੈਨਸ਼ਨ ਮਿਲੇਗੀ। ਪੈਨਸ਼ਨ ਕਮਿਊਟ ਹੋਵੇਗੀ। ਜੀ ਆਈ ਐਫ ਮਿਲੇਗਾ। ਐਲ ਆਈ ਸੀ ਮਿਲੇਗਾ ਪ੍ਰਾਵੀਡੈਂਟ ਫੰਡ ਮਿਲੇਗਾ। ਫਿਰ ਮਕਾਨ ਪਾਵਾਂਗਾ। ਪਰ ਉਸ ਦੀ ਬੀਵੀ ਬਹਿੰਦੀ ਉੱਠਦੀ ਉਸ ਨੂੰ ਕਹਿੰਦੀ ਰਹਿੰਦੀ, "ਉਦੋਂ ਤੀਕ ਕੀਮਤਾਂ ਵੀ ਹੋਰ ਵੱਧ ਜਾਣਗੀਆਂ। ਹੁਣੇ ਪਾ ਲੋ ਮਾੜਾ ਮੋਟਾ ਸਿਰ ਢੱਕਣ। ਆਪਣਾ ਘਰ ਤਾਂ ਆਪਣਾ ਈ ਹੁੰਦੈ। ਕੱਲ੍ਹ ਨੂੰ ਧੀਆਂ ਵਿਆਹਾਂ ਗੇ, ਜੁਆਈ ਆ ਕੇ ਕਿੱਥੇ ਬੈਠਣਗੇ। ਮੁੰਡਾ ਵਿਆਹਵਾਂਗੇ ਤਾਂ ਨੂੰਹ ਰਾਣੀ ਕਿੱਥੇ ਆ ਕੇ ਬੈਠੂਗੀ। ਆਪਾਂ ਤਾਂ ਸਾਂਝੇ ਟੱਬਰ ਵਿਚ ਔਖੇ ਸੌਖੇ ਸਾਰ ਲਿਆ, ਕਦੇ ਹੱਸ ਕੇ ਗੱਲ ਕਰਨ ਦਾ ਮੌਕਾ ਨਹੀਂ ਸੀ ਲੱਗਦਾ ਹੁੰਦਾ, ਤੇ ਸਾਡੇ ਨਿਆਣੇ ਤਾਂ ਇਹੋ ਜੀ ਤੰਗੀ ਨਾ ਕੱਟਣ। ਨਾਲੇ ਹੁਣ ਦੇ ਨਿਆਣੇ ਤਾਂ ਊਂ ਵੀ ਬੜੇ ਚੰਟ ਨੇ। ਸਹੁਰੇ ਅੱਖਾਂ ਨਾਲ ਈ ਗੱਲਾਂ ਕਰਦੇ ਨੇ।" ਅੱਗੋਂ ਬਿੰਦਰ ਸਿੰਘ ਨੇ ਇਕ ਦਿਨ ਉਸ ਨੂੰ ਹੱਸ ਕੇ ਟਾਲ ਦਿੱਤਾ ਸੀ, "ਚਮਗਿੱਦੜਾਂ ਦੇ ਆਏ ਪਰਾਹੁਣੇ। ਪਰਾਹੁਣਿਆਂ ਨੇ ਪੁੱਛਿਆ ਪਈ ਅਸੀਂ ਕਿੱਥੇ ਅਰਾਮ ਫੁਰਮਾਈਏ। ਤਾਂ ਅੱਗੋਂ ਵੱਡੇ ਚਮਗਿੱਦੜ ਨੇ ਬੜਾ ਹੀ ਬਣਾ ਸਵਾਰ ਕੇ ਕਿਹਾ, "ਜਹਾਂ ਹਮ ਲਟਕੇ, ਵਹੀਂ ਤੁਮ ਲਟਕੋ।"

"ਇਉਂ ਲਤੀਫੇ ਸੁਣਾਉਣ ਨਾਲ ਘਰ ਨੀਂ ਬਣਨਾਂ ਸ੍ਰੀਮਾਨ ਜੀਓ।" ਉਸ ਦੀ ਪਤਨੀ ਜਿਵੇਂ ਉਸ ਨੂੰ ਛਿੱਥੀ ਲੈ ਕੇ ਪੈ ਗਈ ਸੀ।

"ਮੇਰਾ ਬਾਪੂ ਕਿਹੜਾ ਮੇਰੇ ਵਾਸਤੇ ਮਕਾਨ-ਪਾ ਕੇ ਮਰਿਐ, ਜਿਹੜਾ ਮੈਂ ਆਵਦੀ ਔਲਾਦ ਲਈ ਮਕਾਨ ਪਾ ਕੇ ਮਰਾਂ।" ਬਿੰਦਰ ਸਿੰਘ ਵੀ ਆਕੜ ਗਿਆ ਸੀ।

"ਉਹ ਵਿਚਾਰਾ ਤਾਂ ਜੱਟਾਂ ਦਾ ਸੀਰੀ ਸੀ ਤੇ ਤੁਸੀਂ ਓ ਪ੍ਰੋਫੈਸਰ ਸਾਹਿਬ।"

"ਜੱਟਾਂ, ਬਾਣੀਆਂ, ਬ੍ਰਾਹਮਣਾਂ ਤੇ ਹੋਰ ਕੌਮਾਂ ਦੇ ਜਿਹੜੇ ਮੁੰਡੇ ਪ੍ਰੋਫੈਸਰ ਬਣੇ ਨੇ ਨਾ, ਉਹ ਹੁਣ ਵੀ ਸਾਥੋਂ ਉੱਤੇ ਈ ਨੇ। ਉਨ੍ਹਾਂ ਨੇ ਪੈਸੇ ਦੇ ਸਿਰ ਤੇ ਪੜ੍ਹ ਲੀ ਸਾਇੰਸ ਤੇ ਅਸੀਂ ਪੜ੍ਹੀ ਹਿਸਟਰੀ। ਅਸੀਂ ਪੜ੍ਹ ਲਿਖ ਕੇ ਵੀ ਫੇਡ ਤੇ ਫੇਡ ਈ ਰਹਿ ਗੇ ਮੈਡਮ। ਉਹ ਪਹਿਲਾਂ ਵੀ ਅਮੀਰ ਸੀਗੇ ਤੇ ਉਹ ਹੁਣ ਵੀ ਟਿਊਸ਼ਨਾਂ ਦੇ ਸਿਰ ਤੇ ਅਮੀਰ ਨੇ। ਸਾਡੇ ਪਿਓ ਦਾਦੇ ਉਨ੍ਹਾਂ ਦੇ ਪਿਓ ਦਾਦਿਆਂ ਨਾਲ ਨਹੀਂ ਸਨ ਮੜਿੱਕ ਸਕੇ ਤੇ ਅਸੀਂ ਉਨ੍ਹਾਂ ਨਾਲ ਨਹੀਂ ਮੜਿੱਕ ਸਕਣਾ। ਮੈਂ ਤਾਂ ਕਿਹਾ ਕਰਦਾ ਬਈ ਮਾੜੇ ਦਾ ਨਿੰਦਣਾ ਕੀ ਤੇ ਤਕੜੇ ਦਾ ਸਲਾਹੁਣਾ ਕੀ।"

"ਫਿਰ ਆਪਾਂ ਤੋਂ ਹੁਣ ਮਕਾਨ ਨਹੀਂ ਬਣਨਾ?"

"ਨਹੀਂ। ਔਖੇ ਇੱਟਾਂ, ਲੋਹੇ, ਸੀਮੈਂਟ, ਲੱਕੜੀ ਤੇ ਹੋਰ ਅਲਬੇ ਸਲਬੇ ਤਾਂ ਅੱਗ ਲੱਗੀ ਪਈ ਐ।"

"ਚਲੋ, ਬਾਕੀ ਤਾਂ ਟਿਊਸ਼ਨਾਂ ਪੜ੍ਹਾਉਂਦੇ ਨੇ ਪਰ ਰਣਜੀਤ ਸਿੰਘ ਤਾਂ ਕੁਛ ਨਹੀਂ ਪੜ੍ਹਾਉਂਦਾ ਉਹਦੀ ਬੀਵੀ ਵੀ ਲੈਕਚਰਾਰ ਐ, ਕਿਸੇ ਸਕੂਲ ਵਿਚ। ਜਿੰਨਾ ਉਹ ਕਮਾਉਂਦੇ, ਲਗ ਭਗ ਓਨਾ ਹੀ ਉਹ ਕਮਾਉਂਦੀ ਐ ਅਗਲੀ।"

"ਤੁਸੀਂ ਮੈਨੂੰ ਨੌਕਰੀ ਕਿਉਂ ਨਾ ਕਰਨ ਦਿੱਤੀ, ਅਖੇ ਮੇਰੀ ਤੀਵੀਂ ਗੈਰ ਮਰਦਾਂ ਦੀਆਂ ਝਿੜਕਾਂ ਖਾਊ।" ਬਿੰਦਰ ਸਿੰਘ ਦੀ ਬੀਵੀ ਨੇ ਦੰਦ ਜਿਹੇ ਵੀ ਕਰੀਚੇ।

"ਮੈਂ ਮੰਨਦਾ ਮੈਡਮ, ਮੈਥੋਂ ਇਹ ਗਲਤੀ ਹੋ ਗਈ। ਅੱਜ ਕਲ੍ਹ ਮੈਂ ਸੋਚਦਾ ਕਿ ਮਹਿੰਗਾਈ ਦੇ ਇਸ ਯੁੱਗ ਵਿਚ ਜਦ ਤੀਕ ਘਰ ਦਾ ਹਰ ਬੰਦਾ ਕੰਮ ਨਹੀਂ ਕਰਦਾ, ਘਰ ਦਾ ਗੁਜ਼ਾਰਾ ਨਹੀਂ ਚੱਲਦਾ। ਨਵਾਂ



ਘਰ ਬਣਾਉਣਾ ਤਾਂ ਇਕ ਪਾਸੇ ਰਿਹਾ।"

"ਮੈਂ ਤਾਂ ਹੁਣ ਵੀ ਨੌਕਰੀ ਕਰ ਲੈਂਦੀ, ਪਰ ਮੈਂ ਹੋ ਈ ਓਵਰਏਜ ਗਈ। ਜੇ ਮੈਂ ਕੰਮ ਕਰਦੀ ਹੁੰਦੀ, ਫਿਰ ਹੁਣ ਤੀਕ ਆਪਣਾ ਘਰ ਵੀ ਬਣ ਈ ਜਾਣਾ ਸੀ।"

"ਤੈਨੂੰ ਹੁਣ ਨੌਕਰੀ ਨਹੀਂ ਸੀ ਮਿਲਣੀ। ਹੁਣ ਤਾਂ ਬੰਦਾ ਮਾਰਿਆ ਵੀ ਨੌਕਰੀ ਨਹੀਂ ਮਿਲਦੀ। ਹੁਣ ਤਾਂ ਮੁੱਖ ਮੰਤਰੀ, ਮੰਤਰੀਆਂ ਤੇ ਵੱਡੇ ਅਫ਼ਸਰਾਂ ਦੇ ਜੀਆਂ ਨੂੰ ਹੀ ਨੌਕਰੀਆਂ ਮਿਲਦੀਆਂ। ਬੰਦਾ ਲਾ ਕੇ ਐਡ ਕੱਢੀ ਜਾਂਦੀ ਐ ਅੱਜ ਕੱਲ੍ਹ। ਨਾਲੇ ਅੱਜ ਕੱਲ੍ਹ ਅਪਵਾਇੰਟਿੰਗ ਅਥਾਰਟੀ ਕੌਮ ਤੇ ਜ਼ਾਤ ਦੀ ਪਰਖਦੀ ਐ। ਬਾਕੀ ਮੈਂ ਥੋਨੂੰ ਇੱਕ ਗੱਲ ਦਸਦਾਂ। ਗੁੱਸਾ ਨਾ ਕਰਿਓ। ਗੱਲ ਇਹ ਐ ਪਈ ਘਰ ਬੇਵਕੂਫ ਲੋਕ ਈ ਬਣਾਉਂਦੇ ਨੇ। ਰਿਟਾਇਰਮੈਂਟ ਤੋਂ ਬਾਅਦ ਜਿਹੜਾ ਪੈਸਾ ਆਪਣੇ ਕੋਲ ਹੋਵੇਗਾ, ਉਹਨੂੰ ਆਪਾਂ ਬੈਂਕ ਵਿਚ ਰੱਖਾਂਗੇ। ਆਪਾਂ ਉਸ ਪੈਸੇ ਦੇ ਵਿਆਜ ਨਾਲ ਕਿਰਾਏ ਦੇ ਕਿਸੇ ਚੰਗੇ ਘਰ ਵਿਚ ਰਿਹਾ ਕਰਾਂਗੇ। ਇਸ ਲਈ ਮਕਾਨ ਤੇ ਪੈਸਾ ਥੱਪਣਾ ਕੋਈ ਅਕਲਮੰਦੀ ਵਾਲੀ ਗੱਲ ਨਹੀਂ ਹੈ।"

"ਬਾਕੀ ਦੀ ਸਾਰੀ ਦੁਨੀਆਂ ਬੇਵਕੂਫ਼ ਈ ਐ?"

"ਮੈਂ ਇੱਕ ਥੋਨੂੰ ਬੇਨਤੀ ਕਰਾਂ?"

"ਹੁਕਮ?"

"ਮੈਨੂੰ ਪਤੈ ਪਈ ਤੂੰ ਮੈਨੂੰ ਬਹੁਤ ਪਿਆਰ ਕਰਦੀ ਐਂ। ਜੇਕਰ ਤੂੰ ਮੈਨੂੰ ਬਹੁਤ ਈ ਪਿਆਰ ਕਰਦੀ ਐਂ ਤਾਂ ਫਿਰ ਅੱਜ ਤੋਂ ਬਾਅਦ ਮਕਾਨ ਪਾਉਣ ਬਾਰੇ ਗੱਲ ਨਾ ਕਰੀਂ। ਬੰਦਾ ਫਿਕਰਾਂ ਵਿਚ ਬਾਹਲਾ ਚਿਰ ਨਹੀਂ ਜਿਉ ਸਕਦਾ। ਸਿਆਣੇ ਆਂਹਦੇ ਨੇ ਬਈ ਚਿੰਖਾ ਚਿਤਾ ਬਰਾਬਰ। ਬਾਕੀ ਆਰਟਸ ਪੜ੍ਹਾਉਣ ਵਾਲੇ ਬਹੁਤੇ ਪ੍ਰੋਫੈਸਰ ਮੇਰੇ ਵਰਗੇ ਈ ਨੇ। ਸਭਨਾਂ ਦੇ ਢੱਕੀਓ ਰਿੱਝਦੀ ਐ। ਅੱਜ ਕੱਲ ਮਕਾਨ ਉਤਲੀ ਕਮਾਈ ਤੋਂ ਬਿਨਾਂ ਨਹੀਂ ਬਣ ਸਕਦਾ। ਜੇਕਰ ਤੂੰ ਜ਼ਿੱਦ ਈ ਕਰਦੀ ਐਂ ਤਾਂ ਰਿਟਾਇਰ ਹੋ ਕੇ ਮੈਂ ਤੈਨੂੰ ਘਰ ਜ਼ਰੂਰ ਬਣਾ ਦੂੰ ਗਾ।"

ਫਿਰ ਉਨ੍ਹਾਂ ਦੇ ਘਰ ਘਰ ਬਾਰੇ ਕਦੇ ਵੀ ਗੱਲ ਨਹੀਂ ਸੀ ਚੱਲੀ।

ਇੱਕ ਦਿਨ ਬਿੰਦਰ ਸਿੰਘ ਨੂੰ ਕਿਸੇ ਸਰਕਾਰੀ ਕਾਗਜ਼ ਉੱਤੇ ਪੱਕਾ ਪਤਾ ਲਿਖਣਾ ਪਿਆ। ਕਿਉਂਕਿ ਉਸ ਦਾ ਕੋਈ ਵੀ ਪੱਕਾ ਪਤਾ ਨਹੀਂ ਸੀ, ਇਸ ਲਈ ਹੁਣ ਉਸ ਦੇ ਮਨ ਵਿਚ ਵਾਰ ਵਾਰ ਆ ਰਿਹਾ ਸੀ, "ਬੰਦੇ ਦਾ ਆਪਣਾ ਘਰ ਹੋਣਾ ਚਾਹੀਦੈ।" ਜਦੋਂ ਉਸ ਨੇ ਘਰ ਬਾਰੇ ਦੋਸਤਾਂ ਮਿੱਤਰਾਂ ਨਾਲ ਗੱਲ ਕੀਤੀ ਤਾਂ ਬਹੁਤੇ ਜਣਿਆਂ ਨੇ ਉਸ ਨੂੰ ਇਹ ਰਾਏ ਦਿੱਤੀ ਕਿ ਉਹ ਬਣਿਆ ਬਣਾਇਆ ਮਕਾਨ ਖਰੀਦੇ। ਇਕ ਤਾਂ ਉਸ ਮਕਾਨ ਉੱਤੇ ਵਿਭਾਗ ਵੱਲੋਂ ਕਰਜ਼ਾ ਛੇਤੀ ਮਿਲ ਜਾਂਦੈ। ਦੂਸਰਾ, ਜਿਹੜਾ ਉਹ ਮਕਾਨ ਦਾ ਕਿਰਾਇਆ ਦਿੰਦਾ ਹੈ, ਓਹੀ ਪੈਸੇ ਉਹ ਆਪਣੀ ਕਿਸ਼ਤ ਵਜੋਂ ਦਿੰਦਾ ਰਹੇਗਾ। ਉਸ ਦੀ ਰਿਟਾਇਰਮੈਂਟ ਤੀਕ ਉਸ ਦੀਆਂ ਕਿਸ਼ਤਾਂ ਪੂਰੀਆਂ ਹੋ ਜਾਣਗੀਆਂ ਤੇ ਅੰਤ ਨੂੰ ਘਰ ਉਸ ਦਾ ਆਪਣਾ ਬਣ ਜਾਵੇਗਾ।"

ਫਿਰ ਬਿੰਦਰ ਸਿੰਘ ਬਣਿਆ ਬਣਾਇਆ ਮਕਾਨ ਖਰੀਦਣ ਦੇ ਹੱਕ ਵਿਚ ਹੋ ਗਿਆ ਸੀ। ਉਸ ਨੇ ਇੱਕ ਮਾਲਕ ਮਕਾਨ ਨਾਲ ਐਗਰੀਮੈਂਟ ਕਰ ਕੇ ਕੇਸ ਸਰਕਾਰ ਨੂੰ ਭੇਜ ਦਿੱਤਾ ਸੀ। ਲੋਨ ਸਿੱਧਾ ਮਾਲਕ ਮਕਾਨ ਨੂੰ ਆ ਜਾਣਾ ਸੀ। ਉਸ ਦੇ ਅੱਗੇ ਮਕਾਨ ਅਗਲੇ ਨੂੰ ਸੰਭਾਲ ਦੇਣਾ ਸੀ। ਇਸ ਲਈ ਇਕ ਦਿਨ ਉਹ ਆਪਣੇ ਦਫਤਰ ਦੇ ਅਮਲਾ ਕਲਰਕ ਕੋਲ ਗਿਆ, "ਆਪਾਂ ਨੇ ਬਣਿਆ ਬਣਾਇਆ ਮਕਾਨ ਖਰੀਦਣੈ ਬਾਬੂ ਜੀ। ਫਿਰ ਉਸ ਲਈ ਕਾਰਵਾਈ ਕਰੀਏ?"

"ਕਰੋ ਮੋਤੀਆਂ ਆਲਿਓ, ਮੌਜ ਨਾਲ।" ਅਮਲਾ ਕਲਰਕ ਦੀਆਂ ਅੱਖਾਂ ਵਿਚ ਚਮਕ ਆ ਗਈ ਸੀ।

"ਕਰ ਦੋ ਕੇਸ ਤਿਆਰ ਫਿਰ।"

"ਤੁਸੀਂ ਆਬਣੇ ਵਿਹਲੇ ਈ ਹੁੰਨੇ ਓ ਪ੍ਰੋਫੈਸਰ ਸਾਹਿਬ।" ਅਮਲਾ ਕਲਰਕ ਨੇ ਜੰਵਾਬ ਦੇਣ ਦੀ ਥਾਂ ਉਸ ਨੂੰ ਹੀ ਸੁਆਲ ਕਰ ਦਿੱਤਾ।

"ਮਤਲਬ?" ਬਿੰਦਰ ਸਿੰਘ ਵੀ ਹੈਰਾਨ ਸੀ।

"ਕਈ ਪ੍ਰੋਫੈਸਰ ਮੌਜ ਮੇਲਾ ਕਰਦੇ ਨੇ ਨਾ ਸ਼ਾਮ ਨੂੰ ਮੌਜ ਨਾਲ।" ਅਮਲਾ ਕਲਰਕ ਨੇ ਹੱਸ ਕੇ ਕਿਹਾ।

"ਨਹੀਂ ਬਾਬੂ ਜੀ। ਕੀ ਨੰਗੀ ਨਾਊ ਤੇ ਕੀ ਨੰਗੀ ਨਿਚੋੜੂ। ਮੌਜ ਮੇਲਾ ਤਾਂ ਉਹ ਪ੍ਰੋਫੈਸਰ ਕਰਦੇ

ਨੇ ਜਿਹੜੇ ਟਿਊਸ਼ਨਾਂ ਕਰਦੇ ਨੇ, ਜਾਂ ਜਿਨ੍ਹਾਂ ਦਾ ਪਿੱਛਾ ਤਕੜੈ। ਸਾਨੂੰ ਤਾਂ ਦੋ ਡੰਗ ਰੋਟੀ ਮਿਲੀ ਜਾਵੇ, ਓਹੀ ਗਨੀਮਤ ਐ।"

"ਊਂ ਅੱਜ ਕੱਲ੍ਹ ਖਾਣ ਪੀਣ ਆਲਿਆਂ ਦੀਓ ਚਾਂਦੀ ਐ ਪ੍ਰੈਸ ਸਾਹਿਬ ਮੌਜ ਨਾਲ। ਜਿਹੜਾ ਬੰਦਾ ਦੋ ਬੰਦਿਆਂ ਵਿਚ ਬਹਿੰਦਾ ਉੱਠਦਾ ਨੀਂ। ਜਿਹੜਾ ਬੰਦਾ ਖਾਂਦਾ ਪੀਂਦਾ ਨੀਂ।" ਉਸ ਨੂੰ ਸੁਸਾਇਟੀ ਵਿਚ ਸ਼ਾਮਿਲ ਨਹੀਂ ਸਮਝਿਆ ਜਾਂਦਾ। ਸੁਸਾਇਟੀ ਵਾਲੇ ਉਸਨੂੰ ਇਗਨੋਰ ਕਰ ਦਿੰਦੇ ਨੇ। ਉਹ ਬੰਦਾ ਦੂਸਰੇ ਬੰਦਿਆਂ ਨਾਲ ਕਦਮ ਮਿਲਾ ਕੇ ਵੀ ਨਹੀਂ ਚੱਲ ਸਕਦਾ। ਉਹ ਹਮੇਸ਼ਾਂ ਪਿੱਛੇ ਰਹਿ ਜਾਂਦੈ ਆਪਣੇ ਸਾਥੀਆਂ ਨਾਲੋਂ। ਡਾਕਟਰ ਸੂਦ ਖਾਂਦਾ ਪੀਂਦਾ ਸੀ ਤੇ ਉਹ ਯੂਨੀਵਰਸਿਟੀ ਚਲਿਆ ਗਿਐ। ਕਿੱਥੇ ਕਾਲਜ ਤੇ ਕਿੱਥੇ ਯੂਨੀਵਰਸਿਟੀ। ਨਾਲੇ ਉਹ ਰਿਟਾਇਰ ਵੀ ਤਥੋਂ ਦੋ ਸਾਲ ਬਾਅਦ ਹੋਊ। ਸੋ ਬੰਦੇ ਨੂੰ ਖਾਣਾ ਪੀਣਾ ਚਾਹੀਦੈ। ਮੌਜ ਮੇਲਾ ਕਰਨਾ ਚਾਹੀਦੈ। ਚਾਰ ਯਾਰ ਬਣਾਉਣੇ ਚਾਹੀਦੇ ਨੇ। ਬੰਦੇ ਦੀ ਸਰਕਾਰੇ ਦਰਬਾਰੇ ਵੀ ਪੁੱਛ ਤਾਂ ਪੈਂਦੀ ਐ ਜੇਕਰ ਉਹ ਖਾਂਦਾ ਪੀਂਦਾ ਹੋਵੇ।"

"ਸੋਚ ਆਪੋ ਆਪਣੀ ਬਾਬੂ ਜੀ।" ਕਹਿ ਕੇ ਬਿੰਦਰ ਸਿੰਘ ਨੇ ਨੱਕ ਪਲੋਸਦਿਆਂ ਪੁੱਛਿਆ, "ਹੁਣ ਕੀ ਕੀਤਾ ਜਾਵੇ?"

"ਕੋਈ ਨੀਂ। ਮੈਂ ਕਿਸੇ ਦਿਨ ਆ ਜੂੰਗਾ ਸ਼ਾਮੀ ਥੋਡੇ ਘਰੇ, ਲਾ ਦਾਂਗੇ ਥੋਡਾ ਬੇੜਾ ਬੰਨੇ। ਦਫ਼ਤਰ ਵਿਚ ਮੇਰੀ ਸੀ ਤੇ ਕੰਮ ਬਾਹਲੈ। ਸਾਰੇ ਈ ਮੌਜ ਮੇਲੇ ਭੁੱਲੇ ਪਏ ਨੇ।"

ਬਿੰਦਰ ਸਿੰਘ ਸੋਚਦਾ ਜਿਹਾ ਉੱਠ ਕੇ ਦਫਤਰ ਵਿਚੋਂ ਬਾਹਰ ਹੋ ਗਿਆ ਸੀ। ਪ੍ਰਿੰਸੀਪਲ ਦੇ ਚਪੜਾਸੀ ਸ਼ਾਮ ਲਾਲ ਨੇ ਉਸ ਨਾਲ ਅੱਖ ਮਿਲਾ ਕੇ ਆਪਣੇ ਹੱਥ ਖੜੇ ਕੀਤੇ ਸਨ। ਉਸ ਨੇ ਵੀ ਆਪਣੇ ਹੱਥ ਖੜੇ ਕਰ ਦਿੱਤੇ ਸਨ।

ਕਈਆਂ ਦਿਨਾਂ ਤੋਂ ਅਮਲਾ ਕਲਰਕ ਬਿੰਦਰ ਸਿੰਘ ਨੂੰ ਰਾਹ ਨਹੀਂ ਸੀ ਦੇ ਰਿਹਾ। ਉਸ ਨੇ ਆਪਣੀ ਬੀਵੀ ਨਾਲ ਗੱਲ ਕੀਤੀ। ਉਸ ਨੇ ਰਾਏ ਦਿੱਤੀ, "ਆਪਾਂ ਵੀ ਦੁਨੀਆਂ ਨਾਲ ਈ ਆਂ। ਉੱਖਲੀ 'ਚ ਸਿਰ ਦਿੱਤਾ ਤਾਂ ਮੂਹਲੇ ਵੱਧ ਪਏ ਕਿ ਘੱਟ। ਤੁਸੀਂ ਬਾਬੂ ਨੂੰ ਘਰੇ ਬੁਲਾਓ। ਉਹਦੀ ਸੇਵਾ ਉਹਦੀ ਮਨਸ਼ਾ ਮੁਤਾਬਿਕ ਕਰੋ। ਨਾਲੇ ਨਿਆਣੇ ਵੀ ਸੁੱਖ ਨਾ ਮੂੰਹ ਕਰਾਰਾ ਕਰ ਲੈਣਗੇ ਇਕ ਦਿਨ।"

"ਇਹ ਗੱਲ ਮੇਰੇ ਅਸੂਲਾਂ ਦੇ ਖਿਲਾਫ ਐ ਮੈਡਮ।"

"ਗੋਲੀ ਮਾਰੋ ਜੀ ਅਸੂਲਾਂ ਨੂੰ। ਬੰਦੇ ਨੂੰ ਆਪਣੇ ਅਸੂਲ ਆਪਣੇ ਸਮੇਂ ਨਾਲ ਬਦਲ ਲੈਣੇ ਚਾਹੀਦੇ ਨੇ। ਬੋਲੋ ਵਾਹਗੁਰੂ । ਸੱਦੋ ਬਾਬੂ ਨੂੰ।"

ਅਮਲਾ ਕਲਰਕ ਬਿੰਦਰ ਸਿੰਘ ਦੇ ਘਰ ਗਿਆ। ਉਹ ਬੀਅਰ ਪੀ ਗਿਆ ਸੀ। ਉਹ ਕੱਚਾ ਪਨੀਰ ਖਾ ਗਿਆ ਸੀ। ਉਹ ਮੁਰਗੇ ਨਾਲ ਫੁਲਕਾ ਵੀ ਖਾ ਗਿਆ ਸੀ, ਪਰ ਫਿਰ ਵੀ ਕਈ ਦਿਨਾਂ ਤੋਂ ਬਿੰਦਰ ਸਿੰਘ ਨੂੰ ਰਾਹ ਨਹੀਂ ਸੀ ਦੇ ਰਿਹਾ। ਇਕ ਦਿਨ ਹੌਸਲਾ ਜਿਹਾ ਕਰ ਕੇ ਬਿੰਦਰ ਸਿੰਘ ਨੇ ਅਮਲਾ ਕਲਰਕ ਨੂੰ ਪੁੱਛ ਹੀ ਲਿਆ ਸੀ, "ਬਾਬੂ ਜੀ, ਫਿਰ ਮੇਰਾ ਕੇਸ?"

"ਇਹ ਕੰਮ ਬੜੀਓ ਮਿਹਨਤ ਦੇ ਜਨਾਬ। ਇਹ ਐਂ ਈਂ ਕਿਮੇਂ ਤਿਆਰ ਹੋ ਜੂਗਾ ਮੌਜ ਨਾਲ। ਇਹ ਕੇਸ ਤਿਆਰ ਕਰਨ ਦੀ ਫੀਸ ਵੀ ਤਾਂ ਲੱਗੂ ਗੀ ਨਾ ਮੌਜ ਨਾਲ।"

" ਉਹ ਕਿਹੜੀ?"

"ਡੀ ਪੀ ਆਈ. ਸਾਹਿਬ ਤੋਂ ਆਗਿਆ ਵੀ ਤਾਂ ਮੰਗਣੀ ਐ ਨਾ ਮੌਜ ਨਾਲ।"

ਆਪਣੇ ਖੁਸ਼ਕ ਜਿਹੇ ਬੁੱਲ੍ਹਾਂ ਉੱਤੇ ਜੀਭ ਮਾਰਦਿਆਂ ਬਿੰਦਰ ਸਿੰਘ ਨੇ ਪੁੱਛਿਆ, "ਉਹ ਫੀਸ ਕਿੰਨੀ ਹੋਵੇਗੀ ਬਾਬੂ ਜੀ?"

"ਦਿਨ ਚਲੋ ਨਾਂ। ਅੱਜ ਤੁਸੀਂ ਏਥੇ ਈ ਆਜਿਓ। ਨਾ ਚੋਰ ਦਿਖੇ ਤੇ ਨਾ ਕੁੱਤਾ ਭੌਂਕੇ। ਸ਼ਾਮ ਲਾਲ ਈ ਮਾਣ ਨੀਂ। ਆਪਣੇ ਸਾਹਬ ਦਾ ਪੀਅਨ। ਬੱਸ ਤੁਸੀਂ ਇੱਕ ਬਾਟਲ ਲੈ ਆਇਓ, ਓਦਣ ਆਲੀਓ, ਗਰੀਨ ਲੇਬਲ। ਨਾ ਉਹਦੇ ਵਿਚ ਮਿਲਾਵਟ ਨਾ ਸ਼ਲਾਵਟ। ਉਹਦੇ ਨਾਲ ਇਕ ਰੋਸਟਡ ਬਰਾਇਲਰ। ਉਦੋਂ ਈਂ ਖਾਂਦੇ ਪੀਂਦੇ ਥੋਡਾ ਕੇਸ ਤਿਆਰ ਕਰਦਾਂਗੇ।"

ਬਿੰਦਰ ਸਿੰਘ ਨੇ ਬੱਚਿਆਂ ਦੀ ਸਿਫਾਰਸ਼ ਤੇ ਸਬਜ਼ੀ ਅਤੇ ਫਲ ਲੈ ਕੇ ਜਾਣਾ ਸੀ। ਉਸ ਨੇ ਓਹੀ ਪੈਸੇ ਅੱਖ ਬਚਾ ਕੇ ਅਮਲਾ ਕਲਰਕ ਨੂੰ ਫੜਾਉਂਦਿਆਂ ਕਿਹਾ। ਸ਼ਾਮੀਂ ਮੈਂ ਕੀ ਕਰੂੰ ਗਾ ਆ ਕੇ। ਆਹ ਲਓ ਪੈਸੇ ਤੁਸੀਂ ਆਵਦਾ ਸ਼ੁਗਲ ਕਰ ਲੈਣਾ।"

ਸ਼ਾਮ ਲਾਲ ਨੂੰ ਕਈਆਂ ਦਿਨਾਂ ਤੋਂ ਦਾਲ ਵਿਚ ਕੁਝ ਕਾਲਾ ਕਾਲਾ ਲੱਗਦਾ ਸੀ। ਇਸ ਲਈ



ਦਫਤਰ ਤੋਂ ਬਾਹਰ ਨਿਕਲਦੇ ਬਿੰਦਰ ਸਿੰਘ ਨੂੰ ਉਸ ਨੇ ਪੁੱਛ ਹੀ ਲਿਆ, "ਕੀ ਗੱਲ ਐ ਸਰ! ਸੁੱਖ ਨਾ ਅੱਜ ਕੱਲ ਦਫਤਰ ਦੇ ਗੇੜੇ ਮਾਰਦੇ ਓ?"

"ਬੱਸ ਊਂ ਈ ਸ਼ਾਮ ਲਾਲ ਜੀ।" ਕਹਿ ਕੇ ਬਿੰਦਰ ਸਿੰਘ ਸਟਾਫ ਰੂਮ ਵੱਲ ਚੱਲਿਆ ਗਿਆ ਸੀ।

ਘਰ ਜਾ ਕੇ ਬਿੰਦਰ ਸਿੰਘ ਨੇ ਆਪਣੀ ਹੱਡ ਬੀਤੀ ਆਪਣੀ ਬੀਵੀ ਨੂੰ ਦੱਸੀ ਸੀ। ਉਸ ਨੇ ਅਗੋਂ ਕਿਹਾ ਸੀ, "ਕੋਈ ਗੱਲ ਨੀਂ, ਅੱਜ ਕੱਲ੍ਹ ਇਉਂ ਈਂ ਚਲਦੈ। ਇਕ ਹੱਥ ਦੇ ਤੇ ਇੱਕ ਹੱਥ ਲੈ।"

"ਅਜੇ ਤਾਂ ਉਹ ਲੈ ਈ ਰਿਹੈ।"

"ਰੱਬ ਦੇ ਘਰ ਦੇਰ ਐ, ਹਨੇਰ ਨਹੀਂ।"

"ਇਹ ਤਾਂ ਰੱਬ ਦਾ ਘਰ ਨੀਂ ਬਾਊ ਦਾ ਘਰ ਐ।"

"ਜਿਹੜਾ ਪੈਸੇ ਜਾ ਘਰ ਦੁਆਊਗਾ, ਸਾਡੇ ਵਾਸਤੇ ਤਾਂ ਓਹੀ ਰੱਬ ਐ ਪ੍ਰੈਸ ਸਾਹਬ।"

"ਦੇਖੋ, ਊਠ ਕਿਸ ਕਰਵਟ ਬਹਿੰਦੈ।" ਕਹਿ ਕੇ ਬਿੰਦਰ ਸਿੰਘ ਨੇ ਹੌਕਾ ਲਿਆ ਸੀ।

ਬਿੰਦਰ ਸਿੰਘ ਨੇ ਜਾਣ ਬੁੱਝ ਕੇ ਇਕ ਦੋ ਦਿਨ ਹੋਰ ਕੱਢ ਦਿੱਤੇ ਸਨ। ਫਿਰ ਇਕ ਦਿਨ ਉਸ ਨੇ ਅਮਲਾ ਕਲਰਕ ਨੂੰ ਪੁੱਛਿਆ, "ਫਿਰ ਭੇਜਤਾ ਬਾਬੂ ਜੀ ਮੇਰੇ ਵਾਲਾ ਕੇਸ?" ਪਰ ਅਗੋਂ ਉਸ ਨੇ ਬੜਾ ਹੀ ਬਣਾ ਸੰਵਾਰ ਕੇ ਪੁਛਿਆ, "ਇਕ ਕਸਰ ਪੂਰੀ ਕਰੋਗੇ ਮੌਜ ਨਾਲ?"

"ਤੇ ਹੁਣ ਕੀ ਕਸਰ ਰਹਿ ਗਈ ਬਾਬਿਓ।" ਬਿੰਦਰ ਸਿੰਘ ਧੁਰ ਤੀਕ ਹਿੱਲ ਗਿਆ ਸੀ।

ਉਸ ਨੂੰ ਇੱਕ ਚੜ੍ਹ ਰਹੀ ਸੀ ਇੱਕ ਉੱਤਰ ਰਹੀ ਸੀ।

"ਕੇਸ ਤੇ ਘੁੱਗੀ ਨੀਂ ਮਰਵਾਉਣੀ ਸਾਹਬ ਤੋਂ, ਮੌਜ ਨਾਲ ਉਹਦੀ ਫੀਸ?"

ਬਿੰਦਰ ਸਿੰਘ ਨੇ ਗਲ ਵਾਲਾ ਥੁੱਕ ਅੰਦਰ ਨਿਘਾਰਦਿਆਂ ਪੁੱਛਿਆ, "ਉਹ ਕਿੰਨੀ ਕੁ ਹੋਊ?"

"ਸਾਹਬ ਦੀ ਹੈਸੀਅਤ ਮੁਤਾਬਕ ਇਕ ਹਜ਼ਾਰ ਤਾਂ ਬਾਹਲਾ ਨੀਂ ਮੌਜ ਨਾਲ।"

ਬਿੰਦਰ ਸਿੰਘ ਹੁਣ ਚੌਰਾਸੀ ਦੇ ਚੱਕਰ ਵਿਚ ਫਸ ਗਿਆ ਸੀ। ਜੇਕਰ ਹੁਣ ਉਹ ਇਕ ਹਜ਼ਾਰ ਰੁਪਿਆ ਦਿੰਦਾ ਤਾਂ ਉਸਦਾ ਪਹਿਲਾ ਦਿੱਤਾ ਲਿਆ ਤੇ ਖੁਆਇਆ ਪਿਆਇਆ ਵੀ ਖੂਹ ਖਾਤੇ ਵਿਚ ਜਾਂਦਾ ਸੀ! ਇਸ ਲਈ ਉਸ ਨੇ ਹੌਲੀ ਦੇਣੇ ਪੁੱਛਿਆ "ਥੋੜੇ ਘੱਟ ਨਹੀਂ ਹੋ ਸਕਦੇ? ਥੋਨੂੰ ਮੇਰੀ ਹਾਲਤ ਦਾ ਵੀ ਪਤਾ ਈ ਐ।" ਬਿੰਦਰ ਸਿੰਘ ਨੂੰ ਜਿਵੇਂ ਸਾਹ ਚੜ੍ਹ ਗਿਆ ਸੀ।

"ਪਾਤਸ਼ਾਹੋ! ਅੱਜ ਕੱਲ੍ਹ ਤਾਂ ਇਕ ਹਜ਼ਾਰ ਨਾਲ ਐਡੇ ਵੱਡੇ ਸਾਹਬ ਦੀ ਜੁੱਤੀ ਵੀ ਨਹੀਂ ਆਉਂਦੀ, ਥੋਡੀਆਂ ਕਿੱਥੇ ਭੌਂਉਂਦੀਆਂ ਨੇ ਮੌਜ ਨਾਲ?"

ਬਿੰਦਰ ਸਿੰਘ ਨੇ ਆਪਣੇ ਬੱਚਿਆਂ ਲਈ ਕਾਪੀਆਂ ਕਿਤਾਬਾਂ ਖਰੀਦਣੀਆਂ ਸਨ, ਉਹ ਓਹੀ ਪੈਸੇ ਅਮਲਾ ਕਲਰਕ ਨੂੰ ਫੜਾ ਗਿਆ। ਉਸ ਨੇ ਘਰ ਜਾ ਕੇ ਜਦੋਂ ਇਹ ਗੱਲ ਆਪਣੀ ਬੀਵੀ ਨੂੰ ਦੱਸੀ ਸੀ ਤਾਂ ਉਹ ਬੁੜਬੁੜਾਈ ਸੀ, "ਅੱਜ ਕੱਲ੍ਹ ਪ੍ਰਿੰਸੀਪਲ ਕਿਹੋ ਜੇ ਲਾਉਣ ਲੱਗ ਪੇ ਨੇ?"

ਦੋ ਦਿਨਾਂ ਬਾਅਦ ਫਿਰ ਜਦੋਂ ਬਿੰਦਰ ਸਿੰਘ ਅਮਲਾ ਕਲਰਕ ਕੋਲ ਜਾ ਰਿਹਾ ਸੀ ਤਾਂ ਸ਼ਾਮ ਲਾਲ ਨੇ ਉਸ ਨੂੰ ਕਿਹਾ ਸੀ, "ਜੇ ਕਰ ਮੈਂ ਥੋਡੇ ਕਿਸੇ ਕੰਮ ਆ ਸਕਦਾ ਹੋਵਾਂ ਤਾਂ ਦੱਸਣਾ ਸਰ ਜੀ।"

"ਜ਼ਰੂਰ ਦੱਸਾਂਗਾ।" ਕਹਿ ਕੇ ਬਿੰਦਰ ਸਿੰਘ ਅਮਲਾ ਕਲਰਕ ਦੇ ਬਰਾਬਰਲੀ ਕੁਰਸੀ ਉੱਤੇ ਜਾ ਬੈਠਾ ਸੀ। ਫਿਰ ਉਸ ਨੇ ਝਿਜਕਦਿਆਂ ਜਿਹਾ ਪੁੱਛਿਆ ਸੀ, "ਤੁਰ ਗਿਆ ਮੇਰਾ ਕੇਸ ਬਾਬੂ ਜੀ?"

"ਐਂ ਕਿਮੇਂ ਤੁਰ ਜੂ ਪ੍ਰੈਸ ਸਾਹਬ, ਮੌਜ ਨਾਲ। ਹੁਣ ਫਾਇਲ ਨੂੰ ਪਹੀਏ ਤਾਂ ਲਾਓ, ਪਾਤਸ਼ਾਹੋ ਮੌਜ ਨਾਲ।

"ਮਤਲਬ?" ਬਿੰਦਰ ਸਿੰਘ ਨੇ ਪੁੱਛਿਆ ਹੀ ਸੀ ਕਿ ਉਨ੍ਹਾਂ ਦੇ ਮਗਰ ਚੁੱਪ ਚਾਪ ਸ਼ਾਮ ਲਾਲ ਜਾ ਖਲੋਤਾ ਸੀ। ਉਨ੍ਹਾਂ ਦੋਨਾਂ ਜਣਿਆਂ ਦੀ ਉਸ ਵੱਲ ਪਿੱਠ ਸੀ।

"ਕੇਸ ਦੀ ਡਿਸਪੈਚ ਫੀਸ ਦਿਓ ਜਨਾਬ ਮੌਜ ਨਾਲ। ਡਿਸਪੈਚ ਤੇ ਵੀ ਤਾਂ ਪੈਸੇ ਲੱਗਦੇ ਨੇ।"

ਬਿੰਦਰ ਸਿੰਘ ਹੁਣ ਅੱਕ ਗਿਆ ਸੀ। ਉਸ ਨੇ ਅਮਲਾ ਕਲਰਕ ਦੇ ਗਲ ਵਿਚ ਹੱਥ ਪਾ ਲਿਆ ਸੀ। ਪਰ ਉਸ ਦਾ ਹੱਥ ਛੁਡਵਾਉਂਦਿਆਂ ਸ਼ਾਮ ਲਾਲ ਬਿੰਦਰ ਸਿੰਘ ਨੂੰ ਫੜ ਕੇ ਬਾਹਰ ਲੈ ਗਿਆ ਸੀ।

ਅਗਲੇ ਪਲ ਉਹ ਪ੍ਰਿੰਸੀਪਲ ਦੇ ਦਫ਼ਤਰ ਵਿੱਚ ਸਨ।

## ਕਹਾਣੀ ਬਾਰੇ ਇੱਕ ਗੱਲ/ਅਫ਼ਜ਼ਲ ਤੌਸੀਫ਼-(ਲਾਹੌਰ)

ਅੱਜ ਕਹਾਣੀ ਬੜੇ ਰੰਗ ਅਖਤਿਆਰ ਕਰ ਗਈ ਏ। ਤਕਨੀਕ ਦੀ ਸੰਗਲ ਉਹਨੇ ਚੰਗੀ ਖੁੱਲ੍ਹੀ ਕਰ ਲਈਏ ਤੇ ਦੁਨੀਆਂ ਦੇ ਫਾਸਲੇ ਵੀ ਬਹੁਤ ਘੱਟ ਗਏ ਨੇ। ਸਾਰੀ ਦੁਨੀਆਂ ਦੀ ਕਹਾਣੀ ਆਪਣੀ ਪਛਾਣ ਲੈ ਕੇ ਸਾਡੀ ਦੁਨੀਆਂ ਵਿੱਚ ਖਿੱਲਰ ਗਈ ਹੋਈ ਏ। ਸਾਡੀ ਕਹਾਣੀ ਤੀਸਰੀ ਦੁਨੀਆਂ ਦੀ ਕਹਾਣੀ ਏ। ਤੀਸਰੀ ਦੁਨੀਆਂ, ਜ਼ਮੀਨ ਦੇ ਉੱਤਰ-ਦੱਖਣ ਵਿੱਚ ਪਸਰੀ ਹੋਈ ਦੁਨੀਆਂ। ਏਥੇ ਧਰਤੀ ਦੇ ਸਭ ਤੋਂ ਬਹੁਤੇ, ਸਭ ਤੋਂ ਗਰੀਬ ਤੇ ਦੁਖੀ ਲੋਕ ਰਹਿੰਦੇ ਨੇ, ਇਹ ਲੋਕ ਜੰਮਦੇ ਨੇ, ਉਮਰ ਪਾ ਕੇ ਮਰ ਜਾਂਦੇ ਨੇ, ਦੁੱਖ ਭੋਗਣ ਤੋਂ ਵੱਧ ਕਾਰਨਾਮਾ ਕੋਈ ਨਹੀਂ ਕਰਦੇ। ਏਸੇ ਕਰਕੇ ਬਹੁਤੇ ਹੋ ਕੇ ਗੁੰਮਨਾਮ ਰਹਿੰਦੇ ਨੇ। ਤੀਸਰੀ ਦੁਨੀਆਂ ਦੇ ਲੋਕੀਂ ਕਹਾਣੀ ਵੀ ਘੱਟ ਲਿਖਦੇ ਨੇ। ਆਹੋ ਕਿਹਾ ਤਾਂ ਏਸੇ ਤਰ੍ਹਾਂ ਜਾਂਦਾ ਏ। ਪਰ ਕਹਾਣੀ ਲਿਖਣਾ ਲੋਕਾਂ ਦਾ ਕੰਮ ਵੀ ਤੇ ਨਹੀਂ। ਉਹਨਾਂ ਦਾ ਕੰਮ ਤਾਂ ਕਹਾਣੀ ਬਣਾਉਣੀ ਏਂ। ਸੋ ਸਾਡੀ ਤੀਸਰੇ ਦਰਜੇ ਦੀ ਦੁਨੀਆਂ ਦਾ ਹਰੇਕ ਆਦਮੀ ਇੱਕ ਕਹਾਣੀ ਨਾਲ ਜੀਊਂਦਾ, ਦੂਜੀ ਨਾਲ ਮਰ ਜਾਂਦਾ ਏ। ਇਹ ਗੱਲ ਮੈਨੂੰ ਪਤਾ ਏ ਕਿਉਂ ਜੋ ਮੈਂ ਆਪ ਉਹਨਾਂ ਵਿਚੋਂ ਈ ਹਾਂ।

ਮੈਨੂੰ ਇਹ ਵੀ ਪਤਾ ਏ ਪਈ ਤੀਸਰੀ ਦੁਨੀਆਂ ਜੋ ਆਬਾਦੀ ਤੇ ਹਿਸਟਰੀ ਦੇ ਹਿਸਾਬ ਨਾਲ ਪਹਿਲੇ ਨੰਬਰ ਦੀ ਦੁਨੀਆਂ ਏ। ਏਥੇ ਜੰਮਣ ਵਾਲੇ ਮਰਦ ਔਰਤ ਨੂੰ ਅਜਿਹੇ ਹਾਲਾਤ ਦੇਂਦੀ ਏ ਕਿ ਸ਼ੁਰੂ ਤੋਂ ਉਹਦੇ ਪਿੰਡੇ ਇੱਕ ਕਹਾਣੀ ਉੱਗਣਾ ਸ਼ੁਰੂ ਹੋ ਜਾਂਦੀ ਏ। ਅਕਾਸ਼-ਵੇਲ ਵਾਂਗ ਉਹ ਕਹਾਣੀ ਲਹੂ-ਚੂਸਣ ਵਾਲੀ ਹੁੰਦੀ ਏ, ਬੰਦੇ ਦੇ ਅੰਦਰ ਜੀਵਨ ਜੋਤ ਨੂੰ ਵਧਣ-ਫੁੱਲਣ ਨਹੀਂ ਦਿੰਦੀ, ਇਸੇ ਕਰਕੇ ਤੀਸਰੀ ਦੁਨੀਆਂ ਦੇ ਬਹੁਤੇ ਲੋਕੀਂ ਜ਼ਿੰਦਗੀ ਵੱਲ ਘੱਟ, ਮੌਤ ਵੱਲ ਬਹੁਤਾ ਵੇਖਦੇ ਨੇ। ਮੁਆਸ਼ਰਾ (ਆਰਥਿਕਤਾ) ਇਹਨਾਂ ਨੂੰ ਜੋ ਕੁਝ ਦੇਂਦਾ ਏ, ਉਹ ਭੁੱਖ, ਬੀਮਾਰੀ, ਮੁਫਲਿਸੀ (ਗਰੀਬੀ) ਤੰਗੀ ਤੇ ਬੇਖ਼ਬਰੀ ਏ। ਅਸਮਾਨੀਂ, ਜ਼ਮੀਨੀਂ, ਆਫਤਾਂ ਵੀ ਘੱਟ ਨਹੀਂ ਕਰਦੀਆਂ। ਹੋਰ ਕੁਝ ਨਹੀਂ ਤਾਂ ਇਹ ਆਪ ਇੱਕ ਦੂਜੇ ਨੂੰ ਕਤਲ ਕਰੀ ਜਾਂਦੇ ਨੇ, ਕਦੇ ਗਰੋਹ-ਦਰ ਗਰੋਹ ਕਦੇ ਕੱਲਾ-ਕੱਲਾ ਮਾਰੀ ਮਰੀ ਜਾਂਦੇ ਨੇ। ਫੇਰ ਵੀ ਆਬਾਦੀ ਚੌਗੁਣੀ ਰਹਿੰਦੀ ਏ। ਕਹਿਣ ਦਾ ਮਤਲਬ ਇਹ ਕਿ ਸਾਡੀ ਏਸ ਦੁਨੀਆਂ ਅੰਦਰ ਦੋਵੇਂ ਜਿਣਸਾਂ ਬਹੁਤ ਨੇ। ਆਦਮੀ ਵੀ ਤੇ ਕਹਾਣੀ ਵੀ, ਪਰ ਕਹਾਣੀਆਂ ਲਿਖਣੰ ਵਾਲੇ ਬੜੇ ਥੋੜ੍ਹੇ ਨੇ। ਕਹਾਣੀਆਂ ਜੰਮਦੀਆਂ ਬਹੁਤ, ਪਰ ਲਿਖੀਆਂ ਥੋੜ੍ਹੀਆਂ ਜਾਂਦੀਆਂ ਨੇ। ਏਸ ਦੀ ਵਜ੍ਹਾ ਕੁਝ ਹੋਰ ਵੀ ਹੋ ਸਕਦੀ ਏ, ਪਰ ਮੇਰੀ ਸਮਝ ਵਿੱਚ ਤਾਂ ਏਨਾ ਕੁ ਆਇਆ ਪਈ ਕਹਾਣੀਕਾਰ ਆਮ ਆਦਮੀ ਕੋਲੋਂ ਵੀ ਜ਼ਿਆਦਾ ਮੁਸ਼ਕਿਲ ਵਿੱਚ ਰਹਿੰਦਾ ਏ, ਕਹਾਣੀ ਲਿਖਣ ਵਾਲੇ ਨੂੰ ਏਨਾ ਅੰਦਰ ਬਾਹਰ ਆਜ਼ਾਦ ਤੇ ਨਿਰਪੱਖ ਰੱਖ ਕੇ ਕਹਾਣੀ ਲਿਖਣੀ ਹੁੰਦੀ ਏ। ਕਿਉਂ ਜੋ ਕਹਾਣੀ ਕਿਸੇ ਹੋਰ ਦੀ ਹੁੰਦੀ ਏ, ਪਰ ਨਹੀਂ, ਕਹਾਣੀਕਾਰ ਤਾਂ ਅਕਸਰ ਆਪਣੀ ਕਹਾਣੀ ਵਿੱਚ ਫਸਿਆ ਰਹਿੰਦਾ ਏ। ਉਹਦਾ ਤਜ਼ਰਬਾ ਲਹੂ ਮਾਸ ਵਿੱਚ ਢਲਦਾ ਨਹੀਂ। ਏਸੇ ਕਰਕੇ ਅਕਸਰ ਕਹਾਣੀ ਆਪਣੇ ਜੁੱਸੇ ਤੋਂ ਘੱਟ ਜਾਂਦੀ ਏ। ਅਕਸਰ ਕਹਾਣੀਕਾਰਾਂ ਕੋਲ ਏਸ ਹੌਂਸਲੇ ਦੀ ਘਾਟ ਹੁੰਦੀ ਏ ਕਿ ਉਹ ਆਪਣੀ ਖੱਲ ਵਿਚੋਂ ਕਹਾਣੀ ਕੱਢਣਾ ਸਕੇ। ਏਥੇ ਸਮਾਜ ਦਾ ਮਜਾਜ਼ ਗੱਲ ਜ਼ਾਹਿਰ (ਪ੍ਰਗਟ) ਕਰਨ ਦਾ ਨਹੀਂ, ਸਗੋਂ ਲੁਕੋ ਕੇ ਰੱਖਣ ਦਾ ਏ।

ਏਸ ਆਦਤ ਨੇ ਕਹਾਣੀ ਦਾ ਸੁਭਾਅ ਤੇ ਲਫ਼ਜ਼ਾਂ ਦੀ ਬਨਾਵਟ ਇੰਝ ਦੀ ਕਰ ਛੱਡੀ ਏ, ਜਿੰਨੀ ਕੁ ਗੱਲ ਆਖੀ ਜਾਵੇ, ਉਸ ਤੋਂ ਵੱਧ ਲੁਕੋ ਲਈ ਜਾਵੇ, ਫੇਰ ਵੀ ਦੇਸ਼ ਵਿੱਚ ਸਮਾਜਵਾਦੀ ਇਨਕਲਾਬਾਂ ਨੇ ਸਮਾਜ ਦੇ ਕਈ ਦਰਵਾਜ਼ੇ ਖੋਲ੍ਹ ਦਿੱਤੇ ਤਾਂ ਕਹਾਣੀ ਦੀ ਅੱਖ ਵੀ ਖੁੱਲ੍ਹ ਗਈ। ਲਿਖਾਰੀ ਦਾ ਦਿਲ ਵੀ ਆਜ਼ਾਦ ਹੋਇਆ। ਆਪਣੇ ਆਪ ਵਿਚੋਂ ਨਿਕਲ ਕੇ ਉਹਨੇ ਦੁਨੀਆਂ ਨੂੰ ਵੇਖਿਆ। ਨਵੇਂ ਅਦਬ ਨੂੰ ਪੜ੍ਹਿਆ, ਦੂਜੇ ਦੀ ਕਹਾਣੀ ਆਪਣੇ ਵਾਂਗ ਲਿਖਣੀ ਸ਼ੁਰੂ ਕੀਤੀ। ਆਪਣੀ ਕਹਾਣੀ ਵੀ ਦੂਜਿਆਂ ਵਾਸਤੇ ਲਿਖੀ।

ਮੈਂ ਆਪ ਵੀ ਦੋਹਾਂ ਤਰ੍ਹਾਂ ਦੇ ਹਾਲਾਤ ਦਾ ਅਸਰ ਲੈਂਦੀ ਰਹੀ ਹਾਂ। ਪਹਿਲਾਂ ਤਾਂ ਕਹਾਣੀ ਨਾਲ ਕਦੇ ਮੁਲਾਕਾਤ ਨਾ ਹੋਈ। ਫੇਰ ਜਦੋਂ ਮਿਲੀ ਤਾਂ ਇੱਕ ਹਜੂਮ ਸੀ। ਹਰ ਥਾਂ ਕਹਾਣੀ ਦੇ ਕਿਰਦਾਰ ਦਿੱਸਣ ਲੱਗ ਪਏ। ਘਰ ਗਲੀ ਕਾਲਜ, ਬਾਜ਼ਾਰ ਸਫ਼ਰ ਵਿੱਚ ਤੇ ਜੇਲ੍ਹ ਵਿੱਚ ਵੀ। ਜਿੱਥੋਂ-ਜਿੱਥੋਂ ਮੈਂ



ਲੰਘੀ, ਕਹਾਣੀ ਖੜ੍ਹੀ ਸੀ। ਕਿਸੇ-ਕਿਸੇ ਨੇ ਰਾਹ ਵੀ ਰੋਕ ਲਿਆ। ਕਈ ਗਲ ਪੈ ਗਈਆਂ, ਕੁਝ ਲੋਹੜੀ ਦੂਰ ਮਾਜ਼ੀ (ਭੂਤਕਾਲ) ਵਿੱਚ ਮੇਰੇ ਬਚਪਨ ਨੂੰ ਮਿਲੇ ਸੀ, ਉਨ੍ਹਾਂ ਦੀਆਂ ਕਹਾਣੀਆਂ ਦਾ ਕਲੇਮ ਵੀ ਮਿਲਿਆ। ਵਿਚੋਂ ਕਈ ਉਰਦੂ ਵਿੱਚ ਲਿਖੀਆਂ ਗਈਆਂ-ਕਈਆਂ ਨੂੰ ਪੰਜਾਬੀ ਵਿੱਚ ਲਿਖਣਾ ਠੀਕ ਲੱਗਾ। ਤਾਂ ਵੀ ਗੱਲ ਪੂਰੀ ਕਿੱਥੇ। ਬਹੁਤ ਸਾਰੀਆਂ ਕਹਾਣੀਆਂ ਵਾਸਤੇ ਲਫ਼ਜ਼ਾਂ ਦੀ ਘਾਟ ਰਹੀ-ਬਹੁਤ ਸਾਰੀਆਂ ਲਈ ਹੌਸਲੇ ਦੀ।

ਫੇਰ ਵੀ ਮੈਂ ਸਮਝਦੀ ਹਾਂ, ਪੜ੍ਹਨ ਵਾਲਿਆਂ ਨੇ ਮੈਨੂੰ ਦੱਸਿਆ ਵੀ ਏ, ਰੀਕਾਰਡ ਮਾੜਾ ਨਹੀਂ। "ਟਾਹਲੀ ਮੇਰੇ ਬੱਚੜੇ" ਜ਼ਮੀਨ ਪਰ 'ਲੋਟ ਆਨੇ ਕਾ ਦਿਨ' ਤੇ ਪੰਝੀਵਾਂ ਘੰਟਾ, ਹੁਣ ਤਾਈਂ 60 ਕਹਾਣੀਆਂ ਦਾ ਹਾਸਿਲ ਬੁਰਾ ਨਹੀਂ। ਆਉਂਦੇ ਸਾਲ ਵਾਧਾ ਲੈ ਕੇ ਆਵਣਗੇ। ਆਸ ਰਹਿੰਦੀ ਏ ਇਹਨਾਂ ਕਹਾਣੀਆਂ ਲਈ ਪੂਰੇ ਲਫਜ਼ ਹਾਸਿਲ ਕਰਾਂ। ਇਕ ਔਖਾ ਕੰਮ ਸੀ। ਕੁਝ ਪਰਿੰਦਿਆਂ ਨੂੰ ਪਰ ਲਾ ਕੇ ਉਡਾ ਦਿੱਤਾ। ਹੁਣ ਵੇਖੋ ਕੀ ਬਣਦਾ ਏ। ਘੁੱਗੀਆਂ ਕਿ ਕਬੂਤਰ। ਲੋੜ ਤਾਂ ਦੋਵਾਂ ਦੀ ਏ। ਅਮਨ ਦੀ ਸਫਾਰਤ ਤੇ ਦਿਲ ਦਾ ਪੈਗਾਮ, ਉਹਨਾਂ ਸਾਰਿਆਂ ਲਈ ਜੋ ਆਪਣੀ-ਆਪਣੀ ਕਹਾਣੀ ਦੀ ਲੋਈ ਲਪੇਟ ਕੇ ਬੈਠੇ ਹੋਏ ਨੇ, ਲਿਖ ਨਹੀਂ ਸਕਦੇ। ਦਿਲ ਤੇ ਝੱਲਦੇ ਨੇ। ਉਹਨਾਂ ਕੋਲ ਖ਼ਬਰੇ ਲਫ਼ਜ਼ ਨਹੀਂ ਜਾਂ ਮੁਹਲਤ ਨਹੀਂ, ਪਰ ਕਹਾਣੀ ਪੜ੍ਹ ਕੇ ਤਸੱਲੀ ਹੋਂਦੀ ਏ। ਲਿਖ ਕੇ ਉਸ ਥੀਂ ਵੱਧ ਮੈਨੂੰ ਆਪ ਲੱਗਦਾ ਏ ਮੇਰੇ ਕੋਲ ਇੱਕ ਗੱਲ ਸੀ, ਅਮਾਨਤ ਵਰਗੀ, ਸਾਂਭੀ ਨਹੀਂ ਜਾਂਦੀ। ਲਿਖ ਛੱਡੀ ਤਾਂ ਮਹਿਫ਼ੂਜ਼ (ਸੁਰੱਖਿਅਤ) ਹੋ ਗਈ। ਦਿਲ ਹਲਕਾ ਹੋ ਜਾਂਦਾ ਏ।

ਪਰ ਸਭ ਤੋਂ ਵੱਡੀ ਗੱਲ ਇਹ ਹੈ ਕਿ ਮੇਰਾ ਲਿਖਣਾ ਮੇਰਾ ਕਰਜ਼ ਲਾਹੁੰਦਾ ਏ। ਮੈਂ ਆਪਣੇ ਲੋਕਾਂ ਦੇ ਸਾਹਮਣੇ ਖੜ੍ਹੀ ਹੋ ਕੇ ਕਹਿ ਸਕਦੀ ਹਾਂ, "ਉਮਰ ਭਰ ਮੈਂ ਤੁਹਾਡੇ ਕੋਲੋਂ ਬਹੁਤ ਕੁਝ ਲਿਆ। ਅਜੇ ਮੇਰੀ ਹੈਸੀਅਤ ਹੈ, ਮੈਂ ਕੁਝ ਮੋੜ ਸਕਾਂ। ਤੁਹਾਡੇ ਲਈ ਇਹ ਕਹਾਣੀ ਦੀ ਸੌਗਾਤ ਏ।" ਮੇਰੀ ਖਾਹਿਸ਼ ਏ, ਮੈਂ ਹੋਰ ਲਿਖਾਂ, ਆਪਣੇ ਅੰਤ ਸਮੇਂ ਤੋੜੀ ਲਿਖਦੀ ਜਾਵਾਂ, ਤਾਂ ਜੋ ਮੇਰਾ ਵਜੂਦ ਹਲਕਾ ਫੁੱਲ ਹੋ ਜਾਵੇ। ਕਦੇ ਮੇਰੀ ਰੂਹ ਦਾ ਫੇਰਾ ਹੋਵੇ ਤਾਂ ਏਸ ਦੁਨੀਆਂ ਵਿੱਚ ਆਪਣਾ ਛੱਡਿਆ ਹੋਇਆ ਕੁਝ ਅਸਾਸਾ ਆਪਣਾ ਲਾਇਆ ਹੋਇਆ ਕੋਈ ਬੂਟਾ ਦਿਸੇ ਤਾਂ ਸਹੀ। ਚੰਗਾ ਹੁਣ ਤੁਸੀਂ ਵੇਖੋ ਮੈਂ ਕੀ ਲਿਖਿਆ ਏ। ਕਿੰਝ ਦਾ ਲਿਖਿਆ ਏ। (ਭੂਮਿਕਾ, ਪੰਝੀਵਾਂ ਘੰਟਾ ਕਹਾਣੀ-ਸੰਗ੍ਰਹਿ ਵਿਚੋਂ)।

**(ਪੰਜਾਬੀ ਰੂਪ : ਹ. ਸ. ਹ.)**

-0-


## ਚਿਰਾਗ ਬਾਰੇ ਜਾਣਕਾਰੀ

### ਫਾਰਮ IV

| | | | |
|---|---|---|---|
| 1. | ਪ੍ਰਕਾਸ਼ਨ ਸਥਾਨ | : | ਜਲੰਧਰ |
| 2. | ਪ੍ਰਕਾਸ਼ਨ-ਕਾਲ | : | ਤ੍ਰੈਮਾਸਕ |
| 3. | ਪ੍ਰਕਾਸ਼ਕ ਤੇ ਮਾਲਕ | : | ਡਾ. ਅਨੂਪ ਸਿੰਘ, ਭਾਈ ਰਤਨ ਸਿੰਘ ਯਾਦਗਾਰ ਟਰੱਸਟ, ਜਲੰਧਰ। |
| 4. | ਸੰਪਾਦਕ | : | ਹਰਭਜਨ ਸਿੰਘ ਹੁੰਦਲ, ਪਿੰਡ ਫੱਤੂ ਚੱਕ, ਡਾ. ਢਿੱਲਵਾਂ (ਕਪੂਰਥਲਾ) ਕੌਮ-ਭਾਰਤੀ |

5. ਮੈਂ ਡਾ. ਅਨੂਪ ਸਿੰਘ ਐਲਾਨ ਕਰਦਾ ਹਾਂ ਕਿ ਉੱਪਰ ਦਰਜ ਵੇਰਵੇ ਮੇਰੇ ਗਿਆਨ ਤੇ ਵਿਸ਼ਵਾਸ਼ ਅਨੁਸਾਰ ਸਹੀ ਹਨ।

**ਡਾ. ਅਨੂਪ ਸਿੰਘ**
**ਪ੍ਰਕਾਸ਼ਕ ਦੇ ਦਸਤਖਤ**

**ਮਿਤੀ : 1.1.97.**

## ਇੱਕ ਨਾਮੁਕੰਮਲ ਗ਼ਜ਼ਲ/ ਫ਼ਖ਼ਰ ਜ਼ਮਾਨ

ਸਾਨੂੰ ਡਾਢਾ ਲੋੜੀਂਦਾ ਏ ਅੱਜ ਇੱਕ ਦੁੱਲਾ ਭੱਟੀ ਹੋਰ
ਭੰਨੇ ਕਿੰਗਰੇ ਦਿੱਲੀ ਦੇ ਤੇ ਭਾਜੜ ਪਾਵੇ ਤਖ਼ਤ ਲਾਹੌਰ

ਅੱਜ ਦੀ ਰਾਤੀ ਜਾਗਦੇ ਰਹਿਣਾ ਲੋਕੋ ਉੱਕਾ ਅੱਖ ਨਾ ਲੱਗੇ
ਚੋਰ ਤੇ ਕੁੱਤੀ ਰਲ ਮਿਲ ਗਏ ਨੇ, ਵਧਿਆ ਸੰਨ੍ਹ ਦਾ ਖ਼ਤਰਾ ਹੋਰ

ਮੇਰੇ ਦੇਸ਼ ਦੇ ਬੰਦੀਵਾਨੋ, ਧੰਮੀ ਵੇਲੇ ਹੋਇਆ ਜੇ
ਜ਼ੁਲਮ ਦੀ ਕੰਧ ਹੁਣ ਉੱਲਰ ਪਈ ਜੇ, ਲਾਓ ਥੋੜਾ ਜੇਹਾ ਜ਼ੋਰ

-0-

## ਗ਼ਜ਼ਲ/ ਬਾਬਾ ਮਹਿਮਦ ਤੁਫ਼ੈਲ ਅਕਬਰ

ਬੜੀਆਂ ਤੱਤੀਆਂ ਧੁੱਪਾਂ ਦੇ ਸਾੜ ਝੱਲੇ
ਹੁਣ ਤੇ ਸਰਦ ਹਵਾਵਾਂ ਚੋਂ ਸੇਕ ਆਉਂਦਾ।
ਜਿਹੜੇ ਸਾਹਾਂ ਦੇ ਨਾਲ ਸੀ ਸਾਹ ਲੈਂਦੇ
ਉਹਨਾਂ ਭੈਣਾਂ ਭਰਾਵਾਂ 'ਚੋਂ ਸੇਕ ਆਉਂਦਾ।

ਅੱਲਾ ਕਰ ਕੇ ਤੇ ਫੇਰ ਉਹ ਵਕਤ ਆਵੇ
ਫੇਰ ਮਾਣੀਏ ਮੌਜ ਬਹਾਰ ਓਹੋ
ਹੁਣ ਤੇ ਜਿਹੜੇ ਵੀ ਰੁੱਖਾਂ ਦੇ ਹੇਠ ਜਾਈਏ
ਉਹਨਾਂ ਰੁੱਖਾਂ ਤੇ ਛਾਵਾਂ ਚੋਂ ਸੇਕ ਆਉਂਦਾ।

ਜਿੱਥੇ ਅਮਨ ਕਮੇਟੀਆਂ ਬਹਿੰਦੀਆਂ ਸੀ
ਜਿੱਥੇ ਵਿਹੰਦੇ ਸਾਂ ਅਸੀਂ ਇਤਫਾਕ ਹੁੰਦੇ,
ਹੁਣ ਤੇ ਓਥੇ ਵੀ ਜ਼ੁਲਮ ਨੇ ਅੱਤ ਚੁੱਕੀ
ਅੱਜ ਤੇ ਉਹਨਾਂ ਵੀ ਥਾਵਾਂ ਚੋਂ ਸੇਕ ਆਉਂਦਾ।

ਖਾਧੇ ਘੁਣ ਦੇ ਖੋਖਲੇ ਜੁੱਸਿਆਂ ਤੇ
ਕਦੋਂ ਤੀਕ ਖਲੋਤਿਆਂ ਹੈ ਰਹਿਣਾ
ਮੂੰਹ-ਜ਼ੋਰ ਮਹਿੰਗਾਈ ਨੇ ਢਾਹ ਲਿਆ ਏ,
ਹੁਣ ਤੇ ਆਪਣੇ ਸਾਹਾਂ ਚੋਂ ਸੇਕ ਆਉਂਦਾ।

ਰਿਸ਼ਤੇਦਾਰ ਜੋ ਮਿਲਦੇ ਸੀ ਨਾਲ ਚਾਵਾਂ
ਜਿਨ੍ਹਾਂ ਆਉਣ ਦੀ ਰਹਿੰਦੀ ਉਡੀਕ ਹੈ ਸੀ
ਵੇਖੋ ਉਹਨਾਂ ਵੀ ਅੱਖੀਆਂ ਬਦਲ ਲਈਆਂ
ਹੁਣ ਤੇ ਉਹਨਾਂ ਦੇ ਰਾਹਵਾਂ ਚੋਂ ਸੇਕ ਆਉਂਦਾ।

ਬੀਆਂ ਬਾਨਾਂ ਚੋਂ ਅੱਗੇ ਸੀ ਖ਼ੌਫ ਆਉਂਦਾ
ਖਤਰਨਾਕ ਹੈ ਸੀ ਰਸਤੇ ਜੰਗਲਾਂ ਦੇ,
ਅੱਜ ਦੇ ਘਰਾਂ ਦੇ ਵਿਚ ਨੇ ਕਤਲ ਹੁੰਦੇ
ਹੁਣ ਤੇ ਸ਼ਹਿਰਾਂ-ਗਰਾਵਾਂ ਚੋਂ ਸੇਕ ਆਉਂਦਾ



ਜਿਨ੍ਹਾ ਨਾਲ ਬਾਹਵਾਂ 'ਅਕਬਰ' ਪਾ ਜੱਫੀ
ਸੀਨੇ ਆਪਣੇ ਨੂੰ ਅਸੀਂ ਠਾਰਦੇ ਸਾਂ
ਅੱਜ ਤੇ ਨਫਰਤਾਂ ਭਰ ਗਈਆਂ ਦਿਲਾਂ ਅੰਦਰ
ਹੁਣ ਤੇ ਉਹਨਾਂ ਹੀ ਬਾਹਵਾਂ ਚੋਂ ਸੇਕ ਆਉਂਦਾ।

## ਗ਼ਜ਼ਲ/ ਮੁਨੀਰ ਸ਼ਾਦ (ਕਰਾਚੀ)

ਗਰਮੀ ਖ਼ੂਨ ਦੀ ਹਾਲੀ ਵੀ ਜਾਨ ਵਿਚ ਏ।
ਬਰਫ਼ ਜੰਮੀ ਹੋਈ ਭਾਵੇ ਮਕਾਨ ਵਿਚ ਏ।
ਅੰਵੇਂ ਦੁਨੀਆਂ ਨੇ ਸ਼ੋਰ ਮਚਾ ਦਿੱਤਾ
ਤੀਰ ਅਜੇ ਤੇ ਮੇਰੀ ਕਮਾਨ ਵਿਚ ਏ।
ਐਡੇ ਪੋਲੇ ਤਨਾਬਾਂ ਦੇ ਨਹੀਂ ਕੱਲੇ
ਝੱਖੜ ਪਤਾ ਨਹੀਂ ਕਿਹੜੇ ਗੁਮਾਨ ਵਿਚ ਏ।
ਐਵੇਂ ਸੁੱਤੀਆਂ ਪੀੜਾਂ ਨਹੀਂ ਜਾਗ ਪਈਆਂ
ਜਾਦੂ ਕੋਈ ਤੇ ਉਹਦੀ ਜ਼ੁਬਾਨ ਵਿਚ ਏ।
ਨਹੀਂ ਦਰਦ ਫਰਿਸ਼ਤੇ ਵੰਡਾਣ ਜੋਗੇ
ਇਹ ਵਸਫ਼ ਤੇ ਸਿਰਫ ਇਨਸਾਨ ਵਿਚ ਏ।
'ਸ਼ਾਦ' ਕੰਢੇ ਤੇ ਤੌਬਾ ਦੀ ਵਾਜ ਆਈ
ਕਿਸ਼ਤੀ ਘਿਰੀ ਹੋਈ ਕੋਈ ਤੂਫ਼ਾਨ ਵਿਚ ਏ।

('ਹੱਕ' ਲਾਹੌਰ ਅੰਕ ਨੰ. 7 ਚੋਂ)

## ਗ਼ਜ਼ਲ/ਜਾਵੇਦ ਰਾਏ

ਮੈਂ ਆਪਣੀ ਸੋਚ ਨੂੰ ਅਕਸਰ ਸ਼ਿਅਰਾਂ 'ਚ ਢਾਲਦਾ ਰਹਿੰਨਾ।
ਹਯਾਤੀ ਦੀ ਥਕਨ ਨੂੰ ਐਵੇਂ ਹੱਥ ਦੇ ਟਾਲਦਾ ਰਹਿਨਾ।
ਮੈਂ ਕਦ ਆਜ਼ਾਦ ਹੋਵਾਂਗਾ, ਹਨੇਰੇ ਦੀ ਗੁਲਾਮੀ ਤੋਂ
ਮੈਂ ਸੋਚਾਂ ਦੇ ਨਜ਼ਰ 'ਚ ਐਸੇ ਦੀਵੇ ਬਾਲਦਾ ਰਹਿਨਾ।
ਹਯਾਤੀ ਦੇ ਅਮਲ 'ਚ ਰੌਸ਼ਨੀ ਦਾ ਹੱਥ ਵੰਡਾਵਣ ਲਈ
ਮੈਂ ਆਪਣੀ ਫ਼ਿਕਰ ਦੇ ਖਰਬਾਂ ਈ ਸੂਰਜ ਜਾਲਦਾ ਰਹਿੰਨਾ।
ਕੋਈ ਵੀ ਗ਼ਮ ਨਹੀਂ, ਪਰ ਗ਼ਮ ਹੈ ਮੈਨੂੰ ਬਸ ਹਯਾਤੀ ਦਾ
ਮੈਂ ਏਸੇ ਗ਼ਮ 'ਚ ਗ਼ਮ ਦੇ ਸਾਰੇ ਝੇੜੇ ਪਾਲਦਾ ਰਹਿਨਾ।
ਤੂੰ ਮੰਨੇ ਜਾ ਨਾ ਮੰਨੇ ਪਰ ਮੈਂ ਇਹ ਗੱਲ ਦਸ ਦਿਆਂ ਤੈਨੂੰ
ਮੈਂ ਖ਼ਾਬਾਂ 'ਚ, ਖਿਆਲਾਂ 'ਚ ਤੈਨੂੰ ਈ ਭਾਲਦਾ ਰਹਿੰਨਾ।

## ਗ਼ਜ਼ਲ/ ਬਾਬਾ ਨਜ਼ਮੀ

ਸਾਡੀ ਹਿੱਕ ਤੇ ਵਾਹ ਕੇ ਲੀਕ, ਟੁਰ ਗਏ ਨੇ
ਆਪਣਾ ਕਰ ਕੇ ਕੰਮ ਸ਼ਰੀਕ, ਟੁਰ ਗਏ ਨੇ,
ਹੁਣ ਕੀ ਫਾਇਦਾ ਸਾਨੂੰ ਅੱਖਾਂ ਖੁੱਲ੍ਹੀਆਂ ਦਾ
ਸੀਨੇ ਵਿਚ ਦਬਾ ਚੀਕ, ਟੁਰ ਗਏ ਨੇ।
ਹੁਣ ਤੇ ਜੁੱਸਾ ਖਾਲੀ ਬੋਤਲ ਵਰਗਾ ਏ
ਪੀਵਣ ਵਾਲੇ ਲਾ ਕੇ ਡੀਕ, ਟੁਰ ਗਏ ਨੇ।
ਸਦੀਆਂ ਦੇ ਲਈ ਧਰਤੀ ਦੇ ਗੱਦਾਰਾਂ ਦੇ
ਮਸਲੇ ਸੱਭੇ ਕਰ ਕੇ ਠੀਕ, ਟੁਰ ਗਏ ਨੇ।

ਉਹਨਾਂ ਜ਼ਿੰਦਾ ਰਹਿਣਾ ਜਿਹੜੇ ਦੁਨੀਆਂ ਦੇ
ਕਰ ਕੇ ਜੋ ਵੀ ਕੰਨ ਬਰੀਕ, ਟੁਰ ਗਏ ਨੇ।
ਜਿਹਨਾਂ ਬਾਝੋਂ ਕੁਝ ਵੀ ਚੰਗਾ ਲਗਦਾ ਨਹੀਂ
ਕਿਹੜੇ ਪਾਸੇ ਉਹ ਵਸਨੀਕ, ਟੁਰ ਗਏ ਨੇ।
ਦੁਸ਼ਮਣ ਨਾਲੋਂ ਸੱਜਣ ਪਹਿਲਾਂ ਬਾਬਾ ਵੇਖ
ਹੁੰਦਾ ਭੋਰਾ ਕੱਦ ਵਧੀਕ, ਟੁਰ ਗਏ ਨੇ।
ਦੱਸਦਾ ਕਿਉਂ ਨਹੀਂ ਰੱਬਾ ਲੱਖਾਂ ਹਾਰੀ ਦੇ
ਡਾਚੀਆਂ ਵਾਲੇ ਕਿੱਥੋਂ ਤੀਕ, ਟੁਰ ਗਏ ਨੇ।
(ਸਾਹਿਤ ਵਰ੍ਹੇ ਵਾਰ 1997, ਲਾਹੌਰ)

**ਗ਼ਜ਼ਲ/ਨਾਦਰ ਜਾਜਵੀ (ਫੈਸਲਾਬਾਦ)**

ਤਨ ਦੀਆਂ ਉਸਰੀਆਂ ਕੰਧਾਂ ਵੱਲੇ ਕੋਈ ਧਿਆਨ ਨਹੀਂ ਹੋਇਆ।
ਅੰਦਰ ਦੇ ਬੂਹੇ ਵੀ ਭੱਜੇ ਪਰ ਨੁਕਸਾਨ ਨਹੀਂ ਹੋਇਆ।
ਮੈਂ ਉਹਦੇ ਕਰਤੂਤਾਂ ਪਾਰੋਂ ਜੱਗ ਵਿਚ ਨੀਵੀਂ ਪਾਈ
ਉਹ ਆਪਣੇ ਕਰਤੂਤਾਂ ਉੱਤੇ, ਨਿੰਮੋਝੂਣਾ ਨਹੀਂ ਹੋਇਆ।
ਕਿੰਨੇ ਬੰਦੇ ਜਿਹੜੇ ਹੁਣ ਤੱਕ ਸੁਸਰੀ ਵਾਂਗੂੰ ਸੌਂ ਗਏ
ਕਿਹੜਾ ਵਿਹੜਾ ਜਿਹੜਾ ਅੱਜ ਤੱਕ ਲਹੂ-ਲੁਹਾਨ ਨਹੀਂ ਹੋਇਆ
ਮੇਰੀ ਧਰਤੀ ਮਾਏ ਮੈਨੂੰ ਆਪ ਇਹ ਹਿਰਖ ਬੜਾ ਏ,
ਕੋਈ ਜਜ਼ਬਾ ਤੇਰੇ ਉੱਤੋਂ, ਮੈਥੋਂ ਦਾਨ ਨਹੀਂ ਹੋਇਆ।
ਮੇਰੇ ਘਰ ਦੀਆਂ ਭੀਤਾਂ ਵਿਚ ਦੀ ਰੁਸ਼ਨਾਈ ਆਉਂਦੀ
ਮੇਰੇ ਕੋਲੋਂ ਆਲ ਦੁਆਲ ਦਾ ਨੇਰਾ ਛਾਣ ਨਹੀਂ ਹੋਇਆ।
ਉਹ ਦੀ ਅੱਖ ਨੇ ਕਿੰਨੀ ਵਾਰੀ ਚੇਤਰ ਰੁੱਤ ਵਰਤਾਈ
ਸ਼ੁਹਦੇ ਦਿਲ ਤੋਂ ਉਹਦੀ ਖਾਤਰ ਕੋਈ ਸਾਮਾਨ ਨਹੀਂ ਹੋਇਆ।
ਮਾਂ ਪਿਓ ਦੇ ਢੱਠੇ ਹੋਏ ਖੋਲੇ ਰਸਤਾ ਤੱਕਦੇ ਰਹਿ ਗਏ
ਸ਼ਹਿਰ 'ਚ ਵਸਦਿਆਂ ਕੋਲੋਂ 'ਨਾਦਰ' ਪਿੰਡ ਵਲ ਜਾਣ ਨਹੀ ਹੋਇਆ
('ਹੱਕ' ਪਤ੍ਰਿਕਾ ਅੰਕ ਨੰ. 7 ਵਿਚੋਂ)

*** ਮਜ਼ਹਰ ਤਿਰਮਜ਼ੀ ਦੀਆਂ ਚਾਰ ਨਜ਼ਮਾਂ**

**1. ਰਿਜ਼ਕ ਉਦਾਸ ਜੀਹਨਾ ਦਾ**

ਕੱਲੇ ਘਰ ਦਾ ਵਿਹੜਾ
ਰੁੱਖ ਤੇ ਨਾ ਪੱਤਰ ਨਾ ਚਿੜੀਆਂ
ਅਜਬ ਜੇਹੀ ਇਕ ਹਿਜਰ ਉਦਾਸੀ
ਅਜਬ ਜੇਹੀ ਪਰਭਾਤ।
ਕੰਧਾਂ ਤੇ ਅਧਮੋਈਆਂ ਵੇਲਾਂ
ਪੀਲੇ ਜਿਨ੍ਹਾਂ ਦੇ ਪਾਤ।
ਨਾ ਕੋਈ ਕਰਦਾ ਗਈਆਂ ਦਾ ਕਿੱਸਾ
ਨਾ ਕੋਈ ਪਾਉਂਦਾ ਬਾਤ।
ਰਾਤ ਪਈ ਤੇ ਚੰਨ ਇੰਝ ਚੜ੍ਹਿਆ
ਜਿਉਂ ਅੰਬਰਾਂ ਹੱਥ ਦਾਤ।
ਚੁੱਪ ਦਾ ਮੇਲਾ ਮੱਘ ਸੀ
ਰੋਗ ਜਿਹਾ ਕੋਈ ਸੱਖ ਸੀ,



**2. ਫੁੱਲ ਦੇ ਪਰਾਹੁਣੇ**

ਮਸਤ ਹਵਾ ਦਾ ਪਹੀਆ ਗਿੜਿਆ
ਨਾਲ ਅਸਾਡੇ ਰੁੱਖਾਂ ਦੀ ਛਾਂ ਲੈ ਕੇ
ਨਿੰਮਾ ਨਿੰਮਾ ਹਾਸਾ ਹੱਸਦਾ ਫੁੱਲਾਂ ਦਾ ਸੰਗ ਟਰਿਆ।
ਅਜਬ ਦੁਪਹਿਰ ਸੀ ਸ਼ਹਿਰ ਤੇਰੇ ਦੀ
ਜੀਵਨ ਧੁੱਪ ਵਿਚ ਕਿਸੇ ਨਸ਼ੀਲੇ ਹਾਸੇ ਦੀ ਫੁਲਝੜੀ
ਫੁੱਲ ਹੀ ਫੁਲ ਸਨ
ਕੁਝ ਰਾਹਾਂ ਵਿਚ ਰਹਿ ਗਏ
ਕੁਝ ਹੌਲੀ ਜਹੀ ਕਹਿ ਗਏ
ਫੇਰ ਕਦੋਂ ਆਵੇਂਗੀ ਖੁਸ਼ਬੋਏ ਮਰੀਏ?

**3. ਇੱਕ ਗ਼ਮਜ਼ਦਾ ਇਨਕਲਾਬੀ ਦੋਸਤ ਲਈ ਗੀਤ**

ਕਾਹਦੀ ਚਿੰਤਾ ਰਹਿੰਦੀ ਏ
ਆਪਣੇ ਹੋਣ ਤੋਂ ਵੱਧ ਕੇ ਵੀ ਕੋਈ ਹੋਣੀ ਏ
ਗੁਜ਼ਰੀ ਰਾਤ ਦਾ ਝਉਲਾ ਏ।
ਰਾਤ ਸਮੁੰਦਰ ਦਿਨ ਦੇ ਕੰਢੇ ਖੋਰੇ ਨੇ
ਜੋ ਪਹਿਲਾਂ ਸਨ ਅੱਜ ਵੀ ਉਹੋ ਝੋਰੇ ਨੇ
ਇਕ ਬਿੜਕ ਜਹੀ ਕੋਈ ਨੱਤੇ ਨੱਤੇ ਰਹਿੰਦੀ ਏ
ਸਾਡੇ ਖਵਾਬ ਹਨੇਰੀਆਂ ਦੇ ਨਾਲ ਖਹਿੰਦੀ ਏ
ਆ ਤੱਕੀਏ ਬੱਦਲਾਂ ਨੂੰ ਜਿਹੜੇ
ਪਲ ਦੋ ਪਲ ਲਈ ਤੱਕਦੇ ਨੇ
ਆ ਤੱਕੀਏ ਰੁੱਖਾਂ ਨੂੰ ਜਿਹੜੇ ਅਸਮਾਨਾਂ ਵੱਲ ਤੱਕਦੇ ਨੇ
ਭਾਵੇਂ ਇਸ ਨੂੰ ਬਦਲ ਸਕੇ ਨਹੀਂ
ਆ ਇਸ ਜੱਗ ਦਾ ਗਾਵਣ ਗਾਈਏ
ਇਹਨੂੰ ਸਦਾ ਉਡੀਕ ਰਹੀ ਏ ਸਾਡੀ।

**4. ਸਤਰੰਗੀ ਪੀਂਘ ਵੇਖ ਕੇ**

ਇਹ ਗੁੰਮ ਸੁੰਮ ਮੁਰਦਾਰ ਉਦਾਸੀ
ਉਮਰਾਂ ਦੇ ਇਸ ਸ਼ੀਸ਼ੇ ਅੰਦਰ
ਆਪਣੀ ਸ਼ਕਲ ਪਰਾਈ ਲੱਗੇ
ਵਰ੍ਹਿਆਂ ਤੋਂ ਚੁੱਪ ਅੱਖੀਆਂ
ਇੱਕ ਦੂਜੇ ਨੂੰ ਪੁੱਛਣ
ਇਹ ਕਿਹੜੀ ਰੁੱਤ ਸਾਡੇ ਦਰਦ ਵੰਡਾਵਣ ਆਈ
ਸੁੱਤੀਆਂ ਕਲਾਂ ਜਗਾਵਣ ਆਈ
ਧਰਤੀ ਉਪਰ ਅੰਬਰਾਂ ਦੀ ਉਹ ਖੇਡ ਪੁਰਾਣੀ
ਪਲ ਦੋ ਪਲ ਦਾ ਝੂਟਾ ਏ
ਇਹ ਸਤਰੰਗੀ ਪੀਂਘ ਸਦਾ ਨਹੀਂ ਚੜ੍ਹਨੀ
ਜੇ ਹੋਣੀ ਦਾ ਰੋਗ ਭੁਲਾਇਆਂ ਭੁੱਲ ਜਾਵੇ
ਅਜ਼ਲਾਂ ਦਾ ਕੋਈ ਬੰਦ ਦਰਵਾਜ਼ਾ ਖੁੱਲ੍ਹ ਜਾਵੇ।
(ਕਾਇਆਂ ਕਾਗਦੁ 'ਚੋਂ)

**ਲਿੱਪੀ-ਰੂਪਾਤਰ: ਹ.ਸ.ਹ.**

**ਕਹਾਣੀ**

## ਫਰਕ/ ਜਸਵੀਰ ਕਲਸੀ

ਅਸਾਦੀ ਵਧਣ ਕਰਕੇ ਪਿੰਡਾਂ 'ਚੋਂ ਪਿੰਡ ਵਿਚਲਾ ਘਰ ਵੇਚ ਜਾਂ ਖਾਲੀ ਭਾਂ-ਭਾਂ ਕਰਦਾ ਛੱਡ, ਖੇਤਾਂ ਵਿੱਚ ਅਲੀਆਂ ਹਵੇਲੀਆਂ ਬਣਨ ਲੱਗੀਆਂ। ਬਚਨ ਸਿੰਘ ਨੇ ਅੰਦਰਲਾ ਘਰ, ਭਰਾ ਨੂੰ ਵੇਚ, ਨਵਾਂ ਘਰ ਖੇਤ ਬਣਾ ਲਿਆ। ਤੇ ਰਤਨ ਸਿੰਘ ਨੇ ਖੇਤੀ ਦੇ ਵਿਹਲੇ ਦਿਨਾਂ ਵਿਚ ਆਪਣਾ ਅਤੇ ਬਚਨ ਸਿੰਘ ਵਾਲਾ ਕੱਚ-ਪੱਕਾ ਢਾਹ ਦਿੱਤਾ। ਨਵਾਂ ਉਸਾਰਨ ਲਈ ਮਿਸਤਰੀ ਲਾ ਦਿੱਤੇ।

ਕੰਮ ਨੂੰ ਅੱਜ ਤੀਜਾ ਦਿਨ ਸੀ। ਦੁਪਿਹਰ ਦੀ ਰੋਟੀ ਖਾਣ ਦੋਨੋਂ ਮਿਸਤਰੀ ਵਿਹੜੇ 'ਚ ਡੱਠੇ ਮੰਜਿਆਂ ਤੇ ਜਾ ਬੈਠੇ। ਮਜ਼ਦੂਰਾਂ 'ਚ ਇਕ ਰਤਨ ਸਿੰਘ ਦਾ ਸੀਰੀ ਮੇਜਰ ਸਿੰਘ। ਇਕ ਹੈ ਲਾਲ ਸਿੰਘ, ਦੋ ਬਿਹਾਰੀ ਭਈਏ।

ਰਤਨ ਸਿੰਘ ਸਵੇਰ ਦਾ ਸ਼ਹਿਰ ਗਿਆ। ਚੌਂਕੇ 'ਚ ਉਸਦੀ ਪਤਨੀ ਹਰਨਾਮ ਕੌਰ ਅਤੇ ਦੋ ਮੁਟਿਆਰ ਧੀਆਂ। ਉਹ ਰੋਟੀ ਨੂੰ ਕਾਹਲੀ ਕਾਹਲੀ ਪਰੋਸ ਰਹੀਆਂ। ਲਾਲ ਸਿੰਘ ਰੋਟੀ ਖਾਂਦਿਆਂ ਆਪਣੇ ਆਪ ਨਾਲ ਗੱਲਾਂ ਅਹੁੜਦੀਆਂ....ਦੁਨੀਆਂ ਦੇ ਰੰਗ? ਬਈ ਕਮਾਲ ਦੇ ਨੇ। ਕਿਧਰੇ ਤਾਂ ਦਵੈਤ ਭਾਵਨੈ। ਕਿੱਧਰੇ ਕੋਈ ਫ਼ਰਕ ਨਹੀਂ। ਬੰਦੇ ਤਾਂ ਸਾਰੇ ਹੱਡਮਾਸ ਦੇ ਨੇ। ਉ, ਦਿਮਾਗ ਆਪਣੇ ਆਪਣੇ?"

ਸੋਚਦਾ ਸੋਚਦਾ ਸਵਾਲ ਜਵਾਬ ਹੋ ਰਿਹਾ.... ਕੋਈ ਨਿੰਦ ਵਿਚਾਰ ਨਈ? ਮੇਜਰ ਸਿਹੁ ਤਾਂ ਜ਼ਾਤ-ਪਾਤ ਵਾਲਿਆਂ ਦੀ ਨਜ਼ਰ 'ਚ ਭਿੱਟ ਸਮਝਿਆ ਜਾਂਦੈ। ਫਿਰ ਮੈਨੂੰ ਵੀ ਤਾਂ ਭਿੱਟ ਸਮਝਦੇ ਨੇ। ਮੈਂ ਵੀ ਤਾਂ ਮੇਜਰ ਦੀ ਬਰਾਦਰੀ....।'

ਲਾਲ ਸਿੰਘ ਨੇ ਰੋਟੀ ਖਾ ਲਈ। ਜੂਠੇ ਭਾਂਡੇ ਮੰਜੇ ਦੇ ਪਾਵੇ ਨਾਲ ਰੱਖ ਦਿੱਤੇ। ਗਲਾਸ 'ਚ ਬਾਕੀ ਬਚੇ ਪਾਣੀ ਨਾਲ ਕੁਰਲੀ ਕੀਤੀ। ਹੱਥ ਧੋਤੇ, ਚੌਂਕੜੀ ਮਾਰ ਬਹਿੰਦਿਆਂ ਮਿਸਤਰੀਆਂ ਵੱਲ ਤੱਕਿਆ। ਨੇੜੇ ਹੀ ਭਈਏ ਰੋਟੀ ਖਾਣ ਵਿਚ ਮਸਤ ਹਨ। ਭਜਨ ਸਿੰਘ ਮਿਸਤਰੀ ਦੀ ਨਿਗ੍ਹਾ ਉਹਨਾਂ ਵਿੱਚ ਹੈ ਤੇ ਉਸ ਆਖਿਆ, "ਵੇਖ ਲਾਲਿਆ, ਆ ਭਈਏ ਵੇਖ! ਕਿਵੇਂ ਆਲੇ ਆਗੂੰ ਮੂੰਹ ਅੱਡਦੇ ਨੇ! ਏਹ ਤਾਂ ਇਉਂ ਲੱਗਦੇ ਭੁੱਖੇ ਈ ਰਹਿੰਦੇ ਨੇ?"

"ਬਾਈ, ਜੇ ਰੱਜੇ ਹੋਣ ਤਾਂ ਐਧਰ ਪੰਜਾਬ 'ਚ ਕੀ ਲੈਣ ਔਣ। ਬੰਦਾ ਢਿੱਡ ਦੀ ਖਾਤਰ ਤੁਰਿਆ ਫਿਰਦੈ।"

ਉਹ ਆਪਣੀ ਗੱਲ ਆਖ ਖਾਮੋਸ਼ ਹੋ ਗਿਆ। ਤੇ ਫਿਰ ਉਸਦੇ ਕੰਨਾਂ 'ਚ ਅਵਾਜ਼ ਗੂੰਜੀ......

'ਓ ਲਾਲ ਸਿਹਾਂ ਏਹ ਭਈਏ ਤਾਂ ਜਿੱਦਣ ਦਿਹਾੜੀ ਨਾ ਮਿਲੇ, ਰੋਟੀ ਨਈਂ ਖਾਂਦੇ। ਆਂਹਦੇ ਨੇ ਪੈਸ਼ਾ ਖਰਚ ਹੋਊ। ਬਲਾ ਕੰਜੂਸ ਨੇ....।"

"ਕੰਜੂਸ ਵੀ ਹੋਣਾ ਹੋਇਐ....।"

ਭਜਨ ਸਿੰਘ ਨੂੰ ਜਵਾਬ ਨਹੀਂ ਅਹੁੜਿਆ ਸੀ। ਤੇ ਲਾਲ ਸਿੰਘ ਨੇ ਫਿਰ ਕਿਹਾ, "ਬਾਈ ਜੀ, ਚੱਲ ਛੱਡ। ਮੇਰੀ ਸੁਣ ਮੈਂ ਅੱਜ ਤੇਰੇ ਕੋਲ ਸ਼ਹਿਰ ਰਾਤ ਰਹਿਣੈਂ?"

ਲਾਲ ਸਿੰਘ ਤਾਂ ਹਲਕਾ-ਫੁਲਕਾ ਹੋ ਗਿਆ ਸੀ। ਪਰ ਮਿਸਤਰੀਆਂ ਉਸਦੀ ਗੱਲ ਨਾ ਗੌਲੀ।

"ਕਿਉਂ ਬਈ ਮੇਜਰਾ ਗੁੜ ਲਿਆਉਣੈ ਭੁੱਲ ਗਿਆ? ਜਾ ਲਿਆ ਭੱਜ ਕੇ?" ਭਜਨ ਸਿੰਘ ਨੇ ਕਿਹਾ ਸੀ।

"ਮੱਚ ਗਿਆ ਮੋਹ। ਦਾਲ 'ਚ ਮਿਰਚਾਂ ਜਾਦੀਐਂ ਕਿ ਮੂੰਹ ਈ ਪੱਕਿਐ....?"

ਝੱਟ ਕੁ ਬਾਅਦ ਮਜਰ ਨੇ ਗੁੜ ਦਾ ਡਲਾ, ਮੰਜੇ ਦੇ ਪਾਵੇ ਦੇ ਸਿਰ 'ਤੇ ਭੰਨਿਆ। ਡਲੀ-ਡਲੀ ਵੰਡ ਦਿੱਤਾ। ਜੂਠੇ ਭਾਂਡੇ ਚੁੱਕਣ ਰੁੱਝ ਗਿਆ। ਲਾਲ ਸਿੰਘ ਮੌਕੇ ਨੂੰ ਤਾੜ ਰਿਹਾ ਸੀ। ਉਸ ਬੁਲ੍ਹ ਨਿਖੇੜੇ, "ਮੈਂ ਵੇਚਣੀ ਆ ਗਊ। ਸਵੇਰੇ ਚੜਿੱਕ ਦੀ ਮੰਡੀ ਏ...। ਕੁੜੀ ਦਾ ਵਿਆਹ ਕਰਨੈ...।"

ਮਿਸਤਰੀਆਂ ਦੇ ਦਿਮਾਗ ਨੂੰ ਝਟਕਾ ਲੱਗਾ। ਹੱਥ ਉਧਾਰ ਦੇਣੇ ਪੈਣਗੇ? ਮੁੜਣਗੇ ਜਾਂ ਨਹੀਂ? ਸੌਦਾ ਹੀ ਉਧਾਰ ਲੈ ਕੇ ਦੇਣ ਨੂੰ ਕਹੇ....।

ਲਾਲ ਸਿੰਘ ਚੁੱਪ ਸੀ।

"ਸ਼ਹਿਰ ਕਿਵੇਂ ਰਾਤ ਰਹਿਣੈ?" ਭਜਨ ਸਿੰਘ ਨੇ ਪੁੱਛਿਆ।



"ਗਊ ਜੇ ਮੰਡੀ ਲਿਜਾਣੀ ਏ। ਮੈਂ ਸੋਚਿਆ ਤੇਰੇ ਕੋਲ ਰਹਿਣ ਨਾਲ ਵਾਟ ਘੱਟ ਜਾਊ...।' ਮਿਸਤਰੀ ਚੁੱਪ ਹਨ।

"ਹਾਰ ਕੇ ਗਊ ਵੇਚਣ ਦੀ ਸਲਾਹ ਬਣਾਈ ਏ।" ਲਾਲ ਸਿੰਘ ਤਾਂ ਖਿੱਲ ਕੀਤੇ ਸੁਹਾਗੇ ਵਾਂਗ ਹੌਲਾ ਫੁਲ ਸੀ। ਮਿਸਤਰੀ ਵੀ ਹੁਣ ਤਾਂ ਸੌਖਾਲੇ ਸਨ। ਕਿ ਲਾਲ ਸਿੰਘ ਨੇ ਕੋਈ ਮੰਗ ਨਹੀਂ ਕੀਤੀ। ਪਰ ਲਾਲ ਸਿੰਘ ਗੰਭੀਰ ਸੀ। ਉਸਦੀ ਨਿਗ੍ਹਾ ਮੰਜੇ ਦੀ ਦਉਣ 'ਚ ਆਰ ਪਾਰ ਹੁੰਦੀ। ਕੁਝ ਲੱਭਣਾ ਹੋਵੇ? ਨਿਗ੍ਹਾ ਟਿਕਦੀ ਤੇ ਪਾਟ ਜਾਂਦੀ। ਰੱਸੀ ਇਕ ਤੋਂ ਦੋ ਦਿਸਦੀਆਂ। ਤੇ ਫਿਰ ਉਹ ਉਖੜ ਗਿਆ।

"ਆਥਣੇ ਘੰਟਾ ਪਹਿਲਾਂ ਵੀ ਜਾਣਾ ਪਿੰਡ ਨੂੰ। ਕਿਉਂ ਠੀਕ ਐ ਬਾਈ ਜੀ?"

"ਲੈ ਠੀਕ ਨੂੰ ਛੱਡ, ਠੀਕ ਈ ਐ....।"

ਕੰਮ ਚਲਦਾ ਰਿਹਾ। ਲਾਲ ਸਿੰਘ ਇੱਟਾਂ ਫੜਾਉਂਦਾ। ਅੰਦਰਲੀ ਲਿਵ ਵੀ ਲੱਗੀ ਹੈ...ਆ ਭਈਏ ਵਿਚਾਰੇ...? ਪਰ, ਮੈਨੂੰ ਵੀ ਤਾਂ ਅਗਲੇ ਇਕੋ ਵਾਰ ਸੱਤ-ਅੱਠ ਫੜਾ ਕੇ ਮੱਥਾ ਡੰਮ੍ਹ ਦਿੰਦੇ ਸੀ। ਬੰਦਾ ਤਾਂ ਢਿੱਡ ਦੀ ਖਾਤਰ ਕੰਮ ਕਰਦੈ। ਪਰ ਬੰਦੇ ਨੂੰ ਬੰਦਾ ਸਮਝਣ ਵਾਲੇ ਤਾਂ ਏਥੇ ਘੱਟ ਨੇ। ਭਈਏ ਵੀ ਤਾਂ ਰਟੀ ਖਾਤਰ ਪ੍ਰਦੇਸੀ ਧੱਕੇ ਖਾਂਦੇ ਫਿਰਦੇ ਨੇ। ਉ ਇਹਨਾਂ ਜੱਟਾਂ ਨੂੰ ਸੁਖਾਲਾ ਕਰਤੈ...। ਮੋਟਰ 'ਤੇ ਈ ਛਾਉਣੀ ਪਾ ਲੈਂਦੇ ਨੇ...। ਮੁਫਤ ਦੀ ਰਾਖੀ ਕਰਦੇ ਨੇ..। ਦਿਹਾੜੀ ਵੀ ਘੱਟ ਲੈ ਲੈਂਦੇ ਨੇ...ਮੇਰੇ....। ਚੰਮੈ, ਮੇਰ ਮਗਰੋਂ ਤਾਂ ਸੀਰਪੁਣਾ ਲੱਥਾ...। ਦਿਹਾੜੀ ਨਿੱਤ ਦੀ ਤਾਜ਼ੀ.. ਟੈਮ ਨਾਲ ਘਰ ਜਾਈਦਾ..।

ਉਸਦੀਆਂ ਸੋਚਾਂ ਨੂੰ ਪਤੰਗ ਦੇ ਤੁਣਕੇ ਤਰ੍ਹਾਂ ਝਟਕਾ ਵੱਜਿਆ, "ਓ ਲਾਲ ਸਿੰਘ, ਫੀਤਾ ਲਿਆਈ ਝੋਲੇ 'ਚੋਂ?"

ਲਾਲ ਸਿੰਘ ਤ੍ਰਬਕ ਗਿਆ ਸੀ। ਫਿਰ, ਕੰਮ ਚੱਲਦਾ ਹੈ। ਚੱਲੀ ਜਾਂਦਾ ਹੈ। ਦੁਪਿਹਰ ਢਲ ਗਈ।

"ਚੰਗਾ ਬਾਈ ਜੀ, ਮੈਂ ਤਾਂ ਚੱਲਦਾ ਹੁਣ? ਲਾਲ ਸਿੰਘ ਨੇ ਕਿਹਾ। ਹੱਥਲੀ ਇੱਟ ਘੁਮਾਉਂਦਾ ਭਜਨ ਸਿੰਘ ਬੋਲਿਆ, "ਠਹਿਰ ਜਾ ਹਾਲੇ। ਬਥੇਰਾ ਦਿਨ ਪਿਆ। ਜਾਂਦਾ ਰਹੀਂ ਝੱਟ ਨੂੰ।"

ਉਹਨਾਂ ਵੇਖਿਆ ਰਤਨ ਸਿੰਘ ਸ਼ਹਿਰੋਂ ਆ ਗਿਆ। ਇੱਕ ਹੱਥ ਬੋਤਲ। ਚੌਂਕੇ ਵੱਲ ਝੂਲਦਿਆਂ ਜਾਂਦਾ। ਡਿੱਗਣ ਤੋਂ ਬਚਦਾ ਬਚਦਾ। ਧਰੇਕ ਦੀ ਤਿੱਤਰ ਖੰਭੀ ਛਾਂ ਹੇਠ ਮੰਜੇ 'ਤੇ ਜਾ ਬੈਠਿਆ। ਆਵਾਜ਼ ਦੇ ਆਚਾਰ ਮੰਗਵਾਇਆ। ਪੈੱਗ ਗਟਾ ਗਟ ਪੀਤਾ ਤੇ ਕੌਲੀ ਚੋਂ ਅਚਾਰ ਦੀ ਫਾੜੀ ਚੁੱਕ ਚੂਸਣ ਲੱਗਾ। ਦਿਨ ਛਿਪ ਗਿਆ ਸੀ। ਉਸਨੇ ਥਥਲਾਉਂਦੀ ਸੁਰ, ਭਜਨ ਸਿੰਘ ਨੂੰ ਆਪਣੇ ਕੋਲ ਸੱਦਿਆ। ਪੀਣ ਲਈ ਮਜ਼ਬੂਰ ਕਰਨ ਲੱਗਾ। ਤੇ ਭਜਨ ਸਿੰਘ ਆਖ ਰਿਹਾ ਸੀ, "ਠਹਿਰਕੇ ਪੀ ਲਵਾਂਗੇ। ਬਾਈ ਦਿਨ ਤਾਂ ਛਿਪ ਜਾਣਦੇ।"

"ਲੈ! ਦਿਨ ਨਾ ਛਿਪ ਲੈਣ ਦੇ। ਆਖ ਰਾਤ ਪੈ ਲੈਣ ਦੇ। ਕਰਦਾ ਕੀ ਐਂ, ਫੜ ਪੀ।"

ਭਜਨ ਸਿੰਘ, ਪੈੱਗ ਪੀ ਥੂ ਥੂ ਕਰਦਾ ਪੈੜ ਵੱਲ ਹੋ ਤੁਰਿਆ। ਪਰ ਲਾਲ ਸਿੰਘ ਕੰਮ ਛਡ ਸਾਈਕਲ ਰੇੜ੍ਹ ਤੁਰ ਪਿਆ।

"ਓ ਲਾਲਿਆ? ਓ ਬਈ ਤੂੰ ਕਿੱਧਰ? ਐਧਰ ਆ ਉਰੇ?"

"ਕੰਮ ਸੀ ਜੀ ਪਿੰਡ ਚੱਲਿਐਂ।"

"ਕੀ ਕੰਮ, ਕ-ਕੀ ਕੰਮ ਪੈ ਗਿਆ? ਛੱਡ ਪਰ੍ਹੇ ਪੀ ਲੈ ਘੁੱਟ।"

"ਨਾ ਬਾਈ ਜੀ, ਨਾ ਜੀ, ਅੱਜ ਨਈ ਪੀਣੀ।" ਉਹ ਛਿਪਦੇ ਸੂਰਜ ਵੱਲ ਵੇਖਣ ਲੱਗਾ। ਦੋਚਿੱਤ ਸੀ।

"ਪੀ ਲੈ, ਪੀ ਲੈ.. ਇਹ ਕਿਹੜਾ ਚਿੱਥਨੀ ਆ।" ਲਾਲ ਸਿੰਘ ਵੀ ਪੀ ਕੇ ਥੂ..ਥੂ ਕਰਨ ਲੱਗਾ। ਉਸਦੇ ਕੰਨਾਂ 'ਚ ਰਤਨ ਸਿੰਘ ਦੀ ਸੁਰ ਸੁਣੀ, "ਜਾ ਔਹ ਪਿਆ 'ਚਾਰ। ਲੈ ਲਾ ਫਾੜੀ।"

ਤੇ ਰਤਨ ਸਿੰਘ ਨੇ ਲਾਲ ਸਿੰਘ ਦੇ ਹੱਥੋਂ ਖਾਲੀ ਗਲਾਸੀ ਫੜ ਪੈਗ ਪਾ ਲਿਆ। ਮੁੱਛਾ ਸੰਵਾਰ ਪੀਤਾ। ਲਾਲ ਸਿੰਘ ਵੇਖਦਾ ਹੀ ਰਹਿ ਗਿਆ...ਹੈਂਅ, ਜੂਠੀ ਗਲਾਸੀ 'ਚ...ਹੁਣ ਨਈਂ ਰਹਿਗੀ 'ਉਹ' ਅਗੇ ਵਾਲੀ ਗੱਲ ....।"

ਤੇ ਲਾਲ ਸਿੰਘ ਨੂੰ ਪਿੱਛੇ ਵਾਪਰੀ ਯਾਦ ਉਘੜ ਆਈ .. ...ਬਾਈ ਜੀ ਗੁੱਸਾ ਤਾਂ ਨਈਂ

ਕਰਦਾ? ਜੇ ਇੱਕ ਗੱਲ ਆਖਾਂ।"

"ਲੈ, ਤੂੰ ਇੱਕ ਦੀਆਂ ਦੋ ਕਹਿ। ਗੁੱਸੇ ਨੂੰ ਮਾਰ ਗੋਲੀ।"

ਰਤਨ ਸਿੰਘ ਨੇ ਕਿਹਾ ਸੀ।

"ਬੰਦਾ, ਬੰਦੇ ਨੂੰ ਬੰਦਾ ਈ ਸਮਝ ਲਏ। ਕਈ ਕੁਝ ਕਹੇ, ਬੰਦਾ ਤਾਂ ਬੰਦਾ...? ਬਾਈ, ਜੇ ਤੂੰ ਮੇਰੀ ਜੂਠੀ ਗਲਾਸੀ 'ਚ ਪੈੱਗ ਪੀ ਲੈਨਾ ਆ ਤਾਂ ਕੋਈ ਲੋਹੜਾ ਆਉਂਦਾ ...?"

ਪੀਤੀ ਦੀ ਲੋਰ ਵਿਚ ਲਾਲ ਸਿੰਘ ਕਰਾਰਾ ਬੋਲਦਾਂ ਰਿਹਾ ਸੀ।

"ਬਾਈ ਦੁਨੀਆਂ ਵੇਖ ਲੈ, ਵਖ ਲੈ ਕਿੰਨੀ ਐ। ਕੋਈ ਅੰਤ ਨਹੀਂ। ਜਦ ਇਕੱਠੇ ਕੰਮ ਕਰੀ ਜਾਨੈ ਤਾਂ ਇਕੱਠੇ ਖਾ ਪੀ ਲਵਾਂਗੇ ਤਾਂ ਬੰਬ ਚੱਲ ਜੂ? ਬਸ। ਐਥੇ ਈ ਐਸ ਧਰਤੀ 'ਤੇ ਬੰਦੇ ਬੰਦਿਆਂ ਨਾਲ ਵੰਡੀਆਂ ਪਾਈ ਜਾਂਦੇ...?"

ਲਾਲ ਸਿੰਘ ਹੁਣ ਆਚਾਰ ਚੂਸਦਾ ਸਾਈਕਲ ਰੇੜ ਤੁਰ ਪਿਆ ਸੀ। ਸਾਈਕਲ ਦੇ ਮਡਗਾਰਡ ਨੇ ਖਰੜ ਖਰੜ ਦੀ ਸੁਰ ਕੱਢੀ। ਰਤਨ ਸਿੰਘ ਦਾ ਚਿੱਟ ਰੰਗਾ ਕੁੱਤਾ ਕੌਲੇ ਨਾ ਬੈਠਿਆ ਹੀ ਘੁਰਕਿਆ।

ਦਿਨ ਦੇ ਛਿਪਾਅ ਵੇਲੇ ਮਿਸਤਰੀਆਂ ਨੇ ਪੈੱਗ-ਪੈੱਗ ਹੋਰ ਪੀਤੀ। ਅਚਾਰ ਚੂਸਿਆ। ਮੁੱਛਾਂ, ਦਾਹੜੀ, ਸੰਵਾਰੀਆਂ। ਕੁਵੇਲਾ ਹੋ ਗਿਆ ਸੀ। ਉਨ੍ਹਾਂ ਬਿਨਾਂ ਸੂਤ-ਸਾਲ੍ਹ ਵੇਖੇ ਹੀ ਰੱਦੇ ਉਸਾਰੇ ਸਨ। ਹੁਣ ਲੋਰ ਵਿਚ ਰੋਟੀ ਖਾ ਸਾਈਕਲ ਰੇੜ ਆਪੋ ਆਪਣੇ ਰਾਹ ਤੁਰ ਪਏ।

ਹਰ ਰੋਜ਼ ਦੀ ਤਰ੍ਹਾਂ ਸਾਈਕਲ ਨੂੰ ਸਟੈਂਡ 'ਤੇ ਖੜਾ ਕਰਨ ਦਾ ਯਤਨ ਕਰਦਾ ਭਜਨ ਸਿੰਘ ਅੱਕ ਗਿਆ ਸੀ। ਅਖੀਰ ਹਰ ਰੋਜ਼ ਵਾਂਗ ਹੀ ਕੰਧ ਨਾਲ ਖੜਾ ਕਰ ਦਿੱਤਾ। ਚੌਂਕੇ ਵੱਲ ਅਹੁਲਿਆ। ਤੇ ਕਿਹਾ, "ਲਾ-ਲਾ ਲਾਲਾ ਆਇਐ?

ਉਸਦੇ ਪ੍ਰਸ਼ਨ ਨੂੰ ਜਵਾਬ ਨਹੀਂ ਮਿਲਿਆ ਸੀ। ਉਸ ਵੱਲ ਕਿਸੇ ਧਿਆਨ ਹੀ ਨਹੀਂ ਦਿੱਤਾ। ਜਦ ਉਹ ਪਜਾਮਾ ਕੁੜਤਾ ਉਤਾਰ ਬਾਹਰ ਦਰਵਾਜ਼ੇ ਵਲ ਗਿਆ ਤਾਂ ਲਾਲ ਸਿੰਘ ਨੂੰ ਵੀਹੀ ਵਾਲੇ ਦਰਵਾਜ਼ਿਓ ਅੰਦਰ ਆਉਂਦਾ ਵਖਿਆ। ਦਰਵਾਜ਼ੇ ਦੇ ਨਾਲ ਹੀ ਇਕ ਨੁਕਰ ਵਿਚ ਗਊ ਖੜੋਤੀ ਸੀ। ਉਸ ਨਹੀਂ ਵੇਖੀ ਸੀ। ਗਊ ਦੇ ਅੱਗੇ ਪੱਠਿਆਂ ਦੀ ਸੱਥਰੀ ਤਾਂ ਪਈ ਸੀ। ਪਰ ਉਹ ਮੂੰਹ ਨੂੰ ਉਤਾਂਹ ਚੁੱਕ ਆਸੇ ਪਾਸੇ ਹੀ ਵੇਖੀ ਜਾਂਦੀ ਸੀ। ਮਹਿਸੂਸ ਕਰਦੀ ਹੋਵੇ...ਓਪਰੇ ਥਾਂ ਨੂੰ...ਓਪਰੇ ਬੰਦਿਆਂ ਨੂੰ....। ਲਾਲ ਸਿੰਘ ਤੇ ਉਸਦਾ ਮੁੰਡਾ ਨੇੜੇ ਗਏ ਤਾਂ ਰੰਭਣ ਲੱਗੀ, ਜੀਭ ਬਾਹਰ ਕੱਢ ਬੁੱਲ੍ਹਾਂ ਉੱਤੇ ਫੇਰੀ।

ਉਹਨਾਂ ਨੂੰ ਇਕ ਮੰਜਾ ਤੇ ਦਰੀ ਮਿਲ ਗਏ ਸਨ। ਪਿਉ ਪੁੱਤ ਇਕੱਠੇ ਪੈ ਗਏ। ਛਿੰਦਾ ਪੈਣ ਸਾਰ ਹੀ ਸੌਂ ਗਿਆ ਸੀ। ਸਵੇਰੇ ਚਾਹ ਮਿਲ ਗਈ। ਪਰ ਉਹਨਾਂ ਦਾ ਢਿੱਡ ਰਾਤ ਵੀ ਰੋਟੀ ਨਾ ਮਿਲਣ ਕਰਕੇ ਭੁੱਖੇ ਢਿੱਡ ਦੇ ਗੀਤ ਗਾ ਰਿਹਾ ਸੀ। ਲਾਲ ਸਿੰਘ ਦਾ ਅੰਦਰਲਾ ਸਾਰੇ ਦਾ ਸਾਰਾ ਗੁੱਸੇ ਨਾਲ ਭਰ ਗਿਆ। ਦੰਦ ਕਿਰਚ ਕਿਰਚ ਕਰਦੇ ਰਹੇ। ਸ਼ਬਦਾਂ ਦੀ ਗੱਠੜੀ ਗਲੇ 'ਚ ਆ ਕੇ ਖੁਲ੍ਹ ਗਈ। ਉਸਨੇ ਜੋਸ਼ ਨਾਲ ਆਖਿਆ "ਆ ਜੇਹੜਾ। ਆ ਮੇਰੇ ਅਰਗਿਆਂ ਨਾਲ ਵਾਪਰਦੈ, ਏਹੋ ਤਾਂ ਹੁੰਦਾ ਏ ਫਰਕ। ਹੋਰ ਫਰਕ ਕੋਈ ਅਲੌਕਾਰੀ ਚੀਜ਼ ਏ..?"

"ਏਹ ਭਾਈ ਕਿਵੇਂ ਬੁੜ-ਬੜਾਈ ਜਾਂਦੈ...?"

ਭਜਨ ਸਿੰਘ ਦੀ ਘਰਵਾਲੀ ਨੇ ਆਪਣੇ ਆਪ ਨੂੰ ਕਿਹਾ ਸੀ।

ਤੇ ਲਾਲ ਸਿੰਘ ਨੇ ਖਾਲੀ ਗਲਾਸ ਮੰਜੇ ਦੇ ਪਾਵੇ ਨਾਲ ਰੱਖੇ। ਗਊ ਦਾ ਰੱਸਾ ਖੋਲ੍ਹਿਆ। ਮੁੰਡੇ ਦੇ ਹੱਥ ਦੋ ਕੁ ਫੁੱਟ ਲੰਬੀ ਸੋਟੀ ਸੀ। ਤੁਰੇ ਜਾਂਦਿਆਂ ਨੂੰ ਕੰਨਾਂ 'ਚ ਟਕਰਾਏ ਸ਼ਬਦ ਸੁਣੇ.....

...."ਮਾਂਜਣੇ ਤਾਂ ਕੀ ਸੀ...ਗਲਾਸਾਂ ਨੂੰ ਫੋਕੇ ਪਾਣੀ ਕੱਢ ਦੇਂਦੇ...?"

ਉਹਨਾਂ ਆਵਾਜ਼ ਅਣਗੌਲੀ ਕਰ, ਤੁਰਦੇ ਰਹਿਣਾ ਜਾਰੀ ਰੱਖਿਆ। ਤੇ ਲਾਲ ਸਿੰਘ ਨੇ ਆਖ ਵੀ ਦਿੱਤਾ ਸੀ....ਔਹ ਢਾਂਡੀਏ, ਸਿੱਧੀ ਹੋ ਕੇ ਤੁਰ, ਸਿੱਧੀ ਹੋ ਕੇ....।"

**—ਪੰਡੋਰੀ ਗੇਟ, ਧਰਮ ਕੋਟ (ਫਰੀਦਕੋਟ)**





## ਸੱਭਿਆਚਾਰਕ ਸੰਕਟ ਦੀ ਕਥਾ—ਧਾਰਾਂ ਵਾਲਾ ਪੁਲ/ਕੇ. ਐਲ. ਗਰਗ

ਆਰਥਿਕ ਸਰੋਤ, ਆਰਥਿਕ ਸਥਿਤੀ ਅਤੇ ਆਰਥਿਕ ਵਿਵਹਾਰ ਕਿਸੇ ਵੀ ਸੱਭਿਆਚਾਰ ਦੀ ਚੂਲ ਹੁੰਦੇ ਹਨ। ਇਹਨਾਂ ਵਿਚੋਂ ਬਦਲਾਵ ਅੱਗੋਂ ਸਭ ਕਾਸੇ ਨੂੰ ਪ੍ਰਭਾਵਿਤ ਕਰਦਾ ਹੈ, ਇਥੋਂ ਤੱਕ ਕਿ ਧਰਮ ਨੂੰ ਵੀ। 'ਧਾਰਾਂ ਵਾਲਾ ਪੁਲ' ਨਾਵਲ ਪੰਜਾਬੀ ਸੱਭਿਆਚਾਰ ਦੀ ਐਸੀ ਧਾਰਮਿਕ ਕਥਾ ਹੈ ਜਿਹੜੀ ਇਸਦੇ ਸਦਾਚਾਰਕ ਆਧਾਰ ਦੇ ਵਿਭਿੰਨ ਪਾਸਾਰਾਂ ਅਤੇ ਜਟਿਲ ਹੋ ਰਹੀਆਂ ਸਮਾਜ ਆਰਥਿਕ ਪ੍ਰਸਥਿਤੀਆਂ ਕਾਰਨ ਇਸ ਵਿੱਚ ਪੈਦਾ ਹੋ ਰਹੇ ਅੰਤਰ-ਵਿਰੋਧਾਂ ਨੂੰ ਬਿਆਨ ਕਰਨ ਦਾ ਸਫ਼ਲ ਉਪਰਾਲਾ ਕਰਦੀ ਹੈ। ਸਮਾਜਿਕ ਵਰਤਾਰਿਆਂ ਦੇ ਪਿਛੋਕੜ ਵਿੱਚ ਕੰਮ ਕਰਦੀਆਂ ਸ਼ਕਤੀਆਂ ਅਤੇ ਇਨ੍ਹਾਂ ਦੀ ਪਿੱਠ ਭੂਮੀ ਤੇ ਉੱਸਰੀ ਵਿਸ਼ੇਸ਼ ਪ੍ਰਕਾਰ ਦੀ ਮਾਨਵੀ ਬਿਰਤੀ ਕਈ ਵਾਰੀ ਤੇਜ਼ੀ ਨਾਲ ਬਦਲਦੇ ਸਮਾਜ-ਆਰਥਿਕ ਸੰਬੰਧਾਂ ਕਾਰਨ ਤਨਾਓ-ਗ੍ਰਸਤ ਹੋ ਜਾਂਦੀ ਹੈ, ਜਿਸ ਵਿਚੋਂ ਸਿਰਫ਼ ਤ੍ਰਾਸਦੀ ਹੀ ਪੈਦਾ ਹੁੰਦੀ ਹੈ। ਸ਼ੀਤੋ ਦੀ ਤ੍ਰਾਸਦੀ ਵੀ ਸਮਾਜਿਕ-ਸਦਾਚਾਰਕ ਵਿਵਹਾਰ ਵਿਚਲੀਆਂ ਜਟਿਲਤਾਵਾਂ ਦੀ ਤ੍ਰਾਸਦੀ ਹੈ। 'ਧਾਰਾਂ ਵਾਲਾ ਪੁਲ' ਸ਼ੀਤੋ ਨਾਮਕ ਕੇਂਦਰੀ ਪਾਤਰ ਦੁਆਲੇ ਘੁੰਮਦੀ ਕਹਾਣੀ ਹੈ ਜਿਹੜੀ ਆਪਣੀ ਸਹੇਲੀ ਕਿਸ਼ਨੀ ਦੇ ਪਤੀ ਮੋਹਣ ਸਿੰਘ ਹੱਥੋਂ ਪਵਿੱਤਰ ਮਾਨਵ-ਮੋਹ ਦੇ ਧੋਖੇ ਵਿੱਚ ਹਵੱਸ ਦਾ ਸ਼ਿਕਾਰ ਹੋ ਜਾਂਦੀ ਹੈ। ਆਦਮੀ ਦੀ ਹਵੱਸ ਦਾ ਸ਼ਿਕਾਰ ਸ਼ੀਤੋ ਦੀ ਪੀੜਾ ਆਦਮ-ਜਾਤ ਦੀਆਂ ਕਰਤੂਤਾਂ ਦਾ ਇੱਕ ਕਾਂਡ ਹੈ, ਪਰ ਜਦੋਂ ਇਸ ਹੱਵਸ ਕਾਰਨ ਸ਼ੀਤੋ ਦਾ ਭਵਿੱਖ ਵੀ ਤਬਾਹ ਹੋ ਗਿਆ ਤਾਂ ਉਸ ਦੀ ਲੀਰੋ-ਲੀਰ ਮਾਨਸਿਕਤਾ ਦਾ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ। ਬਾਂਝ ਰਹਿ ਜਾਣ ਕਾਰਨ ਸ਼ੀਤੋ ਦਾ ਪਤੀ ਮਹਿੰਦਰ ਦੂਜਾ ਵਿਆਹ ਕਰਵਾ ਲੈਂਦਾ ਹੈ। ਫਾਲਤੂ ਜਿਹੀ ਚੀਜ਼ ਬਣੀ ਸ਼ੀਤੋ ਇੱਕ ਦਿਨ ਆਤਮ ਹੱਤਿਆ ਕਰ ਲੈਂਦੀ ਹੈ। ਸ਼ੀਤੋ ਦਾ ਜੋ ਬਿੰਬ ਲੇਖਕ ਨੇ ਨਾਵਲ ਦੇ ਆਰੰਭ ਵਿੱਚ ਉਸਾਰਿਆ ਹੈ ਉਹ ਐਸੀ ਪੇਂਡੂ ਪੰਜਾਬੀ ਕੁੜੀ ਦਾ ਹੈ ਜੋ ਜੀਵਨ ਨੂੰ ਡੀਕ ਲਾ ਕੇ ਪੀ ਜਾਣਾ ਲੋਚਦੀ ਹੈ। ਜਿਸਨੂੰ ਧੁਖਣਾ ਪਸੰਦ ਨਹੀਂ, ਸਗੋਂ ਲਟ-ਲਟ ਬਲਣਾ ਅਤੇ ਫਿਰ ਮੱਚਣਾ ਹੀ ਕਬੂਲ ਹੈ। ਸ਼ੀਤੋ ਜਿਹੀ ਕੁੜੀ ਨੂੰ ਜਦ ਪਲ-ਪਲ ਉਦਾਸੀ ਦੇ ਆਲਮ ਵਿੱਚ ਤਿਲ ਤਿਲ ਕਰਕੇ ਟੁੱਟਣਾ ਪਵੇ ਤਾਂ ਉਹ ਨਿਸ਼ਚੇ ਹੀ ਤ੍ਰਾਸਦੀ ਸਿਰਜੇਗੀ। ਹੱਵਸ਼ ਕਾਰਨ ਬਾਂਝ ਹੋਈ ਅਤੇ ਫਿਰ ਸੌਂਕਣ ਸੜੀ ਸ਼ੀਤੋ ਦਾ ਆਤਮ-ਹੱਤਿਆ ਕਰਨਾ ਕੁਦਰਤੀ ਭਾਸਦਾ ਹੈ। ਸ਼ੀਤੋ ਨੂੰ ਆਪਣੀ ਹੱਵਸ ਦਾ ਸ਼ਿਕਾਰ ਬਣਾਉਣ ਵਾਲਾ ਮੋਹਣ ਸਿੰਘ ਲੁੱਟ ਦੀ ਕਮਾਈ ਕਰਨ ਵਾਲਾ ਐਸਾ ਪਾਤਰ ਹੈ, ਜਿਹੜਾ ਪੰਜਾਬੀ ਸਦਾਚਾਰਕ ਕੋਡ ਦੇ ਘੋਰ ਉਲੰਘਣ ਕਰਕੇ ਕਿਸੇ ਦੇ ਰੂਬਰੂ ਹੋਣ ਤੋਂ ਡਰਦਾ ਹੈ। ਉਸ ਪ੍ਰਤੀ ਘਿਰਣਾ ਦੀ ਜੋ ਚਰਮ-ਸਥਿਤੀ ਲੇਖਕ ਨੇ ਪੈਦਾ ਕੀਤੀ ਹੈ, ਉਹ ਸ਼ੀਤੋ ਦੇ ਪਤੀ ਮਹਿੰਦਰ ਪ੍ਰਤੀ ਨਹੀਂ ਕੀਤੀ। ਇਸ ਦਾ ਇੱਕ ਹੀ ਕਾਰਨ ਭਾਸਦਾ ਹੈ। ਪੇਂਡੂ ਜਗੀਰੂ ਰੁਚੀਆਂ ਵਿੱਚ ਔਰਤ ਦੇ ਬਾਂਝ ਹੋਣ ਉੱਤੇ ਪਤੀ ਵੱਲੋਂ ਦੂਜਾ ਵਿਆਹ ਕਰ ਲੈਣਾ ਐਸੀ ਆਚਰਣਕ ਉਲੰਘਣਾ ਨਹੀਂ ਜੈਸੀ ਹੱਵਸ਼ ਪੂਰਤੀ ਲਈ ਪੱਤ ਲੁੱਟਣਾ ਮੰਨੀ ਗਈ ਹੈ। ਇਸੇ ਕਰਕੇ ਮਹਿੰਦਰ ਪ੍ਰਤੀ ਉਹ ਘ੍ਰਿਣਾ ਉਤਪੰਨ ਨਹੀਂ ਹੁੰਦੀ। ਲੁੱਟ-ਖੋਹ ਦੀ ਕਮਾਈ ਕਰਕੇ ਅਮੀਰ ਬਣੀ ਸ਼੍ਰੇਣੀ ਦੇ ਕਿਰਦਾਰ ਦਾ ਇਹ ਖਾਸਾ ਇਸ ਸ਼੍ਰੇਣੀ ਦੀ ਅਤ੍ਰਿਪਤ ਮਾਨਸਿਕਤਾ ਦੀ ਬੁਨਿਆਦੀ ਕਦੂਰਤ ਹੈ, ਜਿਹੜੀ ਸਵੈ-ਤ੍ਰਿਪਤੀ ਅਤੇ ਅਹੰ ਦੀ ਪੂਰਤੀ ਲਈ ਕੋਈ ਵੀ ਅਮਾਨਵੀ ਅਸਮਾਜਿਕ ਅਤੇ ਅਸੱਭਿਅਕ ਵਿਧੀ ਅਪਣਾ ਸਕਦੀ ਹੈ। ਐਸੀ ਅਮਾਨਵੀ ਬਿਰਤੀ ਪਿੰਡ ਦੇ ਨਵੇਂ ਬਣੇ ਸਰਪੰਚ ਨੇਕ ਸਿੰਘ ਦੀ ਵੀ ਹੈ, ਜੋ ਅਸਮਾਜਿਕ ਕਾਰਜਾਂ ਵਿੱਚ ਰੁਚਿਤ ਹੈ। ਪਰ ਸਾਡਾ ਰਾਜਨੀਤਕ ਵਿਧੀ ਵਿਧਾਨ ਕਿਸ ਖਾਸੇ ਵਿੱਚ ਪਰਿਵਰਤਿਤ ਹੋ ਗਿਆ ਹੈ, ਲੇਖਕ ਦੱਸਦਾ ਹੈ ਕਿ ਕਾਮਰੇਡਾਂ ਨੂੰ ਛੱਡ ਕੇ ਸਾਰੀਆਂ ਪਾਰਟੀਆਂ ਦੇ ਲੀਡਰ ਨੇਕ ਸਿੰਘ ਦੇ ਘਰ ਫੇਰੇ ਮਾਰਦੇ ਹਨ। ਕਾਮਰੇਡਾਂ ਬਾਰੇ ਇਹ ਸੰਕੇਤ ਟਿੱਪਣੀ ਲੇਖਕ ਦੀ ਡੂੰਘੀ ਅਤੇ ਵਿਸ਼ਲੇਸ਼ਣਾਤਮਕ ਰਾਜਨੀਤਕ ਸੂਝ ਨੂੰ ਪ੍ਰਗਟ ਕਰਦੀ ਹੈ। ਨੇਕ ਸਿੰਘ ਨਾਲ ਲੀਡਰਾਂ ਦੀ ਸਾਂਝ ਰਾਜਨੀਤਕ ਸਦਾਚਾਰ ਦੀਆਂ ਨੀਵਾਣਾਂ ਵੱਲ ਸਿੱਧਾ ਸੰਕੇਤ ਹੈ। ਸਰਮਾਏਦਾਰੀ ਪ੍ਰਬੰਧ ਦੇ ਵਿਕਾਸ ਨੇ ਜਨ-ਸਾਧਾਰਨ ਦੀ ਮਾਨਸਿਕਤਾ ਵਿੱਚ ਇਹ

ਇੱਕ ਗੁਣਾਤਮਕ ਤਬਦੀਲੀ ਲਿਆਂਦੀ ਹੈ ਕਿ ਸਿੱਟਿਆਂ ਦੀ ਪ੍ਰਾਪਤੀ ਲਈ ਸਾਧਨਾਂ ਦੀ ਉਚਿਤਤਾ ਕੋਈ ਵਿਸ਼ੇਸ਼ ਅਰਥ ਨਹੀਂ ਰੱਖਦੀ। ਪ੍ਰਾਪਤੀ ਬੁਨਿਆਦੀ ਨੁਕਤਾ ਹੈ। ਸਾਧਨ ਦੁਜੈਲਾ ਨੁਕਤਾ।

ਤੇਜ਼ੀ ਨਾਲ ਬਦਲਦੇ ਇਸ ਸਮਾਜਿਕ ਸੱਭਿਆਚਾਰਕ ਵਰਤਾਰੇ ਵਿੱਚ ਪੁਰਾਣੀ ਅਤੇ ਨਵੀਂ ਪੀੜ੍ਹੀ ਵਿਚਾਲੇ ਇੱਕ ਦਵੰਦ-ਨੁਮਾ ਖਾਈ ਉਤਪੰਨ ਹੋ ਗਈ ਹੈ। ਪੁਰਾਣਾ ਜੀਵਨ ਮੁਹਾਵਰਾ ਬਦਲ ਗਿਆ ਹੈ। ਨਵੀਨਤਾ ਨੇ ਹਰ ਥਾਂ ਪੈਰ ਧਰਿਆ ਹੈ, ਪਰ ਇਸ ਨਾਲ ਸਦਾਚਾਰਕ ਕੀਮਤਾਂ ਏਨੀ ਤੇਜ਼ੀ ਨਾਲ ਨਹੀਂ ਬਦਲੀਆਂ। ਜਿਸ ਕਾਰਨ ਇੱਕ ਖਲਾਅ ਪੈਦਾ ਹੋਇਆ ਹੈ। ਨਵੀਆਂ ਕੀਮਤਾਂ ਨੂੰ ਅਜੇ ਪੂਰਨ ਪ੍ਰਵਾਨਗੀ ਨਹੀਂ ਮਿਲ ਰਹੀ ਅਤੇ ਅਕਸਰ ਹੀ ਕਈ ਵਾਰੀ ਇਹ ਖਲਾਅ, ਟਕਰਾਅ ਵਿੱਚ ਵੀ ਬਦਲਦਾ ਹੈ। ਕੀਮਤਾਂ ਦਾ ਬਦਲਦਾ ਵਿਸਤਾਰ ਵਿਅਕਤੀ ਦੀ ਨਿੱਜਗਤ ਮੈਂ ਤੋਂ ਸ਼ੁਰੂ ਹੋ ਕੇ ਪਰਿਵਾਰ, ਸਮਾਜ ਤੱਕ ਦੇ ਪੂਰੇ 'ਅਸੀਂ' ਵਿੱਚ ਫੈਲਦਾ ਹੈ। ਰਿਸ਼ਤਿਆਂ ਵਿਚਲਾ ਨਿੱਘ, ਅਪਣੱਤ ਅਤੇ ਮੋਹ ਪਹਿਲਾਂ ਜਿਹਾ ਨਹੀਂ ਰਿਹਾ। ਗੁਰਾਂਦਿੱਤਾ ਸ਼ਹਿਰੀਕਰਣ ਦੇ ਸੁਭਾਵਿਕ ਵਰਤਾਰੇ ਕਾਰਨ ਪਰਿਵਾਰਕ ਮੋਹ ਤੱਜ ਰਿਹਾ ਹੈ। ਉਸ ਵਿੱਚ ਬਾਹਰਮੁਖਤਾ ਦੀ ਥਾਂ ਅੰਤਰਮੁਖਤਾ ਪ੍ਰਧਾਨ ਹੋ ਗਈ ਹੈ। ਲੇਖਕ ਨੇ ਇਸ ਪਾਤਰ ਦੇ ਕਿਰਦਾਰ ਨੂੰ, ਸਪਾਟ ਬਿਆਨੀ ਤੇ ਰੱਖਿਆ ਹੈ। ਐਸਾ ਅਕਸਰ ਸੰਭਵ ਨਹੀਂ ਹੁੰਦਾ। ਗੁਰਾਂਦਿੱਤਾ ਆਪ ਪੇਂਡੂ ਜੰਮਪਲ ਹੈ। ਉਸਦੀ ਪਤਨੀ ਸ਼ਹਿਰਨ ਹੈ। ਸ਼ਹਿਰ ਜਾ ਕੇ ਵੀ ਗੁਰਦਿੱਤਾ ਇਕ ਦਮ ਸ਼ਹਿਰੀ ਸੰਸਕਾਰਾਂ ਅਤੇ ਅੰਤਰਮੁਖੀ ਵਿਵਹਾਰਿਕਤਾ ਵਿੱਚ ਏਨਾ ਖੌਚਿਤ ਨਹੀਂ ਹੋ ਸਕਦਾ। ਉਸ ਦਾ ਵਿਅਕਤੀਤਵ ਦੁਬਿਧਾਜਨਕ ਅਤੇ ਅੰਤਰੀਵ ਆਪਾ ਵਿਖੰਡਿਤ ਬਿਰਤੀ ਵਾਲਾ ਹੋਣਾ ਸੀ। ਆਪਣੀਆਂ ਜੜ੍ਹਾਂ ਨਾਲੋਂ ਟੁੱਟਣਾ ਏਨਾ ਸੌਖਾ ਨਹੀਂ ਹੁੰਦਾ। ਸਗੋਂ ਸ਼ਹਿਰੀ ਪਤਨੀ ਅਤੇ ਅੱਖੜ ਪੇਂਡੂ ਮੁੰਡੇ ਵਿਚਕਾਰ ਇੱਕ ਕਸ਼ਮਕਸ਼ ਸਿਰਜੀ ਜਾ ਸਕਦੀ ਸੀ। ਜਿਹੜਾ ਕਿ ਇਕ ਸੁ ਾ ਵਿਕ ਵਰਤਾਰਾ ਹੈ।

ਛੋਟੂ ਉਰਫ਼ ਗੁਰਕ੍ਰਿਪਾਲ ਸਿੰਘ ਪੀ.ਐਚ.ਡੀ. ਇਸ ਨਵੀਂ ਮੱਧ ਸ਼੍ਰੇਣੀ ਦੀ ਨਿਪੁੰਸਕਤਾ ਪ੍ਰਗਟਾਉਂਦਾ ਕਿਰਦਾਰ ਹੈ ਜੋ ਸ਼ੀਤੋ ਦੇ ਦੁੱਖ ਨੂੰ ਜਾਣਦਾ ਹੈ, ਮਾਨਸਿਕ ਤੌਰ ਉੱਤੇ ਪੀੜ੍ਹਿਤ ਹੈ, ਪਰ ਕੁਝ ਕਰਦਾ ਨਹੀਂ। ਸਿਰਫ਼ ਧਾਰਾਂ ਵਾਲੇ ਪੁਲ ਤੇ ਬਹਿ ਕੇ ਰੁਦਨ ਕਰਦਾ ਹੈ। ਉਸ ਨੂੰ ਇੱਕ ਪਾਸੇ ਆਪਣੀ ਪੜ੍ਹਾਈ ਅਤੇ ਨੌਕਰੀ ਦੀ ਅਥਾਹ ਖੁਸ਼ੀ ਹੈ ਤੇ ਦੂਜੇ ਪਾਸੇ ਸ਼ੀਤੋ ਦੇ ਮੋਹ ਕਾਰਨ ਉਸ ਦੀ ਮੌਤ ਦਾ ਅਤਿਅੰਤ ਦੁੱਖ। ਦੋ ਪ੍ਰਤੀਕੂਲ ਮਨੋਸਥਿਤੀਆਂ ਨੂੰ ਹੰਢਾਉਂਦਾ ਉਹ ਅੱਜ ਦੀ ਮੱਧ ਸ਼੍ਰੇਣਿਕ ਮਾਨਵੀ ਬਿਰਤੀ ਦੀ ਤਰਲਤਾ ਦਾ ਬਿੰਬ ਬਣ ਕੇ ਉਭਰਦਾ ਹੈ। ਐਸੀ ਬਿਰਤੀ ਕਈ ਵਾਰੀ ਅੰਤਰਮੁਖਤਾ ਅਧੀਨ ਨਿਰਲੇਪ ਰਹਿਣ ਦਾ ਢੌਂਗ ਰਚਦੀ ਹੈ ਤੇ ਕਦੀ-ਕਦੀ ਧਾਰਮਿਕਤਾ ਦਾ। ਛੋਟੂ ਨਵੀਂ ਪੀੜ੍ਹੀ ਵਿੱਚ ਉੱਭਰ ਰਹੇ ਦਵੰਦਾਂ ਅਤੇ ਬਚਾਅਵਾਦੀ ਸੰਸਕਾਰਾਂ ਨੂੰ ਰੂਪਾਂਤਿਰਤ ਕਰਦਾ ਪਾਤਰ ਹੈ ਜੋ ਆਪਣੀਆਂ ਜੜ੍ਹਾਂ ਪੇਂਡੂ ਸੱਭਿਆਚਾਰ 'ਚੋਂ ਭਾਲਦਾ ਹੈ।

ਨਾਵਲ ਦੇ ਵਿਸ਼ਾਲ ਕਲੇਵਰ ਵਿੱਚ ਪਿੰਡਾਂ ਦੀਆਂ ਸਮੱਸਿਆਵਾਂ ਦਾ ਫੋਟੋਗ੍ਰਾਫਿਕ ਚਿੱਤਰ ਲੇਖਕ ਨੇ ਪੇਸ਼ ਕੀਤਾ ਹੈ। ਨਸ਼ਿਆਂ ਦੀਆਂ ਆਦਤਾਂ ਇੱਕ ਆਮ ਗੱਲ ਹੋ ਗਈ ਹੈ। ਸ਼ੀਤੋ ਦਾ ਪਿਤਾ ਚਤਰਾ ਵੱਡਾ ਨੱਸ਼ਈ ਸੀ। ਜਿਸ ਨੇ ਸਾਰੀ ਜ਼ਮੀਨ ਉਜਾੜ ਦਿੱਤੀ। ਬਨਵਾਰੀ ਪਿੰਡ ਦਾ ਸ਼ਾਹੂਕਾਰ ਹੈ, ਜੋ ਪਰੰਪਰਾ ਅਨੁਸਾਰ ਉੱਚੀ ਵਿਆਜ ਦਰ ਲੈਣੀ ਆਪਣਾ ਧਰਮ ਸਮਝਦਾ ਹੈ। ਸੁਰਜਨ ਡਾਕੂ ਬਦਮਾਸ਼ ਹੈ, ਜੋ ਸ਼ਰਾਫ਼ਤ ਨਾਲ ਕੰਮ ਨਾ ਹੁੰਦਾ ਵੇਖ ਕੇ ਧੌਂਸਬਾਜ਼ੀ ਵੱਲ ਹੋ ਤੁਰਿਆ। ਗੁਰਾਂਦਿੱਤੇ ਵੱਲੋਂ ਹਿੱਸੇ ਆਉਂਦੀ ਜ਼ਮੀਨ ਵੇਚ ਕੇ ਸ਼ਹਿਰੀ ਜਾਇਦਾਦ ਨਾਲ ਮੋਹ ਪਾਲਣਾ ਉਸ ਦੀ ਸ਼ਹਿਰੀਕਰਣ ਦੀ ਵਧ ਰਹੀ ਫਿਤਰਤ ਦਾ ਸੰਕੇਤ ਸੀ। ਕਿਸ਼ਨੀ ਦੇ ਪਿਤਾ ਅਤੇ ਮੋਹਣ ਸਿੰਘ ਦੇ ਸਹੁਰੇ ਸੂਬੇਦਾਰ ਸਾਧੂ ਸਿੰਘ ਵੱਲੋਂ ਸ਼ੀਤੋ ਦੀ ਪੱਤ ਲੁੱਟਣ ਵਾਲੀ ਘਟਨਾ ਨੂੰ ਦਿਲ ਤੇ ਲਾਉਣਾ ਅਤੇ ਘੁਲ-ਘੁਲ ਕੇ ਮਰਨਾ ਪੁਰਾਣੀ ਪੀੜ੍ਹੀ ਦੀ ਆਚਰਣਕ ਸੁੱਚਤਾ ਅਤੇ 'ਪਿੰਡ ਦੀ ਧੀ, ਸਭ ਦੀ ਧੀ' ਮੁਹਾਵਰੇ ਦੀ ਪਾਲਣਾ ਦਰਸਾਉਂਦਾ ਹੈ। ਇਹ ਸਾਰੀਆਂ ਘਟਨਾਵਾਂ ਸਾਡੇ ਪੇਂਡੂ ਸਮਾਜ ਦਾ ਇੱਕ ਰੋਜ਼ਾਨਾ ਅਮਲ ਹੈ।

ਨਾਵਲ, ਛੋਟੂ ਉਰਫ਼ ਡਾ. ਗੁਰਕਿਰਪਾਲ ਸਿੰਘ ਦੀ 'ਮੈਂ' ਸੰਬੋਧਨੀ ਤੋਂ ਸ਼ੁਰੂ ਹੁੰਦਾ ਹੈ ਅਤੇ ਪੂਰੇ ਨਾਵਲੀ ਪ੍ਰਕਾਰਜ ਨੂੰ ਨਿਭਾਉਂਦਾ ਹੋਇਆ ਇੱਥੇ ਹੀ ਸਮਾਪਤ ਹੁੰਦਾ ਹੈ। ਕਹਾਣੀ ਇਕਹਿਰੀ ਹੈ। ਸਰਲ ਸਪਾਟ ਅਤੇ ਤੇਜ਼ ਦੌੜਦੀ, ਜਿਸ ਨੂੰ ਅਮੀਰ ਭਾਸ਼ਾਈ ਵਾਰਤਾਲਾਪ ਨੇ ਹੋਰ ਵੀ ਤੀਖਣਤਾ



ਅਤੇ ਸਰਲਤਾ ਪ੍ਰਦਾਨ ਕੀਤੀ ਹੈ। ਕਹਾਣੀ ਦੇ ਵਿਸਥਾਰ ਹਿੱਤ ਅਤੇ ਸਮਾਜਿਕ ਪਰਿਪੇਖ ਦੀ ਸੁਪੂਰਤੀ ਲਈ ਛੋਟੀਆਂ-ਛੋਟੀਆਂ ਕਹਾਣੀਆਂ ਨਾਲ ਜੋੜੀਆਂ ਗਈਆਂ ਹਨ। ਜਿਵੇਂ ਸਰਪੰਚ ਨੇਕ ਸਿੰਘ ਦੀ ਕਹਾਣੀ, ਸੁਰਜਨ ਡਾਕੂ ਅਤੇ ਰੂੜਾ ਦਾਸ, ਬਿਸ਼ਨਾ ਅਤੇ ਮੁਹੰਮਦ ਆਦਿ ਪਾਤਰ ਮੂਲ ਕਹਾਣੀ ਦੇ ਅੰਗ ਬਣਕੇ ਅਗਾਂਹ ਤੋਰਨ ਵਿੱਚ ਅਤੇ ਉਦੇਸ਼ ਦੀ ਪੇਸ਼ਕਾਰੀ ਲਈ ਸਹਾਈ ਹੁੰਦੇ ਹਨ। ਇਨ੍ਹਾਂ ਪਾਤਰਾਂ ਨਾਲ ਜੁੜੀਆਂ ਕਹਾਣੀਆਂ/ਘਟਨਾਵਾਂ ਮੂਲ ਕਥਾਨਕ ਨਾਲ ਫਾਲਤੂ ਨਹੀਂ ਲੱਗਦੀਆਂ ਭਾਵੇਂ ਕਿ ਮੂਲ ਕਥਾਨਕ ਨਾਲ ਇਨ੍ਹਾਂ ਦਾ ਕੋਈ ਬਹੁਤਾ ਸਰੋਕਾਰ ਨਹੀਂ। ਲੇਖਕ ਭਾਸ਼ਾ ਦਾ ਧਨੀ ਹੈ, ਇਸੇ ਕਰਕੇ ਕਿਤੇ ਵੀ ਅਕੇਵਾਂ ਪੈਦਾ ਨਹੀਂ ਹੋਣ ਦਿੰਦਾ, ਸਗੋਂ ਖ਼ੂਬਸੂਰਤ ਬਿੰਬਾਂ/ਪ੍ਰਤੀਕਾਂ ਰਾਹੀਂ ਘਟਨਾਵਾਂ ਦੀ ਸੁਮੂਰਤ ਪੇਸ਼ਕਾਰੀ ਕਰਨ ਵਿੱਚ ਸਫ਼ਲ ਰਹਿੰਦਾ ਹੈ।

'ਧਾਰਾਂ ਵਾਲਾ ਪੁਲ' ਪੰਜਾਬੀ ਪੇਂਡੂ ਸੱਭਿਆਚਾਰ ਦੇ ਚੌਖਟੇ ਵਿੱਚ ਬੁਣਿਆ ਐਸਾ ਕਥਾਨਕ ਹੈ, ਜਿਹੜਾ ਤੇਜ਼ੀ ਨਾਲ ਬਦਲਦੀਆਂ ਸਮਾਜੀ ਆਰਥਿਕ ਪ੍ਰਸਿਥਤੀਆਂ ਅਤੇ ੇਮੀ ਗਤੀ ਵਿੱਚ ਬਦਲਦੇ ਆਚਰਣਕ ਕੋਡ ਵਿਚਲੇ ਦਵੰਦ ਨੂੰ ਸਫਲਤਾ ਸਹਿਤ ਪੇਸ਼ ਕਰਦਾ ਹੋਇਆ ਪ੍ਰਸ਼ਨ ਖੜ੍ਹਾ ਕਰਦਾ ਹੈ, 'ਸ਼ੀਤੋ ਦੀ ਆਤਮ-ਹੱਤਿਆ ਲਈ ਕੌਣ ਜ਼ਿੰਮੇਵਾਰ ਹੈ? ਸਾਡਾ ਜਗੀਰੂ ਕਦਰਾਂ-ਕੀਮਤਾਂ ਦਾ ਸਦਾਚਾਰਕ ਮੁਹਾਵਰਾ ਜਾਂ ਵਿਕਸਿਤ ਸਰਮਾਏਦਾਰੀ ਵੱਲੋਂ ਵਿਕਰਿਤ ਕਦਰਾਂ ਜਾਂ.........

—ਡਾ. ਸੁਰਿੰਦਰ ਸ਼ਾਂਤ

## ਮੱਛਰ ਗੰਜ/(ਸਵਰਨ ਚੰਦਨ)

ਮੱਛਰ ਗੰਜ ਹੁਣੇ ਜਿਹੇ ਛਪਿਆ ਬਹੁ ਪੱਖੀ ਲੇਖਕ ਸਵਰਨ ਚੰਦਨ ਦਾ ਲਿਖਿਆ ਨਾਵਲ ਹੈ ਜਿਸ ਵਿਚ ਇਕ ਬਸਤੀ ਪੜਪੜ ਗੰਜ ਨੂੰ ਕੇਂਦਰ ਬਿੰਦੂ ਬਣਾਕੇ ਸਮਾਜ ਵਿਚਲੇ ਪਦਾਰਥਕ ਤੇ ਮਾਨਸਿਕ ਗੰਦ ਦਾ ਵਰਨਣ ਕੀਤਾ ਹੈ। ਚੰਦਨ ਅਗਾਂਹ ਵਧੂ ਦਰਿਸ਼ਟੀਕੋਣ ਦਾ ਲੇਖਕ ਹੈ। ਉਹ ਸਮਾਜ ਦੇ ਗਲਤ ਵਰਤਾਰੇ ਤੇ ਕੂੜੇ ਕਰਕਟ ਨੂੰ ਨਫ਼ਰਤ ਕਰਦਾ ਹੈ। ਪ੍ਰੰਤੂ ਨਵੇਂ ਸਵੱਛ ਸਮਾਜ ਲਈ ਉਹ ਮਾਡਲ ਵਜੋਂ ਵਿਕਸਤ ਸਰਮਾਏਦਾਰ ਦੇਸ਼, ਇੰਗਲੈਂਡ ਨੂੰ ਪੇਸ਼ ਕਰਦਾ ਹੈ। ਭਾਵ ਉਹ ਭਾਰਤ ਵਿਚਲੇ ਗਲਤ ਸਮਾਜਕ, ਆਰਥਕ ਤੇ ਰਾਜਨੀਤਕ ਵਰਤਾਰਿਆ ਲਈ ਇੰਗਲੈਂਡ ਵਿਚਲੇ ਇਹਨਾਂ ਵਰਤਾਰਿਆਂ ਨਾਲ ਟਾਕਰਾ ਕਰਦਾ ਹੈ ਅਤੇ ਇਹ ਵਰਤਾਰੇ ਇੰਗਲੈਂਡ ਵਿਚ ਭਾਰਤ ਦੇ ਟਾਕਰੇ ਤੇ ਚੰਗੇ ਹਨ।

ਨਾਵਲ ਦੇ ਕਥਾਨਕ ਅਨੁਸਾਰ ਮੱਧ ਵਰਗੀ ਚੇਤਨ ਵਿਅਕਤੀ ਆਪਣੀ ਪਤਨੀ ਪ੍ਰੀਤੀ ਨਾਲ ਲੰਮਾ ਸਮਾਂ ਇੰਗਲੈਂਡ ਵਿਚ ਰਹਿ ਕੇ ਮੁੜ ਭਾਰਤ ਵਿਚ ਰਹਿਣ ਲਈ ਆਉਂਦਾ ਹੈ। ਉਸ ਨੇ ਕੁਝ ਸਮਾਂ ਪਹਿਲਾ ਦਿੱਲੀ ਹੀ ਇਕ ਬਸਤੀ ਪੜਪੜ ਗੰਜ ਵਿਖੇ ਇਕ ਫਲੈਟ ਖਰੀਦ ਲਿਆ ਸੀ। ਕੁਝ ਸਮਾਂ ਇਥੇ ਰਹਿ ਕੇ ਉਹ ਕੁਝ ਰਹਿਣ ਯੋਗ ਵੀ ਬਣਾ ਲਿਆ ਸੀ। ਆਉਣ ਤੋਂ ਪਹਿਲਾਂ ਦਿੱਲੀ ਵਿਚਲੇ ਆਪਣੇ ਰਿਸ਼ਤੇਦਾਰ ਪਤਨੀ ਦੇ ਭਰਾ ਸਮੀਰ ਨੂੰ ਫਲੈਟ ਰੰਗ ਬਗੈਰਾ ਕਰਾਉਣ ਲਈ ਕਹਿ ਦਿੰਦਾ ਹੈ। ਨਾਵਨ ਦੇ ਨਾਇਕ ਦਾ ਸੰਕਟ ਇੰਗਲੈਂਡ ਤੋਂ ਜਹਾਜ਼ ਚੜ੍ਹਨ ਸਮੇਂ ਹੀ ਆਰੰਭ ਹੋ ਜਾਂਦਾ ਹੈ। ਉਹ ਦੇਸ਼ ਰਹਿਣ ਲਈ ਆ ਰਿਹਾ ਹੈ। ਇਸ ਲਈ ਨਿੱਤ ਵਰਤੋਂ ਦਾ ਵੱਧ ਤੋਂ ਵੱਧ ਸਮਾਨ ਨਾਲ ਲੈ ਕੇ ਜਾਣ ਦਾ ਇਛੁੱਕ ਹੈ। ਉਹ ਰੂਸੀ ਹਵਾਈ ਕੰਪਨੀ ਏਅਰੋਫਲੋਟ ਦੇ ਜਹਾਜ਼ ਵਿਚ ਸਵਾਰ ਹੁੰਦਾ ਹੈ। ਉਹ ਬਚਤ ਕਰਨ ਲਈ ਸਾਰਾ ਸਮਾਨ ਆਪ ਚੁੱਕਦਾ ਹੈ। ਜਿਸ ਦਾ ਕਿ ਉਹ ਆਦੀ ਨਹੀਂ ਹੈ। ਸਾਮਾਨ ਭਾਰਾ ਹੈ ਉਹ ਬਹੁਤ ਔਖਾ ਹੋ ਕੇ ਚੁੱਕਦਾ ਹੈ। ਮਾਸਕੋ ਪੁੱਜਕੇ ਫਿਰ ਜਹਾਜ਼ ਬਦਲਦਾ ਪੈਂਦਾ ਹੈ। ਇਹ ਸਮਾਂ ਉਹ ਸੀ ਜਦੋਂ ਪੁਰਾਣਾ ਸੋਵੀਅਤ ਯੂਨੀਅਨ ਟੁੱਟ ਰਿਹਾ ਸੀ ਤੇ ਰੂਸੀ ਸਮਾਜ ਨਿਘਾਰ ਵਲ ਤੇਜ਼ੀ ਨਾਲ ਵਧ ਰਿਹਾ ਸੀ। ਇਥੇ ਰੂਸੀ ਉਸ ਕੋਲੋਂ ਪੰਜਾਹ ਪੌਂਡ ਰਿਸ਼ਵਤ ਵਜੋਂ ਲੈਂਦੇ ਹਨ। ਦਿੱਲੀ ਪੁੱਜਣ ਤੇ ਭਾਰਤੀ ਹਵਾਈ ਅੱਡੇ ਦੇ ਮੁਲਾਜ਼ਮ ਤੇ ਅਧਿਕਾਰੀ ਉਸਨੂੰ ਬਹੁਤ ਤੰਗ ਕਰਦੇ ਹਨ। ਇਹ ਅਧਿਕਾਰੀ ਤਾਂ ਆਪਣੇ ਰੁਟੀਨ ਅਨੁਸਾਰ ਕੰਮ ਕਰਦੇ ਹਨ। ਪ੍ਰੰਤੂ ਨਾਇਕ ਇਸ ਕੰਮ ਦਾ ਟਾਕਰਾ ਲੰਡਨ ਵਿਚ ਹਵਾਈ ਅੱਡੇ ਦੇ ਮੁਲਾਜ਼ਮਾਂ ਤੇ ਅਧਿਕਾਰੀਆਂ ਨਾਲ ਕਰਦਾ ਹੈ। ਇਹੋ ਫਰਕ ਉਹਨੂੰ ਤਕਲੀਫ ਦਿੰਦਾ ਹੈ।

ਨਾਇਕ ਕੁਝ ਦਿਨ ਉਪਰੰਤ ਆਪਣੇ ਫਲੈਟ ਵਿਚ ਰਹਿਣ ਲਈ ਜਾਂਦਾ ਹੈ। ਜਿਸ ਨੂੰ ਰੰਗ ਕਰਨ ਵਾਲੇ ਬੁਰੀ ਤਰ੍ਹਾਂ ਖਰਾਬ ਕਰ ਗਏ ਹਨ। ਉਹਨਾਂ ਨੇ ਫਲੈਟ ਵਿਚਲੇ ਫਰਨੀਚਰ ਨੂੰ ਹੀ ਪੌੜੀਆਂ ਵਜੋਂ ਵਰਤ ਕੇ ਵੱਖ ਵੱਖਰੇ ਰੰਗਾਂ ਨਾਲ ਰੰਗ ਤੇ ਖਿੰਡਾ ਕੇ ਸੁੱਟ ਜਾਂਦੇ ਹਨ। ਨਾਇਕ ਤੇ ਨਾਇਕਾ ਫਲੈਟ ਨੂੰ ਠੀਕ ਕਰਨ ਲਈ ਮਿਹਨਤ ਕਰਦੇ ਹਨ। ਪਰ ਪੂਰੀ ਤਰ੍ਹਾਂ ਸਫਲ ਨਹੀਂ ਹੁੰਦੇ। ਫਲੈਟ ਦੀ ਬਿਜਲੀ ਗੁਲ ਹੋ ਜਾਂਦੀ ਹੈ ਅਤੇ ਗਰਮੀ ਤੇ ਮੱਛਰ ਉਨ੍ਹਾਂ ਨੂੰ ਬਹੁਤ ਤੰਗ ਕਰਦੇ ਹਨ। ਇੱਥੋਂ ਨਾਇਕ ਨੂੰ ਸਾਰੇ ਪਾਸੇ ਮੱਛਰ ਹੀ ਮੱਛਰ ਦਿਖਾਈ ਦੇਣ ਲੱਗ ਪੈਂਦਾ ਹੈ ਅਤੇ ਉਸਦੀ ਮਾਨਸਿਕਤਾ ਨੂੰ ਪੂਰੀ ਤਰ੍ਹਾਂ ਕਾਬੂ ਕਰ ਲੈਂਦਾ ਹੈ। ਸਾਰੇ ਨਾਵਲ ਵਿਚ ਮੱਛਰ ਦਾ ਹੀ ਜ਼ਿਕਰ ਹੈ। ਇਹ ਮੱਛਰ ਕਿੱਥੇ ਹੈ? ਕਿੱਥੇ ਨਹੀਂ ਹੈ? ਕਿੱਥੋਂ ਆਉਂਦਾ ਹੈ ਤੇ ਕਿਵੇਂ ਮੁੱਕ ਸੁਕਦਾ ਹੈ? ਇਸੇ ਕਾਰਨ ਉਹਨੇ ਆਪਣੀ ਬਸਤੀ ਦਾ ਨਾਂ ਹੀ ਮੱਛਰ ਗੰਜ ਰੱਖ ਦਿੱਤਾ ਹੈ। ਨਾਵਲ ਵਿਚ ਕਈ ਹੋਰ ਪਾਤਰ ਹਨ ਜਿਵੇਂ ਗਵਾਂਢੀ ਸ਼ਰਮਾ ਜੀ, ਕਾਲੋਨੀ ਦੇ ਚੌਕੀਦਾਰ ਗੋਰਖੇ, ਬਿਜਲੀ ਮਿਸਤਰੀ, ਠੇਕੇਦਾਰ ਰਾਕੇਸ਼, ਬੈਨਰਜੀ, ਪੁਰਾਣਾ ਵਾਕਿਫ਼ ਸਤੀਸ਼ ਆਹੂਜਾ। ਨਾਇਕ ਨੂੰ ਸਿਵਾਏ ਮਿ..ਰ ਬੈਨਰਜੀ ਦੇ ਸਾਰੇ ਹੀ ਸਮਾਜਿਕ ਮੱਛਰ ਜਾਪਦੇ ਹਨ। ਨਾਇਕ ਕੇਵਲ ਮਿਸਟਰ ਬੈਨ..ਜੀ ਤੇ ਉਸਦੀ ਪਾਰਟੀ ਮਾਰਕਸੀ ਪਾਰਟੀ ਨੂੰ ਬਖਸ਼ਦਾ ਹੈ ਹੋਰ ਕਿਸੇ ਨੂੰ ਨਹੀਂ।

ਨਾਇਕ ਦਾ ਸਮਾਜਕ ਪਰਸਥਿਤੀਆਂ ਦੇ ਆਲੇ ਦੁਆਲੇ ਨਾਲ ਇਹ ਵਿਰੋਧ ਨਿੱਜੀ ਤੇ ਮੱਧ ਸ਼੍ਰੇਣਿਕ ਦ੍ਰਿਸ਼ਟੀ ਤੋਂ ਹੈ। ਨਾਇਕ ਚੰਗਾ ਸਵੱਛ ਸਮਾਜ ਤੇ ਆਲਾ ਦੁਆਲਾ ਚਾਹੁੰਦਾ ਹੈ। ਪਰ ਕਿਹੋ ਜਿਹਾ? ਇਸ ਬਾਰੇ ਬਹੁਤੀ ਸਪਸ਼ਟ ਗੱਲ ਨਹੀਂ ਕਰਦਾ। ਇੰਗਲੈਂਡ ਨਾਲ ਹਰ ਗੱਲ ਦੀ ਤੁਲਨਾ ਤੋਂ ਜਾਪਦਾ ਹੈ ਕਿ ਸ਼ਾਇਦ ਉਹ ਇੰਗਲੈਂਡ ਵਰਗੇ ਆਲੇ ਦੁਆਲੇ ਤੇ ਸਮਾਜ ਦਾ ਇਛੁੱਕ ਹੈ। ਪ੍ਰੰਤੂ ਜਿੱਥੇ ਨਾਇਕ ਇੰਗਲੈਂਡ ਦਾ ਪ੍ਰਸ਼ੰਸਕ ਹੈ, ਉਥੇ ਉਸ ਦੇ ਰਾਜਸੀ ਢਾਂਚੇ ਦੋ ਪਾਰਟੀ ਪ੍ਰਬੰਧ ਦੀ ਕਮਜ਼ੋਰੀ ਤੋਂ ਵੀ ਜਾਣੂ ਹੈ। ਨਾਇਕ ਮੱਧ ਵਰਗੀ ਹੋ ਕੇ ਵੀ ਮੱਧ ਵਰਗ ਵਿਚ ਆ ਰਹੇ ਸਦਾਚਾਰਕ ਤੇ ਆਚਰਣਕ ਨਿਘਾਰ ਬਾਰੇ ਵੀ ਚੇਛੰਨ ਹੈ। ਜਦੋਂ ਡਾਨਸ ਸਕੂਲ ਦਾ ਵਰਨਣ ਕਰਦਾ ਹੈ ਤਾਂ ਇਸ ਨਿਘਾਰ ਦਾ ਵਰਨਣ ਕਰਦਾ ਹੈ।

ਸਵਰਨ ਚੰਦਨ ਦਾ ਇਹ ਨਾਵਲ ਸਮਾਜ ਦੇ ਪਦਾਰਥਕ ਤੇ ਮਾਨਸਿਕ ਰੋਗਾਂ ਨੂੰ ਨੰਗੇ ਕਰਦਾ ਹੈ ਤੇ ਉਹਨਾਂ ਵਿਰੁੱਧ ਡੂੰਘੀ ਨਫ਼ਰਤ ਪੈਦਾ ਕਰਦਾ ਹੈ। ਇਹੋ ਇਸਦੀ ਪ੍ਰਾਪਤੀ ਹੈ।

—ਸੁਰਜੀਤ ਗਿੱਲ

## ਯੋਧੇ/(ਤਲਵਿੰਦਰ ਸਿੰਘ)

ਯੋਧੇ, ਤਲਵਿੰਦਰ ਸਿੰਘ ਦਾ ਪਿਛੇ ਜਿਹੇ ਛਪਿਆ ਨਾਵਲ ਹੈ। ਤਲਵਿੰਦਰ ਸਿੰਘ ਮੂਲ ਰੂਪ ਵਿਚ ਕਹਾਣੀਕਾਰ ਹੈ, ਪ੍ਰੰਤੂ ਹੋਰਨਾਂ ਕਹਾਣੀਕਾਰਾਂ ਵਾਂਗ ਉਹ ਨਾਵਲ ਵੀ ਲਿਖ ਰਿਹਾ ਹੈ। ਹਥਲਾ ਨਾਵਲ ਯੋਧੇ, ਉਹਦੀ ਲਿਖਤ ਦੀ ਪਕਿਆਈ ਦਾ ਲਖਾਇਕ ਹੈ। ਜਿਸ ਵਿਚ ਉਹਨੇ ਪਿਛਲੇ ਸਾਲਾਂ ਵਿਚ ਵਾਪਰੀ ਤਰਾਸਦੀ ਨੂੰ ਇਕ ਸੁਹਿਰਦ ਕਲਾਕਾਰ ਵਾਂਗ ਚਿਤਰਿਆ ਹੈ। ਨਾਵਲ ਵਿਚ ਲੇਖਕ ਲੋਕ ਪੱਖੀ ਤੇ ਜੁਝਾਰੂ ਸ਼ਕਤੀਆਂ ਦਾ ਪੱਖ ਲੈਂਦਾ ਹੈ, ਪ੍ਰੰਤੂ ਡੰਡੀ ਨਹੀਂ ਮਾਰਦਾ। ਉਹਨੇ ਵੱਧ ਤੋਂ ਵੱਧ ਯਥਾਰਥ ਨੂੰ ਚਿਤਰਨ ਦਾ ਯਤਨ ਕੀਤਾ ਹੈ। ਲੇਖਕ ਨੇ ਅਤਿਵਾਦੀਆਂ ਦੀਆਂ ਕਾਰਵਾਈਆਂ ਨੂੰ ਬਹੁਤ ਹੀ ਹਕੀਕੀ ਰੂਪ ਵਿਚ ਚਿਤਰਿਆ ਹੈ। ਦੂਜੀ ਧਿਰ ਨੂੰ ਚਿਤਰਦਿਆਂ ਵੀ ਲੇਖਕ ਨੇ ਉਸਦੇ ਕਮਜ਼ੋਰ ਪੱਖਾਂ ਨੂੰ ਅਖੋਂ ਪਰੋਖ ਨਹੀਂ ਕੀਤਾ। ਸੁਖਦੇਵ ਸਿੰਘ ਜਿੱਥੇ ਇਕ ਵਧੀਆ ਜਥੇਬੰਦਕ ਤੇ ਦ੍ਰਿੜ ਅਤਿਵਾਦੀ- ਵਿਰੋਧੀ ਸੰਗਰਾਮੀਆਂ ਹੈ, ਉਥੇ ਔਰਤ ਉਹਦੀ ਕਮਜ਼ੋਰੀ ਹੈ। ਇਸੇ ਕਾਰਨ ਮਾਰਿਆ ਜਾਂਦਾ ਹੈ।

ਨਾਵਲ ਵਿੱਚ ਇੱਕ ਪਿੰਡ ਨਿਧਾਨ ਸਿੰਘ ਵਾਲਾ ਦੀ ਕਹਾਣੀ ਹੈ, ਪਰੰਤੂ ਇਹ ਕਿਸੇ ਇੱਕ ਪਿੰਡ ਦੀ ਕਹਾਣੀ ਨਾ ਹੋ ਕੇ ਪੰਜਾਬ ਦੇ ਉਹਨਾਂ ਬਹੁਤੇ ਪਿੰਡਾਂ ਦੀ ਕਹਾਣੀ ਹੈ। ਜਿਹੜੇ ਪਿਛਲੇ ਸਮੇਂ ਵਿਚ ਅਤਿਵਾਦ ਦੀ ਮਾਰ ਹੇਠ ਆਏ ਸਨ। ਨਾਵਲ ਵਿਚ ਲੇਖਕ ਪੰਜਾਬ ਦੇ ਪਿੰਡਾਂ ਦੇ ਲੋਕਾਂ ਦੀ ਆਪਸੀ ਭਾਈਚਾਰਕ ਸਾਂਝ ਦਾ ਵਰਨਣ ਕਰਦਾ ਹੈ। ਜਿਥੇ ਪਿੰਡ ਦੇ ਗਰੀਬ ਕਾਰੀਗਰ ਦਾ ਮੁੰਡਾ ਸੁਖਬੀਰ



ਪਿੰਡ ਦੇ ਦੁਕਾਨਦਾਰ ਕਿਸਾਨ ਨਾਲ ਘਿਉ ਖਿਚੜੀ ਹੈ। ਪਿੰਡਾਂ ਵਿਚ ਸਾਰੇ ਲੋਕ ਰਾਜੀ ਖੁਸ਼ੀ ਇਕ ਦੂਜੇ ਦੇ ਦੁਖ ਵਿਚ ਭਾਈਵਾਲ ਹੁੰਦੇ ਹਨ। ਉਹਨਾਂ ਦਾ ਆਪਸੀ ਕੋਈ ਵਿਰੋਧ ਨਹੀਂ ਹੈ। ਇਹ ਵਿਰੋਧ ਜਾਣ ਬੁੱਝ ਕੇ ਵਿਸ਼ੇਸ਼ ਹਿੱਤਾਂ ਦੀ ਪ੍ਰਾਪਤੀ ਲਈ ਖੜੇ ਕੀਤੇ ਜਾਂਦੇ ਹਨ। ਨਾਵਲ ਦੇ ਧਿਰਾਂ ਦੀ ਕਤਾਰਬੰਦੀ ਕੀਤੀ ਗਈ ਹੈ। ਇਕ ਧਿਰ ਜਿਹੜੀ ਲੋਕਾਂ ਦੇ ਹਿੱਤ ਵਿਚ ਖੜ੍ਹਦੀ ਹੈ। ਉਸਦੇ ਹੱਕ ਵਿਚ ਡੱਟਕ ਲੜਦੀ ਹੈ। ਇਸ ਧਿਰ ਵਿਚ ਸਰਪੰਚ ਤਰਲੋਕ ਸਿੰਘ ਤੇ ਉਹਦੇ ਮੁੰਡੇ ਪ੍ਰਕਾਸ਼ ਚੰਦ. ਉਹਦਾ ਜਵਾਈ ਕਾਬਲ ਸਿੰਘ, ਸੁਖਦੇਵ ਸਿੰਘ ਤੇ ਡੀ. ਐਸ. ਪੀ. ਅੰਗਦ ਹਨ। ਦੂਜੇ ਪਾਸੇ ਨੰਬਰਦਾਰ ਤੇ ਉਹਦੇ ਪੱਖੀ ਬਾਬੇ, ਬਖਤੌਰਾ ਤੇ ਫਿਰ ਸੁਖਬੀਰ ਹਨ। ਸੁਖਬੀਰ ਅਜਿਹਾ ਪਾਤਰ ਹੈ ਜਿਹੜਾ ਪਰਸਥਿਤੀਆਂ ਦੀ ਮਾਰ ਨਾ ਝੱਲਦਾ ਹੋਇਆ ਥਿੜਕ ਜਾਂਦਾ ਹੈ ਤੇ ਨਾਂ ਚਾਹੁੰਦਾ ਹੋਇਆ ਵੀ ਅਤਿਵਾਦੀ ਹੋ ਜਾਂਦਾ ਹੈ। ਕੁਝ ਪਾਤਰ ਅਜਿਹੇ ਹਨ ਜਿਹੜੇ ਸਮੁੱਚੀ ਸਥਿਤੀ ਦੀ ਗੰਭੀਰਤਾ ਬਾਰੇ ਨਹੀਂ ਜਾਣਦੇ ਅਤੇ ਨਾ ਹੀ ਜਾਨਣਾ ਚਾਹੁੰਦੇ ਹਨ। ਇਹ ਲੋਕ ਪੌਣ ਕੁੱਕੜ ਵਾਂਗ ਹਵਾ ਅਨੁਸਾਰ ਫਿਰਦੇ ਹਨ।

ਨਾਵਲ ਵਿਚ ਅਤਿਵਾਦੀਆਂ ਦੇ ਕੰਮ ਢੰਗ ਦਾ ਵੇਰਵਾ ਵਿਸਥਾਰ ਨਾਲ ਦਿੱਤਾ ਗਿਆ ਹੈ। ਉਹ ਧੰਨ ਇਕੱਠਾ ਕਰਦੇ ਹਨ। ਬੰਦੇ ਅਗਵਾ ਕਰਦੇ ਹਨ। ਜਿਸ ਘਰ ਰਹਿਦੇ ਤੇ ਰੋਟੀਆਂ ਤੋੜਦੇ ਹਨ। ਉਸੇ ਘਰ ਦੀ ਇਜ਼ਤ ਲੁੱਟਦੇ ਹਨ। ਮਨਜੀਤ ਕੌਰ ਅਧਿਆਪਕਾ ਨਾਲ ਇਹੋ ਕੁਝ ਵਾਪਰਦਾ ਹੈ। ਆਪਣਾ ਕੰਮ ਕੱਢਣ ਲਈ ਛਲ ਕਪਟ ਕਰਦੇ ਤੇ ਬਹਿਰੂਪ ਧਾਰਦੇ ਹਨ। ਸੁਖਦੇਵ ਨੂੰ ਕਤਲ ਕਰਨ ਲਈ ਮੀਨਾਕਸ਼ੀ ਨੂੰ ਅਖੌਤੀ ...ਬਣਾ ਕੇ ਭੇਜਦੇ ਹਨ। ਸੱਚ ਤੇ ਝੂਠ ਦੀ ਲੜਾਈ ਵਿਚ ਨੁਕਸਾਨ ਦੋਨਾਂ ਧਿਰਾਂ ਦਾ ਹੁੰਦਾ ਹੈ। ਸਰਪੰਚ ਤਰਲੋਕ ਸਿੰਘ ਦਾ ਵੱਡਾ ਲੜਕਾ ਦਿਲਬਾਗ ਮਾਰਿਆ ਜਾਂਦਾ ਹੈ। ਵੱਸਦਾ ਰਸਦਾ ਘਰ ਉਜੜ ਜਾਂਦਾ ਹੈ। ਜਿਹੜਾ ਦਿਲਬਾਗ ਭਰਪੂਰ ਜਿੰਦਗੀ ਜਿਉ ਰਿਹਾ ਸੀ ਤੇ ਕਲੋਲਾਂ ਕਰ ਰਿਹਾ ਸੀ। ਅਤਿਵਾਦੀਆਂ ਦੀ ਗੋਲੀ ਦਾ ਸ਼ਿਕਾਰ ਹੋ ਜਾਂਦਾ ਹੈ। ਪ੍ਰੰਤੂ ਹਾਰ ਅੰਤ ਵਿਚ ਝੂਠ ਦੀ ਹੁੰਦੀ ਹੈ। ਅਤਿਵਾਦੀ ਸਾਰੇ ਮਾਰੇ ਜਾਂਦੇ ਹਨ। ਅਤਿਵਾਦੀਆਂ ਲਈ ਕੇਵਲ ਆਪਣਾ ਮਨੋਰਥ ਹੀ ਸਭ ਕੁਝ ਸੀ। ਉਹ ਗੁਰਦੁਵਾਰੇ ਦੇ ਗ੍ਰੰਥੀ ਨੂੰ ਕਤਲ ਕਰਦੇ ਹਨ। ਗੁਰਦੁਵਾਰੇ ਦੀ ਬਰਬਾਦੀ ਦਾ ਕਾਰਨ ਬਣਦੇ ਹਨ।

ਅਤਿਵਾਦ ਦੀ ਵਿਰੋਧੀ ਧਿਰ ਕਿਸੇ ਜਜ਼ਬਾਤੀ ਵਿਚਾਰ ਤੇ ਨਹੀਂ ਖੜ੍ਹਦੀ। ਉਹਦੇ ਸਾਹਮਣੇ ਵਿਗਿਆਨਿਕ ਸੋਚ ਤੇ ਉਸ ਵਿਚ ਦ੍ਰਿੜ ਵਿਸ਼ਵਾਸ ਹੀ ਉਸਨੂੰ ਲੜਾਉਂਦਾ ਤੇ ਕੁਰਬਾਨੀਆਂ ਕਰਪ ਲਈ ਤਿਆਰ ਕਰਦਾ ਹੈ। ਵਿਗਿਆਨਕ ਸੋਚ ਹੀ ਨਵਾਂ ਸਮਾਜਕ ਧਿਰ ਰਹੀ ਹੈ। ਇਸ ਸੋਚ ਦੇ ਧਾਰਨੀ ਜ਼ਾਤ ਪਾਤ ਦੀਆਂ ਕੰਧਾਂ ਢਾਹ ਕੇ ਅੰਤਰਜਾਤੀ ਵਿਆਹ ਕਰਦੇ ਹਨ। ਜਿਵੇਂ ਕਾਬਲ ਤੇ ਅੰਮ੍ਰਿਤ ਦਾ ਵਿਆਹ ਹੁੰਦਾ ਹੈ। ਪਿਆਰ ਵੀ ਹੱਦਾਂ ਬੰਨ੍ਹੇ ਨਹੀਂ ਦੇਖਦਾ, ਜਿਵੇਂ ਕਾਲਜ ਸਮੇਂ ਸੁਖਬੀਰ ਸਰਬਜੀਤ ਨੂੰ ਚੰਗਾ ਲਗਦਾ ਹੈ। ਰਣਜੀਤ ਨੂੰ ਸੁਖਬੀਰ ਦੀ ਭੈਣ ਪਾਲੀ ਚੰਗੀ ਲਗਦੀ ਹੈ। ਗਲ ਸਿਰੇ ਕੋਈ ਨਹੀਂ ਲਗਦੀ। ਉਂਝ ਲੱਗ ਵੀ ਨਹੀਂ ਸੀ ਸਕਣੀ, ਕਿਉਂਕਿ ਸਮਾਜਿਕ ਕੰਧਾਂ ਬਹੁਤ ਉੱਚੀਆਂ ਹਨ।

ਦਿੱਲੀ ਵਿਚ ਜੋ ਕੁਝ ਸਿੱਖਾਂ ਨਾਲ ਵਾਪਰਿਆ, ਉਸ ਦਾ ਜਿਊਂਦਾ ਸਬੂਤ ਨਿਰਮਲ ਹੈ। ਜਿਸਦਾ ਸਾਰਾ ਪਰਵਾਰ ਬਿਨਾਂ ਕਿਸੇ ਕਸੂਰ ਦੇ ਕਤਲ ਕਰ ਦਿੱਤਾ ਗਿਆ। ਲੇਖਕ ਸਮੁੱਚੇ ਦੁਖਾਂਤ ਨੂੰ ਪੂਰਨ ਈਮਾਨਦਾਰੀ ਨਾਲ ਪੇਸ਼ ਕਰਦਾ ਹੈ। ਨਾਵਲ ਦੀ ਕਥਾ ਗੁੰਦਵੀਂ ਤੇ ਰੌਚਕਤਾ ਭਰਪੂਰ ਹੈ। ਇਸ ਤੋਂ ਲੇਖਕ ਦੀ ਕਲਾ ਦੀ ਪਕਿਆਈ ਝਲਕਦੀ ਹੈ। ਪੰਜਾਬੀ ਵਿੱਚ ਬਹੁਤ ਘੱਟ ਗੱਦ ਰੂਪ ਵਿਚ ਪਿਛਲੇ ਸਾਲਾਂ ਦੇ ਦੁਖਾਂਤ ਬਾਰੇ ਲਿਖਿਆ ਗਿਆ ਹੈ। ਸਾਵਾਂ ਤੇ ਬੇਲਾਗ ਵਰਨਣ ਇਕ ਦਸਤਾਵੇਜ਼ ਹੋ ਨਿਬੜਦਾ ਹੈ। ਲੇਖਕ ਦਾ ਧਰਮ ਹੈ ਕਿ ਉਹ ਸੱਚ ਨੂੰ ਸੱਚ ਤੇ ਝੂਠ ਨੂੰ ਝੂਠ ਕਹੇ। ਤਲਵਿੰਦਰ ਸਿੰਘ ਨੇ ਪੰਜਾਬ ਤਰਾਸਦੀ ਦਾ ਸਾਵਾਂ ਵਰਨਣ ਕਰਕੇ ਉਸ ਸਮੇਂ ਦੌਰਾਨ ਸਮੁੱਚੇ ਪੰਜਾਬੀ ਜੀਵਨ ਤੇ ਕਲਚਰ, ਪੰਜਾਬੀ ਭਾਈਚਾਰਾ ਤੇ ਨਾ ਟੁੱਟਣ ਵਾਲੀਆਂ ਸਾਂਝਾਂ ਦਾ ਵਰਨਣ ਕੀਤਾ ਹੈ। ਨਾਵਲ ਪੰਜਾਬੀ ਗਲਪ ਸਾਹਿਤ ਵਿਚ ਇੱਕ ਗਿਣਨਯੋਗ ਵਾਧਾ ਕਰਦਾ ਹੈ। —ਸੁਰਜੀਤ ਗਿੱਲ

## "ਸੁਪਨਿਆਂ ਦੀ ਜੂਹ-ਕੈਨੇਡਾ"/ਗੁਰਬਖਸ਼ ਸਿੰਘ ਭੰਡਾਲ

"ਸੁਪਨਿਆਂ ਦੀ ਜੂਹ-ਕੈਨੇਡਾ" ਕਈ ਪੱਖਾਂ ਤੋਂ ਗੁਰਬਖਸ਼ ਸਿੰਘ ਭੰਡਾਰਲ ਦੀ ਇਕ ਵਿਸ਼ੇਸ਼ ਰਚਨਾ ਹੈ। ਪਹਿਲੇ, ਇਹ ਲੇਖਕ ਦਾ ਨਾ ਸਿਰਫ ਪਹਿਲਾਂ ਸਫ਼ਰਨਾਮਾ ਹੈ ਸਗੋਂ ਇਹ ਉਸਦੀ ਪਲੇਠੀ ਵਾਰਤਕ ਰਚਨਾ ਵੀ ਹੈ। ਦੂਸਰੇ ਇਹ ਵਾਰਤਕ ਰਚਨਾ ਹੋਣ ਦੇ ਬਾਵਜੂਦ ਲੇਖਕ ਨੂੰ ਕਵੀ ਦੇ ਤੌਰ ਤੇ ਪ੍ਰਤੀਬਿੰਬਿਤ ਵਧੇਰੇ ਕਰਦੀ ਹੈ। ਤੀਸਰੇ, ਅਤੇ ਇਹ ਗੱਲ ਪਹਿਲੀਆਂ ਦੋਹਾਂ ਨਾਲੋਂ ਵੱਧ ਮਹੱਤਵਪੂਰਨ ਹੈ, ਇਸ ਪੁਸਤਕ ਆਪਣੇ ਨਾਮ ਅਤੇ ਪਾਠ ਦੋਹਾਂ ਰਾਹੀਂ ਸੁਪਨੇ ਅਤੇ ਸੱਚ ਦੀ ਚਰਚਾ ਕਰਦਿਆਂ ਆਮ ਤੌਰ ਤੇ ਸਾਰੇ ਸਾਹਿਤ ਦੇ ਅਤੇ ਵਿਸ਼ੇਸ਼ ਤੌਰ ਤੇ ਸਫਰਨਾਮਾ ਸਾਹਿਤ ਦੇ ਪ੍ਰਯੋਜਨ ਅਤੇ ਸੁਭਾਵ ਨੂੰ ਉਘਾੜਨ ਦਾ ਯਤਨ ਕਰਦੀ ਹੈ। ਦਰਅਸਲ ਇਹ ਸੁਪਨੇ ਅਤੇ ਯਥਾਰਥ ਦਾ ਦਵੰਦ ਹੀ ਹੈ ਜੋ ਇਸ ਪੁਸਤਕ ਦਾ ਰਚਨਾ ਵਿਵੇਕ ਵੀ ਹੈ ਅਤੇ ਆਧਾਰ ਵੀ। ਲੇਖਕ ਆਪਣੇ ਸੁਪਨੇ ਪ੍ਰੀਭਾਸ਼ਿਤ ਕਰਨ ਦਾ ਯਤਨ ਵੀ ਕਰਦਾ ਹੈ ਅਤੇ ਉਸਨੂੰ ਯਥਾਰਥ ਦੀ ਤੁਲਨਾ ਵਿਚ ਰੱਖ ਕੇ ਯਥਾਸ਼ਕਤੀ ਵੇਖਣ ਪਰਖਣ ਦਾ ਉਪਰਾਲਾ ਵੀ। ਇਸ ਤੁਲਨਾਤਮਿਕ ਵੇਖਣ ਪਰਖਣ ਦੀ ਪ੍ਰਕ੍ਰਿਆ ਦੌਰਾਨ ਲੇਖਕ ਬੌਧਿਕ ਅਤੇ ਭਾਵੁਕ ਤੌਰ ਤੇ ਗਤੀਸ਼ੀਲ ਦਿਸਦਾ ਹੈ। ਬਚਪਨ ਵਿੱਚ "ਇਕ ਸੁਨਹਿਰੀ ਤੌਰ ਤੇ" ਦੇ ਰੂਪ ਵਿਚ ਚਿਤਵਿਆ ਕੈਨੇਡਾ ਉਸ ਲਈ ਪੁਸਤਕ ਦੇ ਅੰਤ ਤੱਕ ਪੁੱਜਦਿਆਂ "ਬਿਗਾਨੀ ਧਰਤੀ" (ਪੰਨਾ 51) ਬਣਕੇ ਰਹਿ ਜਾਂਦਾ ਹੈ। 'ਕੰਧ ਤੇ ਲੀਕਾਂ' ਦੀ ਗਿਣਤੀ ਕਰਦੀ ਪਤਨੀ ਦਾ ਖਿਆਲ ਉਸਨੂੰ ਸੁਪਨਿਆਂ ਦੀ ਧਰਤੀ ਤੇ ਗੁੰਮ ਹੋ ਜਾਣ ਤੋਂ ਬਚਾ ਲੈਂਦਾ ਹੈ ਅਤੇ ਉਸਨੂੰ ਯਥਾਰਥ ਦੀ ਧਰਤੀ ਤੇ ਖਿੱਚ ਲਿਆਉਂਦਾ ਹੈ।

ਪੁਸਤਕ ਦੇ ਆਰੰਭ ਵਿੱਚ ਸੁਪਨੇ ਦੀ ਸਿਰਜਣਾ ਸਾਧਾਰਨ ਵੀ ਹੈ ਅਤੇ ਵਿਸ਼ੇਸ਼ ਵੀ। ਸਧਾਰਨ ਇਸ ਲਈ ਕਿ ਇਹ ਸੁਪਨਾ ਮੁੱਢਲੇ ਤੌਰ ਤੇ ਬਾਲ ਮਨ ਦੇ ਰੁਮਾਂਚਕਾਰੀ ਸੁਭਾਵ ਦੀ ਉਪਜ ਹੈ ਅਤੇ ਇਸ ਲਈ ਵੀ ਕਿ ਇਸ ਦੀ ਸਾਰਥਕਤਾ ਬਹੁਤੀ ਨਿਸ਼ਚਿਤ ਨਹੀਂ ਅਤੇ ਵਿਸ਼ੇਸ਼ ਇਸ ਲਈ ਕਿ ਇਹ ਆਪਣੀ ਸਾਧਾਰਨਤਾ ਦੇ ਬਾਵਜੂਦ ਲੇਖਕ ਦਾ ਜੀਵੰਤ ਸੁਪਨਾ ਬਣ ਜਾਂਦਾ ਹੈ ਅਤੇ ਉਸਨੂੰ ਇੱਕ ਲੰਬੇ ਅਰਸੇ ਤੱਕ ਪ੍ਰੇਰਿਤ ਕਰਦਾ ਰਹਿੰਦਾ ਹੈ। ਇੱਥੋਂ ਤੱਕ ਕਿ ਪੁਸਤਕ ਦੇ ਅੰਤ ਤੇ ਵੀ ਇਹ ਸੁਪਨਾ ਉੱਕਾ ਨਹੀਂ ਟੁੱਟਦਾ ਅਤੇ ਪ੍ਰੇਰਨਾ ਰੂਪ ਵਿਚ ਕਾਇਮ ਰਹਿੰਦਾ ਹੈ। ਇਹ ਸੁਪਨਾ ਇਸ ਲਈ ਵੀ ਵਿਸ਼ੇਸ਼ ਹੈ ਕਿ ਇਹ ਇਸ ਲਿਖਤ ਦੇ ਰੁਮਾਂਸਵਾਦੀ ਸੁਭਾਵ ਦੀ ਝਲਕ ਦਿੰਦਾ ਹੈ ਅਤੇ ਲੇਖਕ ਦੀ ਕਾਵਿਕ ਵਾਰਤਕ ਸ਼ੈਲੀ ਰਾਹੀਂ ਸੁਭਾਵਕ ਤੌਰ ਤੇ ਪੰਨਾ ਦਰ ਪੰਨਾ ਪਾਸਾਰ ਪਾਉਂਦਾ ਦਿਸਦਾ ਹੈ। ਪੁਸਤਕ ਕੈਨੇਡਾ ਨੂੰ ਇੱਕ ਮਿੱਥ ਵਜੋਂ ਪ੍ਰਸਤੁਤ ਕਰਦੀ ਹੈ। ਨਾਵਾਂ ਥਾਵਾਂ ਦੇ ਇਤਿਹਾਸਕ ਅਤੇ ਭੂਗੋਲਕ ਪਿਛੋਕੜ ਦੀ ਜਾਣਕਾਰੀ ਵੀ ਇਸਦੇ ਇਸੇ ਸੁਭਾਵ ਨੂੰ ਹੀ ਦ੍ਰਿੜ ਕਰਦੀ ਹੈ। ਕੈਨੇਡਾ ਦੀ ਯਾਤਰਾ ਤੇ ਨਿਕਲਣਾ 'ਅਪਹੁੰਚ' ਦੀ ਖੋਜ ਵਿਚ ਕਿਸੇ ਤੀਰਥ ਦੀ ਯਾਤਰਾ ਤੇ ਨਿਕਲਣ ਤੁੱਕ ਜਾਪਦਾ ਹੈ। ਉਤਸੁਕਤਾ, ਹੁਲਾਰਾ, ਸਰੂਰ, ਨਸ਼ਾ, ਅਚੰਭਾ, ਸ਼ਾਖਸ਼ਾਤ ਦਰਸ਼ਨ, ਚਾਅ, ਹੱਥੀਂ ਛਾਵਾਂ, ਯਾਦ ਦਾ ਅਮੁੱਲ ਖਜ਼ਾਨਾ, ਅਦਭੁੱਤ ਨਜ਼ਾਰਾ, ਅਕਹਿ ਆਨੰਦ ਆਦਿ ਸ਼ਬਦਾਂ ਦੀ ਭਰਮਾਰ, ਵਿਸ਼ੇਸ਼ਣਾਂ, ਵਾਕਾਂਸ਼ਾਂ, ਪ੍ਰਤੀਕਾਂ, ਰੂਪਕਾਂ, ਤੁਲਨਾਵਾਂ ਦੀ ਵਾਰ ਵਾਰ ਵਰਤੋਂ ਇਸ ਰਚਨਾ ਦੇ ਰੁਮਾਂਸਵਾਦੀ ਪੱਖ ਨੂੰ ਹੀ ਉਜਾਗਰ ਕਰਦੀ ਹੈ। ਕੈਨੇਡਾ ਨੂੰ 'ਸੁਪਨਿਆਂ ਦੀ ਜੂਹ' ਸਾਬਿਤ ਕਰਨ ਹਿੱਤ ਲੇਖਕ ਉੱਥੋਂ ਦੇ ਜੀਵਨ ਵਿੱਚੋਂ ਲਏ ਗਏ ਤੱਥਾਂ ਨੂੰ ਵੀ ਵਰਤਦਾ ਹੈ। ਕੈਨੇਡਾ ਦੀ ਧਰਤੀ ਕੁਦਰਤੀ ਨਜ਼ਾਰਿਆਂ ਨਾਲ ਭਰਪੂਰ ਹੈ, ਆਧੁਨਿਕ ਵਿਗਿਆਨ ਅਤੇ ਤਕਨੀਕ ਦੇ ਵਿਕਾਸ ਨੇ ਮਨੁੱਖ ਲਈ ਅਨੇਕ ਸੁੱਖ ਸਹੂਲਤਾਂ ਅਤੇ ਸੰਭਾਵਨਾਵਾਂ ਪੈਦਾ ਕੀਤੀਆਂ ਹਨ, ਉੱਥੋਂ ਦੇ ਲੋਕ ਬਿਹਤਰ ਮਨੁਖੀ ਕਦਰਾਂ ਕੀਮਤਾਂ ਤੇ ਪਹਿਰਾ ਦਿੰਦੇ ਹਨ। ਇਹ ਸਭ ਪ੍ਰਸੰਸਾਤਮਿਕ ਪਾਸਾਰ ਵੀ ਪਾਠਕ ਨੂੰ ਹੋਰ ਅਚੰਭਿਤ ਕਰਨ ਵਿੱਚ ਸਹਾਈ ਹੁੰਦੇ ਹਨ। ਦੋ ਮਹੀਨੇ ਤੱਕ ਕੈਨੇਡਾ ਦੀ ਧਰਤੀ ਤੇ ਵਿਚਰ ਕੇ ਵੀ ਲੇਖਕ ਮਿੱਥ ਅਤੇ ਸੁਪਨੇ ਤੋਂ ਉਪਰ ਉੱਠਣ ਦਾ ਯਤਨ ਨਹੀਂ ਕਰਦਾ।

ਪ੍ਰੰਤੂ ਕੈਨੇਡਾ ਦੀ ਧਰਤੀ ਤੇ ਵੀ 'ਸਭ ਹੱਛਾ' ਨਹੀਂ ਹੈ। ਵਿਸ਼ੇਸ਼ ਤੌਰ ਤੇ ਉਧਰ ਵਸੇ ਪੰਜਾਬੀਆਂ ਦੀ ਹੋਂਦ ਬੜੀ ਗੁੰਝਲਦਾਰ ਹੈ। ਇਹ ਮਿਹਨਤ, ਮਹਿਮਾਨਨਿਵਾਜ਼ੀ, ਆਪਸੀ ਮਿਲਵਰਤਣ, ਸਮੇਂ



ਦੀ ਪਾਬੰਦੀ ਦੇ ਅਹਿਸਾਸ ਆਪਣੇ ਪਿਛੋਕੜ ਨਾਲ ਜੁੜੇ ਰਹਿਣ ਦੀ ਇੱਛਾ ਆਦਿ ਕਰਕੇ ਲੇਖਕ ਦੀ ਪ੍ਰਸੰਸਾ ਦੇ ਪਾਤਰ ਵੀ ਬਣਦੇ ਹਨ ਅਤੇ ਪੈਸੇ ਦੀ ਦੌੜ, ਮਸ਼ੀਨੀਕਰਨ ਦੇ ਸਿੱਟੇ ਵਜੋਂ ਪੈਦਾ ਹੁੰਦੇ ਉਦਰੇਵੇਂ ਇੱਕਲਤਾ ਦੇ ਅਹਿਸਾਸ ਕਾਰਨ ਤਰਸ ਦੇ ਪਾਤਰ ਵੀ। ਸਪਸ਼ਟ ਹੈ ਕਿ ਅਜਿਹੇ ਪੰਜਾਬੀਆਂ ਲਈ ਕੈਨੇਡਾ ਉਸ ਤਰ੍ਹਾਂ ਦਾ ਸੁਪਨਾ ਨਹੀਂ ਰਿਹਾ ਜਿਸ ਤਰ੍ਹਾਂ ਦਾ ਇਹ ਲੇਖਕ ਜਿਹੇ ਸੈਲਾਨੀਆਂ ਲਈ ਹੈ। ਇਹ ਪੰਜਾਬੀ ਇਸ ਸੁਪਨੇ ਦੇ ਪਿਛੇ ਲੁਕੇ ਕਰੂਰ ਸੱਚ ਨੂੰ ਹੰਢਾ ਰਹੇ ਹਨ। ਤਰਸਯੋਗ ਹਾਲਤ ਵਿਚ ਉਹ ਆਪਣੇ ਭਾਰਤੀ ਪਿਛੋਕੜ ਨਾਲ ਮੁੜ ਜੁੜਨ ਦਾ ਹੇਰਵਾ ਪਾਲਦੇ ਹਨ। ਇਸ ਤ੍ਰਾਸਦਿਕ ਵਿਅੰਗਾਤਮਿਕ ਸਥਿਤੀ ਵਿਚ ਉਹ ਭਾਰਤੀ ਪੰਜਾਬ ਨੂੰ ਸੁਪਨੇ (ਭਰਮ) ਦੀ ਤਰ੍ਹਾਂ ਮੁੜ ਉਸਾਰਨ ਦਾ ਨਿ··ਥਕ ਯਤਨ ਕਰਦੇ ਹਨ।

ਲੇਖਕ ਆਪਣੇ ਸੁਪਨੇ ਤੋਂ ਇਕ ਸੁਰੱਖਿਅਤ ਵਿੱਥ ਬਣਾਈ ਰੱਖਦਾ ਹੈ ਤਾਂ ਕਿ ਮੋਹ-ਭੰਗ ਨਾ ਹੋਵੇ ਅਤੇ ਸੁਪਨੇ ਦਾ ਰੁਮਾਂਸ ਬਰਕਰਾਰ ਰਹਿ ਸਕੇ। ਉਹ ਸੁਪਨੇ ਦੇ ਆਰ ਪਾਰ ਝਾਕਣ ਵੱਲ ਰਚਿਤ ਨਹੀਂ ਹੁੰਦਾ। ਉਹ ਕੈਨੇਡੀਅਨ ਪੰਜਾਬੀਆਂ ਦੀ ਤਰਸਮਈ ਹਾਲਤ ਦੀਆਂ ਕੁਝ ਮਿਸਾਲਾਂ ਰਾਹੀਂ ਯਥਾਰਥ ਦੀ ਝਲਕ ਦੇਣ ਦੀ ਕੋਸ਼ਿਸ਼ ਕਰਦਾ ਹੈ, ਪਰ ਇਹ ਸਭ ਕੁਝ ਦੇ ਬਾਵਜੂਦ ਉਸਦਾ ਸੁਪਨਾ ਨਹੀਂ ਟੁੱਟਦਾ ਅਤੇ ਕੈਨੇਡਾ ਅੰਤ ਤੇ ਵੀ ਉਸਦੇ ਸੁਪਨਿਆਂ ਦੀ ਧਰਤੀ ਹੀ ਰਹਿੰਦਾ ਹੈ। ਅੰਤ ਤੇ ਵਾਪਸ ਪਰਤਣ ਵੇਲੇ ਜੇ ਕੈਨੇਡਾ ਉਸਨੂੰ 'ਬਿਗਾਨੀ ਧਰਤੀ' ਜਾਪਣ ਲੱਗਦਾ ਹੈ ਤਾਂ ਅਜਿਹਾ ਸੁਪਨਾ ਟੁੱਟਣ ਕਰਕੇ ਨਹੀਂ, ਸਿਰਫ ਘਰ ਦੇ ਹੇਰਵੇ ਕਾਰਨ ਹੁੰਦਾ ਹੈ। ਇਹ ਸੁਪਨਾ ਆਪਣੇ ਆਪ ਵਿੱਚ ਇਤਨਾ ਸ਼ਕਤੀਸ਼ਾਲੀ ਨਹੀਂ। ਕੈਨੇਡਾ ਦੀ ਆਦਰਸ਼ਕਤਾ ਭਾਰਤ ਵਿਚ ਲੇਖਕ ਦੇ ਆਲ ·ਆ· ਦੀ ਜ਼ਿੰਦਗੀ ਦੀ ਕਰੂਰਤਾ ਅਤੇ ਕਰੂਪਤਾ ਦੀ ਤੁਲਨਾ ਵਿੱਚ ਹੀ ਬਲ ਪ੍ਰਾਪਤ ਕਰਦੀ ਹੈ। ਜੇਕਰ ਭਾਰਤੀ ਪੰਜਾਬ ਕਰੂਰ ਯਥਾਰਥ ਹੈ ਤਾਂ ਹੀ ਕੈਨੇਡਾ ਸੁਨਹਿਰੀ ਸੁਪਨਾ ਹੈ। ਜੇਕਰ ਤੁਸੀਂ ਭਾਰਤ (ਯਥਾਰਥ) ਨੂੰ ਛੱਡਕੇ ਪੱਕੇ ਤੌਰ ਤੇ ਕੈਨੇਡਾ ਜਾ ਟਿਕਦੇ ਹੋ ਤਾਂ ਕੈਨੇਡਾ ਸੁਨਹਿਰੀ ਸੁਪਨਾ ਨਹੀਂ ਰਹੇਗਾ, ਕਰੂਰ ਯਥਾਰਥ ਬਣ ਜਾਏਗਾ। ਪਰੰਤੂ ਲੇਖਕ ਦੀ ਰੁਚੀ ਸ਼ਾਇਦ ਅਜਿਹੇ ਨਿਰੀਖਣ ਵਿਚ ਨਹੀਂ ਹੈ। ਫਿਰ ਵੀ ਉਹ ਇਸ ਪੁਸਤਕ ਰਾਹੀਂ ਕੈਨੇਡੀਅਨ ਸਮਾਜ ਦੀਆਂ ਕੁਝ ਨਰੋਈਆਂ ਕਦਰਾਂ ਕੀਮਤਾਂ ਨੂੰ ਭਾਰਤੀ ਪੰਜਾਬੀਆਂ ਅੱਗੇ ਪ੍ਰੇਰਨਾ ਸਰੋਤ ਦੇ ਤੌਰ ਤੇ ਪੇਸ਼ ਕਰ ਸਕਿਆ ਹੈ। ਇਤਨੇ ਛੋਟੇ ਆਕਾਰ ਦੀ ਪੁਸਤਕ ਰਾਹੀਂ ਇਤਨਾ ਕੁਝ ਕਰ ਸਕਣਾ ਵੀ ਕੋਈ ਛੋਟੀ ਪ੍ਰਾਪਤੀ ਨਹੀਂ। ਇੱਕ ਚੰਗੇ ਸਫਰਨਾਮੇ ਦੀ ਤਰ੍ਹਾਂ ਇਹ ਪੁਸਤਕ ਪਾਠਕ ਨੂੰ ਤੱਥਾਂ ਰਾਹੀਂ ਸੰਤੁਸ਼ਟ ਕਰਨ ਦੀ ਥਾਂ ਸਨਸਨੀ ਖੇਜ਼ ਅਤੇ ਅਦਭੁਤ ਸੂਚਨਾ ਰਾਹੀਂ ·ਸਨੂੰ ਉਤਸੁਕ ਕਰਨ ਵੱਲ ਵਧੇਰੇ ਰੁਚਿਤ ਹੈ। ਸੁਪਨੇ ਦਾ ਸੱਚ ਤੇ ਹਾਵੀ ਹੋਣਾ ਇਸ ਨੂੰ ਰੁਮਾਂਸਵਾਦੀ ਰਚਨਾ ਬਣਾਉਂਦਾ ਹੈ। ਨਿਸ਼ਚੇ ਹੀ ਇਸ ਰਚਨਾ ਦੀ ਸਾਰਥਕਤਾ ਪ੍ਰਸਤੁਤ ਸੁਪਨੇ ਦੀ ਸਾਰਥਕਤਾ ਨਾਲ ਜੁੜੀ ਹੋਈ ਹੈ।

**—ਹਰਬੰਸ ਚਾਹਲ**

-0-

## ਲੋਕ ਸਾਹਿਤ ਦਾ ਸੋਮਾ

ਲੋਕਾਂ ਦਾ ਸਮੁੱਚਾ ਜੀਵਨ ਕੱਚੇ ਮਾਲ ਦੀ ਖਾਨ ਹੈ। ਅਜਿਹਾ ਕੱਚਾ ਮਾਲ ਜੋ ਆਪਣੇ ਸੁਭਾਵਿਕ ਰੂਪ ਵਿੱਚ ਪ੍ਰਾਪਤ ਹੈ। ਜੋ ਅਨਪੜ੍ਹ ਹੋਣ ਦੇ ਬਾਵਜੂਦ ਜੀਵੰਤ ਤੇ ਅਮੀਰ ਹੁੰਦਾ ਹੈ। ਇਹਦੇ ਨਾਲ ਤੁਲਨਾ ਕੀਤਿਆਂ ਸਮੁੱਚਾ ਕਲਾ-ਸਾਹਿਤ ਫਿੱਕਾ ਪੈ ਜਾਂਦਾ ਹੈ। ਇਹ ਹੀ ਲੋਕ ਸਾਹਿਤ ਤੇ ਲੋਕ ਕਲਾ ਦਾ ਅਨੰਤ ਸੋਮਾ ਹੋਣਾ ਚਾਹੀਦਾ ਹੈ। ਕਿਉਂਕਿ ਇਹ ਹੀ ਕੱਚਾ ਮਾਲ ਉਸ ਦਾ ਇਕੋ ਇੱਕ ਸੋਮਾ ਹੈ। ਉਹਦਾ ਹੋਰ ਕੋਈ ਸੋਮਾ ਹੈ ਹੀ ਨਹੀਂ। (ਲੂ ਸ਼ੁਨ)

## ਸਪੱਸ਼ਟੀਕਰਨ

ਚਿਰਾਗ਼ ਦੇ ਅੰਕ 16 (ਅਕਤੂਬਰ- ਦਸੰਬਰ-98) ਵਿੱਚ 'ਪੁਰਸਕਾਰਾਂ ਦੀ ਸਿਆਸਤ ਤੇ ਪੰਜਾਬੀ ਲੇਖਕ' ਅਨੁਵਾਨ ਹੇਠ ਆਪ ਜੀ ਨੇ ਹੋਰ ਕਈ ਚੱਲ ਰਹੇ ਬੰਦ ਹੋ ਚੁੱਕੇ ਸਾਹਿਤਕ ਪੁਰਸਕਾਰਾਂ ਉੱਪਰ ਟਿੱਪਣੀਆਂ ਕਰਦਿਆਂ ਮਾਨਵਵਾਦੀ ਰਚਨਾ ਮੰਚ ਪੰਜਾਬ ਵੱਲੋਂ ਹਰ ਸਾਲ ਦਿੱਤੇ ਜਾ ਰਹੇ 'ਲੋਕ-ਕਵੀ ਗੁਰਦਾਸ ਰਾਮ ਆਲਮ ਐਵਾਰਡ' ਉੱਪਰ ਵੀ ਟਿੱਪਣੀ ਕੀਤੀ ਹੈ।

ਪਹਿਲੀ ਗੱਲ ਮਾਨਵਵਾਦੀ ਰਚਨਾ ਮੰਚ ਕੋਈ ਇਕੱਲੇ ਹਰੀਜਨਾਂ ਦਾ ਮੰਚ ਨਹੀਂ ਹੈ। ਇਸ ਦੇ ਸਰਪ੍ਰਸਤ ਡਾ. ਸੁਰਿੰਦਰ 'ਅਜਨਾਤ', ਪ੍ਰਧਾਨ ਡਾ. ਸੇਵਾ ਸਿੰਘ, ਸੀਨੀ. ਮੀਤ ਪ੍ਰਧਾਨ ਡਾ. ਦਲਜੀਤ ਸਿੰਘ, ਮੀਤ ਪ੍ਰਧਾਨ ਡਾ. ਧਰਮਾਨੰਦ ਸ਼ਾਸਤਰੀ, ਪ੍ਰੈੱਸ ਸਕੱਤਰ ਸ੍ਰੀਮਤੀ ਸੋਮਾ ਸਬਲੋਕ, ਵਿਸ਼ੇਸ਼ ਇਨਵਾਈਟੀ ਡਾ. ਜਗਤਾਰ ਅਤੇ ਅੱਧੇ ਤੋਂ ਵੱਧ ਕਾਰਜਕਾਰੀ ਮੈਂਬਰ ਅਤੇ ਵਿਸ਼ੇਸ਼ ਇਨਵਾਈਟੀ ਦੂਸਰੀਆਂ ਜਾਤੀਆਂ ਵਿਚੋਂ ਹਨ, ਜਿਨ੍ਹਾਂ ਨੂੰ ਤੁਹਾਡੇ ਵਰਗੇ ਜ਼ਾਤ ਅਭਿਮਾਨੀ ਉੱਚ ਜਾਤੀਆਂ ਮੰਨਦੇ ਹਨ। ਮਾਨਵਵਾਦੀ ਰਚਨਾ ਮੰਚ ਦੱਬੇ-ਕੁਚਲੇ ਅਤੇ ਦਲਿਤ ਸਮਝੇ ਜਾਂਦੇ ਵਰਗਾਂ ਦੀ ਸੰਸਥਾ ਹੈ, ਜਿਸ ਵਿੱਚ ਸਭਨਾਂ ਜਾਤੀਆਂ ਦੇ ਅਜਿਹੇ ਲੋਕ ਆ ਜਾਂਦੇ ਹਨ, ਜਿਨ੍ਹਾਂ ਨਾਲ ਸਮਾਜ, ਸਰਕਾਰ ਅਤੇ ਸਰਮਾਏਦਾਰ, ਜਗੀਰਦਾਰ ਸਦੀਆਂ ਤੋਂ ਅਨਿਆਂ ਕਰਦੇ ਆ ਰਹੇ ਹਨ।

ਦੂਜੀ ਗੱਲ ਮਾਨਵਵਾਦੀ ਰਚਨਾ ਮੰਚ ਜਦੋਂ 'ਲੋਕ-ਕਵੀ ਗੁਰਦਾਸ ਰਾਮ ਆਲਮ ਐਵਾਰਡ' ਦੇਣ ਦਾ ਫੈਸਲਾ ਕਰਦਾ ਹੈ ਤਾਂ ਇਹ ਆਪਣੇ ਸਾਹਮਣੇ ਜ਼ਾਤਾਂ ਨੂੰ ਨਹੀਂ, ਲੋਕ-ਪੱਖੀ ਲੇਖਕਾਂ ਨੂੰ ਸਾਹਮਣੇ ਰੱਖ ਕੇ ਫੈਸਲਾ ਕਰਦਾ ਹੈ। ਹੁਣ ਤੱਕ ਮੰਚ ਵੱਲੋਂ ਸਰਵ ਸ੍ਰੀ ਬਲਵੀਰ ਮਾਧੋਪੁਰੀ, ਡਾ. ਚਰਨ ਦਾਸ ਸਿੱਧੂ, ਕਿਰਪਾਲ ਕਜ਼ਾਕ, ਪ੍ਰੇਮ ਗੋਰਖੀ, ਗੁਰਦੇਵ ਨਿਰਧਨ ਅਤੇ ਲਾਲ ਸਿੰਘ ਦਿਲ ਨੂੰ ਇਹ ਐਵਾਰਡ ਪ੍ਰਦਾਨ ਕੀਤਾ ਗਿਆ ਹੈ। ਸਿੱਧ ਹੈ ਕਿ ਇਨ੍ਹਾਂ ਵਿੱਚ ਗ਼ੈਰ-ਹਰੀਜਨ ਵੀ ਹਨ, ਪਰ ਹਨ ਲੋਕ-ਪੱਖੀ ਹੀ।

ਤੀਜੀ ਗੱਲ ਗੁਰਦਾਸ ਰਾਮ ਆਲਮ ਠੀਕ ਹੀ ਪ੍ਰਗਤੀਵਾਦੀ ਲੋਕ-ਕਵੀ ਸੀ, ਪਰ ਜ਼ਾਤੀ ਚੌਖ਼ਟੇ ਵਿਚੋਂ ਉਹ ਜ਼ਰੂਰ ਹਰੀਜਨ ਹੀ ਸੀ। ਸ਼ਾਇਦ ਇਸੇ ਕਾਰਨ ਉਸਨੂੰ ਤੁਹਾਡੇ ਵਰਗੇ ਪ੍ਰਗਤੀਵਾਦੀ ਲੇਖਕਾਂ ਅਤੇ ਪਾਰਟੀ ਵਰਕਰਾਂ ਨੇ ਸਾਰੀ ਉਮਰ 'ਹਰੀਜਨ' ਹੀ ਸਮਝ ਛੱਡਿਆ। ਪੰਜਾਬੀ ਸਾਹਿਤ ਦਾ ਇਤਿਹਾਸ ਫੋਲ ਕੇ ਜ਼ਰਾ ਦੱਸਣਾ—ਕੀ ਪ੍ਰਗਤੀ-ਕਾਵਿ ਜਾਂ ਕਿਸੇ ਹੋਰ ਕਾਵਿ-ਧਾਰਾ ਵਿੱਚ ਕਿਧਰੇ ਉਸ ਦਾ ਨਾਮ ਵੀ ਦਰਜ ਹੈ। ਚਾਰ ਪੁਸਤਕਾਂ ਦਾ ਕਵੀ, ਸਟੇਜ ਦਾ ਧਨੀ, ਕਮਿਊਨਿਸਟ ਪਾਰਟੀ ਦਾ ਸਰਗਰਮ ਮੈਂਬਰ, ਕਿਰਤੀ, ਕਿਸਾਨਾਂ, ਮਜ਼ਦੂਰਾਂ, (ਹਰੀਜਨਾਂ) ਗੱਲ ਕੀ ਸਮੂਹ ਦੱਬੇ-ਕੁਚਲੇ ਵਰਗਾਂ ਦੀ ਗੱਲ ਕਰਨ ਵਾਲਾ ਵਿਵਹਾਰਕ ਵਿਅਕਤੀ, ਸੰਘਰਸ਼ਸ਼ੀਲ ਮਨੁੱਖ, ਧਾਰਮਿਕ ਮੂਲਵਾਦ ਦਾ ਕੱਟੜ ਵਿਰੋਧੀ, ਤਰਕਸ਼ੀਲ ਅਤੇ ਇੱਕ ਤਰ੍ਹਾਂ ਜੁਝਾਰਵਾਦੀ ਕਾਵਿ ਦਾ (ਮੋਢੀ) ਕਵੀ ਬੇਨਾਮ ਕਿਉਂ ਰਹਿ ਗਿਆ? ਉਸ ਨੇ ਜੀਊਂਦਿਆਂ ਜਾਂ ਮਰਨ ਉਪਰੰਤ ਕੀ ਕਦੇ ਕਿਸੇ ਸੰਸਥਾ ਵੱਲੋਂ ਉਸ ਦਾ ਸਨਮਾਨ ਕੀਤਾ ਗਿਆ ਜਾਂ ਉਸ ਦੇ ਨਾਮ ਤੇ ਕੋਈ ਸਨਮਾਨ ਜਾਰੀ ਕੀਤਾ ਗਿਆ ਜਾਂ ਕਿਸੇ ਵੀ ਸਮਾਗਮ ਵਿੱਚ ਉਸ ਨੂੰ ਕਦੇ ਯਾਦ ਕੀਤਾ ਗਿਆ? ਫਿਰ ਜੇ ਮਾਨਵਵਾਦੀ ਰਚਨਾ ਮੰਚ ਨੇ ਉਸ ਦੇ ਨਾਮ ਤੇ ਐਵਾਰਡ ਜਾਰੀ ਕੀਤਾ ਹੈ ਅਤੇ ਉਸ ਦੀਆਂ ਦੁਰਲੱਭ ਪੁਸਤਕਾਂ ਨੂੰ 'ਆਲਮ-ਕਾਵਿ' ਦੇ ਰੂਪ ਵਿੱਚ ਪ੍ਰਕਾਸ਼ਤ ਕੀਤਾ ਹੈ, ਤਾਂ ਅਜਿਹੀਆਂ ਜ਼ਾਤ-ਵਾਦੀ ਟਿੱਪਣੀਆਂ ਕਿਉਂ?

ਚੌਥਾ ਤੁਹਾਡਾ ਇਹ ਟਿੱਪਣੀਕਰਨ ਦਾ ਮੰਤਵ ਹੈ ਕਿ ਇਹ ਐਵਾਰਡ ਪ੍ਰੇਮ ਗੋਰਖੀ ਨੂੰ ਇਸ ਕਰਕੇ ਦਿੱਤਾ ਗਿਆ, ਕਿਉਂਕਿ ਆਲਮ ਵਾਂਗ ਉਹ ਵੀ ਹਰੀਜਨ ਹੈ, ਉਂਜ ਉਹ ਕੋਈ ਸਾਹਿਤਕਾਰ ਨਹੀਂ ਹੈ। ਇਸ ਭਾਵਨਾ ਪਿੱਛੇ ਫਿਰ ਉਹੀ ਭਾਵਨਾ ਕੰਮ ਕਰਦੀ ਹੈ, ਜੋ ਗੁਰਦਾਸ ਰਾਮ ਆਲਮ ਨੂੰ ਸਮਝਣ ਵਿੱਚ ਸੀ ਅਤੇ ਜੋ ਲਾਲ ਸਿੰਘ ਦਿਲ ਜਾਂ ਹੋਰ ਹਰੀਜਨ ਲੇਖਕਾਂ ਨੂੰ ਸਮਝਣ ਵਿੱਚ ਹੈ। ਕੀ ਕੋਈ ਬੁੱਧੀਵਾਦੀ, ਤਰਕਸ਼ੀਲ ਅਤੇ ਨਵ-ਮਾਨਵਵਾਦੀ ਪ੍ਰਗਤੀਵਾਦੀ ਲੇਖਕ ਨਹੀਂ ਹੋ ਸਕਦਾ? ਕੀ ਕੋਈ ਕਮਿਊਨਿਸਟ ਜਾਂ ਜੱਟ ਹੀ ਪ੍ਰਗਤੀਵਾਦੀ ਹੋ ਸਕਦਾ ਹੈ? ਸਾਰੇ ਸਾਹਿਤਕ ਹਲਕਿਆਂ ਵਿੱਚ ਪ੍ਰੇਮ ਗੋਰਖੀ ਇੱਕ ਅਗਾਂਹਵਧੂ ਤੇ ਦੱਬੇ-ਕੁਚਲੇ ਲੋਕਾਂ ਦਾ ਸਥਾਪਤ ਕਹਾਣੀਕਾਰ ਹੈ, ਜਿਸ ਨੇ ਗੁਰਦਾਸ ਰਾਮ ਆਲਮ ਦੀ ਵਿਚਾਰਧਾਰਾ ਨੂੰ ਅਗਾਂਹ ਤੋਰਿਆ ਹੈ।



ਮੇਰੀ ਆਪ ਜੀ ਨੂੰ ਇਹ ਬੇਨਤੀ ਹੈ ਕਿ ਤੰਗ-ਦ੍ਰਿਸ਼ਟੀ ਤੋਂ ਉੱਪਰ ਉੱਠ ਕੇ ਹਨ੍ਹੇਰੇ ਵਿਚੋਂ ਬਾਹਰ ਆਓ ਅਤੇ ਇਹੋ ਜਿਹੀਆਂ ਬੇ-ਤੁੱਕੀਆਂ ਤੇ ਆਧਾਰ ਰਹਿਤ ਟਿੱਪਣੀਆਂ ਤੋਂ ਗੁਰੇਜ਼ ਕਰੋ. ਹਰੀਜਨਵਾਦ/ਜੱਟਵਾਦ ਦੇ ਪੱਠੇ ਪਾਉਣ ਦੀ ਕੀ ਲੋੜ ਹੈ? —**ਕੇਵਲ ਸਿੰਘ ਪ੍ਰਵਾਨਾ (ਕਪੂਰਥਲਾ)**

* ਜਦੋਂ ਸੁਣਨ ਵਾਲੇ ਬਹੁਤ ਸਨ, ਉਦੋਂ ਕਰਨ ਨੂੰ ਕੋਈ ਗੱਲ ਨਹੀਂ ਸੀ ਹੁੰਦੀ। ਕੇਹੀ ਵਿਡੰਬਨਾ ਹੈ? ਹੁਣ ਕਰਨ ਨੂੰ ਬਹੁਤ ਗੱਲਾਂ ਹਨ, ਸੁਣਨ ਨੂੰ ਕੋਈ ਨਹੀਂ। ਏਥੇ ਸਿਰਫ਼ ਭੀੜ ਹੈ। ਲੱਖ ਕੋਸ਼ਿਸ਼ਾਂ ਕਰਕੇ ਵੀ ਕੋਈ ਤੇਜਿੰਦਰ ਵਿਰਲੀ ਨਹੀਂ ਮਿਲਦਾ। ਕੋਈ ਮੰਡ, ਕੋਈ ਗੋਰਖੀ, ਕੋਈ ਹੁੰਦਲ ਨਹੀਂ। ਸਿਰਫ਼ ਭੀੜ ਹੈ। ਹਰ ਕੋਈ ਆਪਣੇ ਆਪ ਵਿੱਚ ਹਰਫ਼ਨ ਮੌਲਾ ਬਣਿਆ ਬੈਠਾ ਹੈ। ਹਰ ਸ਼ਖ਼ਸ਼ ਮੂੰਹ ਤੇ ਹਸਦਾ ਪਿੱਠ ਪਿੱਛੇ ਘੂਰੀ ਵਟਦਾ ਹੈ। "ਮੇਰੇ ਕੋਲ ਟਾਈਮ ਨਹੀਂ ਹੈ" ਨਾ ਮਿਲਣ ਦਾ ਇਕੋ ਇੱਕ ਬਹਾਨਾ ਹੈ। ਜਿਸ ਨਾਲ ਮੈਂ ਬਹੁਤਾ ਸਹਿਮਤ ਨਹੀਂ। ਹਰ ਆਦਮੀ ਕੋਲ ਵਕਤ ਹੈ। ਪਰ ਕੋਈ ਵੀ ਮਿਲ ਬੈਠਣਾ ਨਹੀਂ ਚਾਹੁੰਦਾ। ਬਰਦਾਸ਼ਤ ਸ਼ਕਤੀ ਦੀ ਘਾਟ ਦੀ ਬਿਮਾਰੀ ਦਾ ਹਰ ਆਦਮੀ ਸ਼ਿਕਾਰ ਹੈ। ਆਪਣੇ ਖਿਲਾਫ਼ ਮਜ਼ਾਕ ਵਿੱਚ ਵੀ ਇੱਕ ਲਫ਼ਜ਼ ਸੁਣਨ ਲਈ ਤਿਆਰ ਨਹੀਂ। ਗੰਭੀਰਤਾ ਤਾਂ ਬਹੁਤ ਦੂਰ ਦੀ ਗੱਲ ਹੈ। ਏਥੇ ਹਰ ਆਦਮੀ ਧਾਰਮਿਕ ਹੈ। ਹਰ ਘਰ ਨਿਤਨੇਮ 'ਰੀਲਾਂ' ਵਿੱਚ ਵੱਜਦਾ ਹੈ। ਹਰ ਕੋਈ ਗੁਰਦੁਆਰੇ ਜਾ ਕੇ ਆਪਣੀ ਧਾਰਮਿਕਤਾ ਦਾ ਸਬੂਤ ਦਿੰਦਾ ਹੈ। ਪਰ ਜਪੁਜੀ ਉਦਾਸ ਹੈ। ਗੁਰਦੁਆਰਿਆਂ ਵਿੱਚ ਅਸ਼ਾਂਤੀ ਹੈ। ਹਰ ਆਦਮੀ ਆਖਦਾ ਹੈ ਦਿਲ ਦੀ ਗੱਲ ਨਾ ਕਰੋ। ਜਦੋਂ ਕੋਈ ਤੁਹਾਡੇ ਨਾਲ ਗੱਲ ਕਰਦਾ ਹੈ, ਬੜਾ ਬਨਾਵਟੀ ਤੇ ਓਪਰਾ ਲੱਗਦਾ ਹੈ। ਕਿਉਂਕਿ ਤੁਸੀਂ ਜਾਣਦੇ ਹੋ ਇਹ ਬੰਦਾ ਦਿਲੋਂ ਗੱਲ ਨਹੀਂ ਕਰ ਰਿਹਾ। ਲੋਕਾਂ ਨੂੰ ਆਪਣੀ ਫ਼ਿਕਰ ਬਹੁਤ ਘੱਟ ਹੈ। ਦੂਸਰਿਆਂ ਤੇ ਨਿਗਰਾਨੀ ਰੱਖ ਰਹੇ ਨੇ। ਹਰ ਕੋਈ ਆਪਣੇ-ਆਪਣੇ ਚਕਰਵਿਊ ਵਿੱਚ ਜਕੜਿਆ ਹੋਇਆ ਹੈ। ਸਾਂਝ, ਜਜ਼ਬਾਤ, ਮੋਹ ਜਿਹੇ ਸੰਕਲਪ ਏਥੇ ਜ਼ੋਰ ਪਾ ਕੇ ਯਾਦ ਕੀਤਿਆਂ ਹੀ ਯਾਦ ਆਉਂਦੇ ਨੇ, ਪਰ ਅਧੂਰੀਆਂ ਸ਼ਕਲਾਂ ਵਿੱਚ ਹੀ। ਅਨਪੜ੍ਹ ਲੋਕਾਂ ਨੂੰ ਮਿਲੀਆਂ ਸਹੂਲਤਾਂ ਬਸ ਜੱਟ ਪਿਆਸੇ ਠੂਠਾ ਲੱਭਿਆ ਹੈ, ਹਰ ਕੋਈ ਆਫ਼ਰਿਆ ਆਫ਼ਰਿਆ ਫਿਰ ਰਿਹਾ ਹੈ। ਖੈਰ ਮੈਂ ਵੀ ਕਿੰਨੀ ਗੱਲੀਂ ਪੈ ਗਿਆ।

**ਸੁਰਿੰਦਰ ਸੋਹਲ. (ਯੂ, ਐਸ. ਏ.)**

* ਚਿਰਾਗ਼ ਵਿੱਚ ਐਤਕੀਂ ਤੇਰੀਆਂ ਸੰਪਾਦਕੀਆਂ ਤਰਕ ਵਾਲੀਆਂ ਹਨ।

**ਕੇ.ਐਲ. ਗਰਗ, ਮੋਗਾ।**

* ਇਸ ਵਾਰ ਦੇ ਸੰਪਾਦਕੀ ਬਹੁਤ ਖੜਕਵੇਂ ਹਨ। ਵਧੀਆਂ ਰਹੇ। **ਲਾਲ ਸਿੰਘ-ਦਸੂਹਾ।**

* ਅਕਤੂਬਰ-ਦਸੰਬਰ, 1998 ਅੰਕ ਬੜਾ ਸਲਾਹੁਣਯੋਗ ਹੈ। ਭਗਵਾਨ ਢਿੱਲੋਂ ਦੀ ਨਜ਼ਮ ਤੇ ਖ਼ਤ ਤੋਂ ਪੰਜਾਬੀ ਕਾਵਿ-ਖੇਤਰ ਦੇ ਕਾਗਜ਼ੀ ਭਲਵਾਨਾਂ ਉਰਫ਼ ਉੱਤਰ-ਆਧੁਨਿਕਤਾਵਾਦੀਆਂ ਨੂੰ ਥੋੜ੍ਹੀਂ ਬਹੁਤ ਹੋਸ਼ ਜ਼ਰੂਰ ਆਈ ਹੋਵੇਗੀ। ਅਬਦੁੱਲ ਬਿਸਮਿੱਲਾ ਸਾਹਿਬ ਦੀ ਕਹਾਣੀ 'ਅਤਿਥੀ ਦੇਵੋ ਭਵ' ਕੱਟੜ ਧਰਮੀਆਂ ਦੀ ਨੈਤਿਕਤਾ, ਸ਼ਿਸ਼ਟਾਚਾਰ ਤੇ ਓਪਰੀ ਇਨਸਾਨੀਅਤ ਉਪਰੋਂ ਸਾਰੇ ਪਰਦੇ ਲਾਹ ਸੁੱਟਦੀ ਹੈ। ਡਾ. ਕਰਮਜੀਤ ਸਿੰਘ ਹੁਣਾਂ ਨੇ ਲਗਨ ਤੇ ਮਿਹਨਤ ਨਾਲ ਕਹਾਣੀ ਨੂੰ ਪੰਜਾਬੀ 'ਚ ਅਨੁਵਾਦ ਕੀਤਾ। ਮਹਿਮਾ ਸਿੰਘ ਕਹਾਣੀ 'ਯੋਧੇ' ਰਾਹੀਂ ਥੋੜ੍ਹੇ ਸ਼ਬਦਾਂ 'ਚ ਬਹੁਤ ਕੁਝ ਕਹਿ ਗਿਐ। ਕਹਾਣੀ ਦੇ ਨਾਇਕ ਹਰਦੇਵ ਦੇ ਸ਼ਬਦ "ਭਲਾ ਜੇ ਸਮਾਜਵਾਦ ਦੇ ਪੱਖ ਵਿੱਚ ਤੇਜ਼ੀ ਨਾਲ ਤਬਦੀਲੀਆਂ ਵਾਪਸ ਜਾਣ ਤਾਂ ਕੀ ਉਸੇ ਤੇਜ਼ੀ ਨਾਲ ਸਮਾਜ ਵਿੱਚ ਇੱਕ ਲੋੜੀਂਦਾ ਸੰਤੁਲਨ ਕਾਇਮ ਹੋ ਸਕੇਗਾ?" ਕਾਫ਼ੀ ਕੁਝ ਅਗਾਊਂ ਸੋਚਣ ਵਾਸਤੇ ਪ੍ਰੇਰਿਤ ਕਰਦੇ ਹਨ। ਮੈਨੂੰ ਮਹਿਮਾ ਸਿੰਘ ਦੀ ਇਹ ਕਹਾਣੀ ਬਹੁਤ ਚੰਗੀ ਲੱਗੀ। - **(ਨੂਰ ਸੰਤੋਖਪੁਰੀ, ਮੁਹੱਲਾ ਸੰਤੋਖਪੁਰਾ, ਜਲੰਧਰ)।**

* ਦਸੰਬਰ ਚਿਰਾਗ ਵਿੱਚ ਅਫ਼ਜ਼ਲ ਤੌਸੀਫ਼ ਦਾ ਲੇਖ 'ਇੱਕੀਵੀਂ ਸਦੀ ਦਾ ਪੰਜਾਬ', ਤਿੰਨੇ ਸੰਪਾਦਕੀਆਂ ਤੇ 'ਮਾਰਕਸਵਾਦ ਦੀ ਪ੍ਰਸੰਗਤਾ ਤੇ ਸਾਰਥਕਤਾ' ਮੈਨੂੰ ਸਭ ਤੋਂ ਵਧੀਆ ਲੱਗੇ ਹਨ। ਅਜਿਹੀਆਂ ਰਚਨਾਵਾਂ ਕਰਕੇ ਹੀ ਇਹ ਪਰਚਾ ਹੋਰ ਪਰਚਿਆਂ ਨਾਲੋਂ ਵੱਖਰਾ ਤੇ ਵਿਲੱਖਣ ਬਣਦਾ ਹੈ। ਵਿਸ਼ਾਲ ਦੀਆਂ ਕਵਿਤਾਵਾਂ ਵਿੱਚ ਲੋਕ-ਰੰਗ ਸਮੇਟਿਆ ਹੋਣ ਕਰਕੇ ਚੰਗੀਆਂ ਲੱਗੀਆਂ ਹਨ। ਗ਼ਜ਼ਲਾਂ ਸਾਰੀਆਂ ਸ਼ਲਾਘਾਯੋਗ ਹਨ। —**ਕਸ਼ਮੀਰ ਨੀਰ (ਯੂ.ਪੀ.)**

* ਪੰਜਾਬੀ ਭਾਸ਼ਾ ਵਿੱਚ ਛਪਦੇ ਦੋ ਪ੍ਰਮੁੱਖ ਅਤੇ ਪ੍ਰਗਤੀਸ਼ੀਲ ਹਲਕਿਆਂ ਵਿੱਚ ਪੜ੍ਹੇ ਜਾਣ ਵਾਲੇ

ਤਿਮਾਹੀ ਪਰਚੇ 'ਸਿਰਜਣਾ' ਅਤੇ 'ਚਿਰਾਗ' ਅੱਜ ਪੰਜਾਬ ਸਰਕਾਰ ਵੱਲੋਂ ਪਹਿਲੀ ਜਮਾਤ ਤੋਂ ਸਰਕਾਰੀ ਸਕੂਲਾਂ ਵਿੱਚ ਅੰਗਰੇਜ਼ੀ ਪੜ੍ਹਾਉਣਾ ਲਾਜ਼ਮੀ ਕਰਨ ਦੇ ਮੁੱਦੇ ਉੱਤੇ ਆਹਮਣੇ-ਸਾਹਮਣੇ ਖੜੇ ਨਜ਼ਰ ਆਉਂਦੇ ਹਨ। ਚੰਗੀ ਗੱਲ ਹੈ ਕਿ ਦੋਵਾਂ ਨੇ ਹੀ ਬਾ-ਦਲੀਲ ਢੰਗ ਨਾਲ ਸੰਵਾਦ ਰਚਾਉਣ ਦੀ ਗੁੰਜਾਇਸ਼ ਰੱਖੀ ਹੋਈ ਹੈ। ਅੰਗਰੇਜ਼ੀ ਪੜ੍ਹਾਉਣ ਦੇ ਮਾਮਲੇ ਤੇ ਡਾ. ਰਘਵੀਰ ਸਿੰਘ ਸਿਰਜਣਾ ਨੂੰ ਪਹਿਲੀ ਜਮਾਤ ਤੋਂ ਸਿਰਫ ਮਾਤ-ਭਾਸ਼ਾ ਪੜ੍ਹਾਉਣ ਦੇ ਹੱਕ ਵਿੱਚ ਖੜ੍ਹੇ ਸਾਹਿਤਕਾਰਾਂ, ਬੁੱਧੀਜੀਵੀਆਂ ਦੀ ਬਹੁ-ਗਿਣਤੀ ਸਾਹਮਣੇ ਹੋਰ ਵੀ ਤੱਥਾਂ ਸਾਹਿਤ ਵੇਰਵੇ ਰੱਖਣੇ ਚਾਹੀਦੇ ਹਨ। ਕਿਉਂਕਿ ਆਮ ਪੰਜਾਬੀ ਪਿਆਰਿਆਂ ਨੂੰ ਵੀ ਸਿਰਜਣਾ 108 ਅਤੇ 109 ਦੇ ਅੰਕ ਵਿੱਚ ਰੱਖੇ ਵਿਚਾਰ ਆਪਣੇ ਪੱਖ ਵਿੱਚ ਕਾਇਲ ਨਹੀਂ ਕਰ ਸਕੇ। ਇਹ ਡਾ. ਸਾਹਿਬ ਜੀ ਦੀ ਵੱਡੀ ਜ਼ੁੰਮੇਵਾਰੀ ਹੈ। ਕਿਉਂਕਿ ਉਹਨਾਂ ਨੂੰ ਇਸ ਵਿਸ਼ੇ ਉੱਪਰ ਲੰਮੇ ਸਮੇਂ ਦਾ ਅਨੁਭਵ ਅਤੇ ਮਹਾਰਤ ਹਾਸਲ ਹੈ। ਕਿਉਂਕਿ ਸੁਆਲ ਅੰਗਰੇਜ਼ੀ ਭਾਸ਼ਾ ਦੇ ਵਿਰੋਧ ਦਾ ਨਹੀਂ, ਸੁਆਲ ਤਾਂ ਅੰਗਰੇਜ਼ੀ ਨੂੰ ਪਹਿਲੀ ਜਮਾਤ ਤੋਂ ਲਾਜ਼ਮੀ ਕਰਨ ਦਾ ਹੈ। ਦੂਜੇ ਪਾਸੇ 'ਚਿਰਾਗ' ਦੇ ਸੰਪਾਦਕੀ ਮੰਡਲ ਨੂੰ ਵੀ ਫੱਤਵੇਬਾਜ਼ੀ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਸਾਡਾ ਇਹ ਦੁਖਾਂਤ ਹੈ ਕਿ ਪੰਜਾਬੀ ਵਿੱਚ ਛਪਦੇ ਮਿਆਰੀ ਪਰਚੇ ਅਤੇ ਪੰਜਾਬ ਹਿਤੈਸ਼ੀ-ਸ਼ਕਤੀਆਂ, ਸੰਸਥਾਵਾਂ ਆਮ ਜਨਤਾ ਨੂੰ ਆਪਣੇ ਵੱਲ ਖਿੱਚਣ ਜਾਂ ਪ੍ਰਭਾਵਿਤ ਕਰ ਸਕਣ ਤੋਂ ਅਸਮਰਥ ਸਾਬਤ ਹੋ ਰਹੀਆਂ ਹਨ। ਇੱਕ ਅੰਗੂਠਾ ਛਾਪ ਜਥੇਦਾਰ ਦਾ ਬਿਆਨ ਹੀ ਸਾਡੀ ਫ਼ਿਲਾਸਫ਼ੀ ਦੇ ਪੈਰ ਉਖੇੜ ਕੇ ਰੱਖ ਜਾਂਦਾ ਹੈ ਅਤੇ ਅਸੀਂ ਆਪਸ ਵਿੱਚ ਹੀ ਇੱਕ ਦੂਜੇ ਦੇ ਪੋਤੜੇ ਫਰੋਲਣ ਬੈਠ ਜਾਂਦੇ ਹਾਂ। ਇਸ ਵਰ੍ਹੇ ਅਸੀਂ ਖ਼ਾਲਸੇ ਦਾ 300 ਸਾਲਾ ਇਤਿਹਾਸਕ ਜਨਮ ਦਿਵਸ ਮਨਾਉਣ ਜਾ ਰਹੇ ਹਾਂ, ਜਿਸ ਮੌਕੇ ਅਕਾਲੀ ਲੀਡਰ ਤਾਂ ਬੁਰੀ ਤਰ੍ਹਾਂ ਫੁੱਟ ਦਾ ਸ਼ਿਕਾਰ ਹੁੰਦੇ ਹੋਏ ਵੀ ਆਪਣੀ ਆਦਤ-ਮੁਤਾਬਕ ਧਰਮ ਦੇ ਬੁਰਕੇ ਥੱਲੇ ਆਪਣੀਆਂ ਪਿਛਾਖੜੀ ਤੇ ਸੌੜੀਆਂ ਨੀਤੀਆਂ ਉੱਪਰ ਪਰਦਾ ਪਾ ਕੇ ਸੁਰਖਰੂ ਹੋ ਜਾਣਗੇ, ਕਿਉਂਕਿ ਇਨ੍ਹਾਂ ਲੀਡਰਾਂ ਨੂੰ ਧਰਮ ਰਾਜਨੀਤਿਕ ਸ਼ਕਤੀ ਹਥਿਆਉਣ ਲਈ ਹਥਿਆਰ ਵਜੋਂ ਕੰਮ ਦਿੰਦਾ ਹੈ ਤੇ ਇਸੇ ਮਕਸਦ ਵਾਸਤੇ ਧਰਮ ਤੇ ਰਾਜਨੀਤੀ ਇੱਕ ਰੱਖਣਾ ਇਹਨਾਂ ਦੀ ਮਜ਼ਬੂਰੀ ਹੈ ਤੇ ਕੀ ਅਸੀਂ ਵੀ ਅਜਿਹੀ ਸਥਿਤੀ ਵਿੱਚ ਹੀ ਇੱਕੀਵੀਂ ਸਦੀ ਵਿੱਚ ਪ੍ਰਵੇਸ਼ ਕਰਾਂਗੇ?

ਵਿਗਿਆਨ ਅਨੁਸਾਰ ਸੱਚ ਸਮੇਂ ਦਾ ਹੁੰਦਾ ਹੈ ਸਦੀਵੀ ਨਹੀਂ। ਜੇ ਸੋਵੀਅਤ ਯੂਨੀਅਨ 70 ਸਾਲ ਰਾਜ ਕਰਕੇ ਦੁਨੀਆਂ ਦੇ ਰਾਜਸੀ ਮੰਚ ਤੋਂ ਦਰ-ਪਰਦਾ ਹੋ ਗਿਆ ਹੈ ਤਾਂ ਅੱਜ ਫੇਰ ਉਥੋਂ ਦੇ ਲੋਕ ਲਾਲ ਝੰਡੇ ਵੱਲ ਆਹੁਲ ਰਹੇ ਹਨ। ਇਵੇਂ ਹੀ 'ਸਿਧਾਂਤ ਬਿਨਾਂ ਅਮਲ ਅੰਨ੍ਹਾਂ ਹੁੰਦਾ ਹੈ।' ਦਾ ਕਥਨ ਠੀਕ ਹੈ। ਇਕੋ ਮਸਲੇ ਤੇ ਦੋ ਰਾਵਾਂ ਹੋਣੀਆਂ ਕੁਦਰਤੀ ਹਨ। ਸਾਨੂੰ 'ਸਿਰਜਣਾ' ਤੋਂ ਸੇਧ ਅਤੇ 'ਚਿਰਾਗ' ਤੋਂ ਚਾਨਣ ਦੀ ਆਸ ਹੈ, ਕਿਉਂਕਿ ਪੰਜਾਬ ਵਿੱਚ ਤਾਂ ਸਾਡੇ ਕੋਲ ਗਵਾਉਣ ਲਈ ਹੋਰ ਹੈ ਹੀ ਨਹੀਂ। ਸੌ ਫੁੱਲ ਖਿੜਨ ਦਿਉ। **—ਬਹਾਦਰ ਸਾਥੀ, ਸਮਾਧ ਭਾਈ (ਮੋਗਾ)**

-0-

**ਗ਼ਜ਼ਲ/ਭਜਨ ਆਦੀ-**

ਨ੍ਹੇਰਿਆਂ ਦੇ ਤੋੜ ਕੇ ਸਿਰ ਹੁਣ ਰਹੇਗੀ ਰੌਸ਼ਨੀ।
ਦੁਸ਼ਮਣਾਂ ਦੇ ਹੁਣ ਤਸੀਹੇ ਨਾ ਸਹੇਗੀ ਰੌਸ਼ਨੀ।

ਢਾਲ ਕੇ ਚਰਬੀ ਜਿਗਰ ਦੀ ਦੀਵਿਆਂ ਵਿੱਚ ਪਾ ਰਿਹਾ,
ਦੂਰ ਕਿੰਨਾ ਚਿਰ ਮਿਰੇ ਘਰ ਤੋਂ ਰਹੇਗੀ ਰੌਸ਼ਨੀ।

ਕੁੱਲੀਆਂ ਦੀ ਸਾਰ ਵੀ ਆ ਕੇ ਉਹਨੂੰ ਲੈਣੀ ਪਊ,
ਕੈਦ ਮਹਿਲਾਂ ਵਿੱਚ ਨਾ ਹੋ ਕੇ ਰਹੇਗੀ ਰੌਸ਼ਨੀ।

ਮੰਜ਼ਿਲਾਂ ਨੂੰ ਪਾਣ ਖ਼ਾਤਿਰ ਜੋ ਘਰਾਂ ਤੋਂ ਤੁਰ ਪਏ,
ਪੈਰ ਥਾਂ-ਥਾਂ ਸਭ ਦੇ ਚੁੰਮਦੀ ਰਹੇਗੀ ਰੌਸ਼ਨੀ।

ਝੱਖੜਾਂ ਦੇ ਵਿੱਚ ਉਸ ਕੀਕਣ ਬਚਾਈ ਜਾਨ ਹੈ,
ਆਪਣੇ ਮੂੰਹੋਂ ਕਥਾ 'ਆਦੀ' ਕਹੇਗੀ ਰੌਸ਼ਨੀ।

**ਸ਼ਾਹ ਕੋਟ (ਜਲੰਧਰ)**



ਵਿਸ਼ਵ ਕਵਿਤਾ :

**ਮੈਨੂੰ ਉਡੀਕੀਂ**/ਕਨਸਤੈਨਤਿਨ ਸਿਮੋਨੋਵ (ਰੂਸੀ ਕਵੀ)

ਮੈਨੂੰ ਉਡੀਕੀਂ ਤੇ ਮੈਂ ਪਰਤ ਆਵਾਂਗਾ
ਉਡੀਕੀਂ, ਮੈਂ ਜ਼ਰੂਰ ਆਵਾਂਗਾ

ਪਤਝੜ ਦੀਆਂ ਪੀਲੀਆਂ ਬਾਰਸ਼ਾਂ ਤੇ ਅਕੇਵੇਂ
ਵਿਚ ਵੀ ਉਡੀਕੀਂ ।

ਆਪਣੇ ਦਿਲ ਨੂੰ ਅਸਪਾਤੀ ਬਣਾ ਲੈ ਤੇ
ਦੁੱਖੀ ਨਾ ਹੋਵੀਂ ।

ਸਿਆਲ ਦੇ ਧੁੰਧਲਕੇ ਵਿਚ ਵੀ ਉਡੀਕੀਂ
ਹਨੇਰੀ ਤੇ ਝੁੱਲਦੇ ਝੱਖੜ ਵਿਚ ਉਡੀਕੀਂ ।
ਗਰਮੀਆਂ ਦੀ ਮੱਚਦੀ ਅੱਗ ਵਿਚ ਉਡੀਕੀਂ
ਉਡੀਕੀਂ, ਜਦੋਂ ਹੋਰ ਉਡੀਕਣੋਂ ਹਟ ਜਾਣ

ਸਦੀਵੀ ਆਸ ਨਾਲ ਉਡੀਕੀਂ
ਮੈਨੂੰ ਉਡੀਕੀਂ, ਮੈਂ ਪਰਤ ਆਵਾਂਗਾ
ਪਿਆਰੀ, ਸਬਰ ਕਰਨਾ ਸਿੱਖ ਲੈ
ਉਹਨਾਂ ਲਾਗੇ ਨਾ ਖੜੀਂ, ਜਿਹੜੇ ਕਹਿੰਦੇ ਨੇ
'ਮੈਂ ਪਰਤਣਾ ਨਹੀਂ' ।
ਮੇਰੇ ਪੁਤਰ ਤੇ ਮਾਂ ਨੂੰ ਦੁੱਖ ਦੇ ਹੰਝੂ ਕੇਰਨ ਦੇ
ਮਿੱਤਰਾਂ ਨੂੰ ਇਹ ਕਹਿਣ ਦੇ ਕਿ ਹੁਣ ਉਡੀਕਣ
ਦਾ ਸਮਾਂ ਨਹੀਂ ਰਿਹਾ ।
ਉਹਨਾਂ ਦੇ ਹਮਦਰਦੀ-ਭਰੇ ਸ਼ਬਦਾਂ ਨੂੰ ਨਾ ਸੁਣੀਂ
ਜੇ ਉਹ ਮੇਰੀ ਯਾਦ ਵਿਚ ਪੀਣ
ਤਾਂ ਉਹਨਾਂ ਨਾਲ ਸ਼ਾਮਲ ਨਾਂ ਹੋਵੀਂ ।
ਮੈਨੂੰ ਉਡੀਕੀਂ
ਜਿਹੜੇ ਨਹੀਂ ਉਡੀਕਣਾ ਚਾਹੁੰਦੇ
ਓਹਨਾਂ ਨੂੰ ਮਰਜ਼ੀ ਕਰਨ ਦੇ ।
ਇਕ ਵਾਰ ਮੈਂ ਵਾਪਸ ਆ ਗਿਆ
ਤਾਂ ਉਹਨਾਂ ਨੂੰ ਕਹਿਣ ਦੇਵੀਂ ਕਿ ਇਹ ਤਾਂ ਕਿਸਮਤ
ਦਾ ਚੱਕਰ ਸੀ ।

ਤੂੰ ਤੇ ਮੈਂ ਹੀ ਜਾਣਾਂਗੇ ਕਿ ਮੈਂ ਸੁਰੱਖਿਅਤ ਵਾਪਸ
ਪਰਤ ਆਇਆਂ ।

ਮਾਰੂ ਲਾਟਾਂ ਚੋਂ ਹਰ ਤਰਾਂ ਦੀ ਮੌਤ ਨੂੰ ਘਿਰਣਾ
ਕਰਦਾ ਹੋਇਆ ।
ਸਿਰਫ ਇਸੇ ਕਾਰਣ ਕਿ ਤੂੰ ਦ੍ਰਿੜਤਾ ਤੇ ਜ਼ਿੱਦ ਨਾਲ
ਉਡੀਕਣਾ ਸਿੱਖ ਲਿਆ ਸੀ,
ਤੇ ਮੇਰੀ ਪਿਆਰੀ,
ਧਰਤੀ ਤੇ ਤੇਰੇ ਵਾਂਗ ਹੋਰ ਕਿਸੇ ਨੇ ਵੀ ਮੈਨੂੰ ਨਹੀਂ ਸੀ ਉਡੀਕਿਆ

(ਅਨੁਵਾਦ ਹ.ਸ. ਹ.)

Registered with the Registrar of News-Papers of India
No—PUN-PUN O 2776/AL/TC/94.

ਉਤਰੀ ਭਾਰਤ ਵਿਚ ਕੌਸਮੈਟਿਕ ਸਰਜਰੀ ਦਾ ਪਹਿਲਾ ਕੇਂਦਰ

8 ਸਾਲ ਮਿਲਾਪ ਰੋਡ ਵਿਖੇ ਕੰਮ ਕਰਨ ਤੋਂ ਬਾਦ ਹੁਣ ਨਵੀ ਬਿਲਡਿੰਗ ਵਿਚ ਚਲਾ ਗਿਆ ਹੈ

## ਪਲਾਸਟਿਕ ਅਤੇ ਕੌਸਮੈਟਿਕ ਸਰਜਰੀ ਦਾ ਕੇਂਦਰ

**ਭੁਪਿੰਦਰ ਨਰਸਿੰਗ ਹੋਮ**
261, ਮੋਤਾ ਸਿੰਘ ਨਗਰ, ਮੇਨ ਰੋਡ, ਨੇੜੇ ਬੱਸ ਅੱਡਾ
ਜਲੰਧਰ ਫੋਨ : 0181-224228, 223376

**BHUPINDER NURSING HOME**
261, Mota Singh Nagar, Main Road.
Near Bus Stand, Jalandhar City.
Ph. : 0181-224228, 223376

ਡਾ: ਬੀ. ਪੀ. ਸਿੰਘ (ਐਮ ਐਸ)
ਪਲਾਸਟਿਕ ਅਤੇ ਕੌਸਮੈਟਿਕ ਸਰਜਨ

For Details Contact :
**DR. B.P. SINGH (M.S.)**
PLASTIC & COSMETIC SURGEON

**ਕੋਸਮੈਟਿਕ ਸਰਜਰੀ ਅਤੇ ਪਲਾਸਟਿਕ ਸਰਜਰੀ ਦੇ ਅੱਜ ਤੱਕ ਕੀਤੇ ਹੋਏ ਅਪਰੇਸ਼ਨ ਇਸ ਤਰਾਂ ਹਨ**

● ਲਾਈਪੋਸਕਸ਼ਨ ● ਲਾਈਪੋਇੰਜੈਕਸ਼ਨ ● ਨੱਕ ਦੀ ਕੌਸਮੈਟਿਕ ਸਰਜਰੀ ● ਮੂੰਹ ਦੀਆ ਝੁਰੜੀਆਂ ਖਤਮ ਕਰਨਾ
● ਮੱਥੇ ਦੀਆ ਝੁਰੜੀਆਂ ਖਤਮ ਕਰਨਾ ● ਬਲੇਫਰੋਪਲਾਸਟੀ ● ਰੁਕਿਆ ਹੋਇਆ ਚਿੱਟਾ ਦਾਗ (ਫੁਲਵਿਹਰੀ)
● ਰੀਕੰਸਟਰਕਟਿਵ ਸਰਜਰੀ ● ਗੰਜੇਪਨ ਤੇ ਵਾਲ ਪੁਨਰ ਸਥਾਪਿਤ ਕਰਨਾ ● ਸਿਮੋਪਲਾਸਟੀ
● ਗੁਪਤ ਅੰਗ ਦੇ ਨੁਕਸ ਠੀਕ ਕਰਨਾ ● ਐਕਸੀਡੈਂਟ ਨਾਲ ਹੋਏ ਅੰਗਾਂ ਦੇ ਵਿਕਾਰ ਨੂੰ ਠੀਕ ਕਰਨਾ ● ਜਲੇ ਦਾ ਇਲਾਜ
● ਨਿਸ਼ਾਨ ਜਲੇ ਦਾ, ਸੱਟ ਦਾ, ਅਪਰੇਸ਼ਨ ਦਾ। ● ਠੋਡੀ, ਗੱਲ੍ਹ, ਕੰਨ, ਪਲਕਾਂ, ਭਰਵੱਟੇ, ਬੁੱਲ੍ਹ, ਨੱਕ ਦੇ ਵਿਕਾਰ ਠੀਕ ਕਰਨਾ

**VARIOUS COSMETICS SURGERY & PLASTIC SURGERY OPERATION DONE SO FAR ARE :**

LIPOSUCTION * LIPOINJECTIONS * ACCIDENTAL INJURIES CARE
RHINOPLASTIES * FACE LIFT * BROW LIFT * BLEPHEROPLASTIES * STAITIONERY WHITE PATCH
* RECONSTRUCTIVE SURGERY * IN BORN DEFECTS & DEFORMITIES
* HAIR TRANSPLATATION * DEFECTS & DEFORMITIES OF ACCIDENTS
* BURNS * TREATMENT OF SCARS
* CHIN, CHEAK, EAR, EYE BROWS, EYE LIDS, LIPS CORRECTION

ਪ੍ਰਿੰਟਰ, ਮਾਲਕ ਤੇ ਪਬਲਿਸ਼ਰ ਡਾ. ਅਨੂਪ ਸਿੰਘ ਨੇ ਵਾਈਟ ਕ੍ਰੌਸ ਪ੍ਰਿੰਟਰਜ਼, ਜਲੰਧਰ ਤੋਂ ਛਪਵਾ ਕੇ 219, ਭਾਈ ਦਿੱਤ ਸਿੰਘ ਨਗਰ ਜਲੰਧਰ ਤੋਂ ਪ੍ਰਕਾਸ਼ਤ ਕੀਤਾ। ਫੋਨ : 226877